@Qpatrika
@qaumipatrika punjabi
instagram.com/ qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪੱਤ੍ਰਿਕਾ
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Sunday, 7 April 2024
Punjabi National Daily
Qaumi Patrika NO.1
ਨਵੀਂ ਦਿੱਲੀ: ਐਤਵਾਰ 7 ਅਪ੍ਰੈਲ 2024, 24 ਚੇਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
VISIT: www.qaumipatrika.org
Email: qpatrika@gmail.com
R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 137, qpatrika@gmail.com ਫੋਨ : 9971359517 www.qaumipatrika.org

## ਭਾਜਪਾ ਸੰਸਦ ਮੈਂਬਰ ਰਾਣਾ ਨੂੰ ਰਾਹਤ, ਜਾਤੀ ਸਰਟੀਫਿਕੇਟ ਰੱਦ ਕਰਨ ਦਾ ਹੁਕਮ ਖਾਰਿਜ

ਨਵੀਂ ਦਿੱਲੀ, 6 ਅਪ੍ਰੈਲ। ਸੁਪਰੀਮ ਕੋਰਟ ਨੇ ਅਮਰਾਵਤੀ ਦੀ ਮੌਜੂਦਾ ਸੰਸਦ ਮੈਂਬਰ ਨਵਨੀਤ ਕੌਰ ਰਾਣਾ ਨੂੰ ਵੱਡੀ ਰਾਹਤ ਦਿੰਦਿਆਂ ਹੋਇਆਂ ਉਨ੍ਹਾਂ ਦਾ ਅਨੁਸੂਚਿਤ ਜਾਤੀ ਸਰਟੀਫਿਕੇਟ ਬਹਾਲ ਕਰ ਦਿੱਤਾ ਹੈ, ਜਿਸ ਨਾਲ ਉਨ੍ਹਾਂ ਲਈ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਟਿਕਟ 'ਤੇ ਦਲਿਤਾਂ ਲਈ ਰਾਖਵੀਂ ਮਹਾਰਾਸ਼ਟਰ ਸੀਟ ਤੋਂ ਚੋਣ ਲੜਨ ਦਾ ਰਸਤਾ ਸਾਫ ਹੋ ਗਿਆ ਹੈ। ਸੁਪਰੀਮ ਕੋਰਟ ਨੇ ਬੰਬੇ ਹਾਈ ਕੋਰਟ ਦੇ 2021 ਦੇ ਫੈਸਲੇ ਨੂੰ ਖਾਰਿਜ ਕਰਦੇ ਹੋਏ ਰਾਣਾ ਦਾ ਜਾਤੀ ਸਰਟੀਫਿਕੇਟ ਬਹਾਲ ਕੀਤਾ।



ਅਦਾਲਤ ਦਾ ਇਹ ਫੈਸਲਾ ਅਮਰਾਵਤੀ ਲੋਕ ਸਭਾ ਸੀਟ ਲਈ ਨਾਮਜਦਗੀਆਂ ਭਰਨ ਦੇ ਆਖਰੀ ਦਿਨ ਆਇਆ ਹੈ। ਭਾਜਪਾ ਨੇ ਰਾਣਾ ਨੂੰ ਅਮਰਾਵਤੀ ਤੋਂ ਆਪਣਾ ਉਮੀਦਵਾਰ ਬਣਾਇਆ ਹੈ। ਹਾਈ ਕੋਰਟ ਨੇ 8 ਜੂਨ, 2021 ਨੂੰ ਕਿਹਾ ਸੀ ਕਿ ਰਾਣਾ ਨੇ ਧੋਖੇ ਨਾਲ ਜਾਅਲੀ ਦਸਤਾਵੇਜਾਂ ਰਾਹੀਂ 'ਮੋਚੀ' ਜਾਤੀ ਸਰਟੀਫਿਕੇਟ ਹਾਸਲ ਕੀਤਾ ਸੀ। ਰਾਣਾ ਨੇ 2019 ਵਿਚ ਆਜਾਦ ਉਮੀਦਵਾਰ ਵਜੋਂ ਅਮਰਾਵਤੀ ਸੰਸਦੀ ਸੀਟ ਜਿੱਤੀ ਸੀ। ਉਹ ਹਾਲ ਹੀ ਵਿਚ ਭਾਜਪਾ ਵਿਚ ਸਾਮਲ ਹੋਈ ਹੈ ਅਤੇ ਉਸੇ ਹਲਕੇ ਤੋਂ ਟਿਕਟ ਮਿਲਣ ਤੋਂ ਬਾਅਦ ਚੋਣ ਲੜਨ ਦੀ ਤਿਆਰੀ ਕਰ ਰਹੀ ਹੈ।

## ਤਾਮਿਲਨਾਡੂ ਨੇੜੇ ਸਮੁੰਦਰ 'ਚੋਂ 3.43 ਕਰੋੜ ਰੁਪਏ ਦਾ ਸੋਨਾ ਬਰਾਮਦ

ਰਾਮਨਾਥਪੁਰਮ (ਤਾਮਿਲਨਾਡੂ), 6 ਅਪ੍ਰੈਲ। ਕੋਸਟ ਗਾਰਡ ਤੇ ਕਸਟਮ ਵਿਭਾਗ ਦੇ ਸਾਂਝੇ ਆਪ੍ਰੇਸਨ 'ਚ ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ (ਡੀ. ਆਰ. ਆਈ.) ਨੇ ਸ੍ਰੀਲੰਕਾ ਤੋਂ ਸਮੱਗਲ ਕਰ ਕੇ ਸਮੁੰਦਰ 'ਚ ਸੁੱਟਿਆ ਗਿਆ 3.43 ਕਰੋੜ ਰੁਪਏ ਦਾ ਸੋਨਾ ਬਰਾਮਦ ਕੀਤਾ ਹੈ। ਸਨੀਵਾਰ ਇਕ ਅਧਿਕਾਰਤ ਬਿਆਨ 'ਚ ਕਿਹਾ ਗਿਆ ਕਿ ਏਜੰਸੀ ਨੇ ਸਮੁੰਦਰ 'ਚੋਂ ਕੁੱਲ 4.9 ਕਿਲੋ ਸੋਨਾ ਬਰਾਮਦ ਕੀਤਾ ਹੈ। ਡੀ. ਆਰ. ਆਈ. ਅਤੇ ਕੋਸਟ ਗਾਰਡ ਦੇ ਅਧਿਕਾਰੀਆਂ ਨੇ ਇਹ ਕਾਰਵਾਈ ਇਕ ਖੁਫੀਆ ਸੂਚਨਾ ਮਿਲਣ ਤੋਂ ਬਾਅਦ ਕੀਤੀ ਕਿ ਸ੍ਰੀਲੰਕਾ ਤੋਂ ਮੱਛੀਆਂ ਫੜਨ ਵਾਲੀਆਂ ਕਿਸਤੀਆਂ ਰਾਹੀਂ ਸੋਨੇ ਦੀ ਸਮੱਗਲਿੰਗ ਕੀਤੀ ਜਾ ਰਹੀ ਹੈ। ਇਸ 'ਚ ਕਿਹਾ ਗਿਆ ਕਿ 4 ਅਪ੍ਰੈਲ ਨੂੰ ਅਧਿਕਾਰੀਆਂ ਨੇ ਸਮੁੰਦਰ 'ਚ ਇਕ ਸੱਕੀ ਕਿਸਤੀ ਦੀ ਪਛਾਣ ਕੀਤੀ ਤੇ ਉਸ ਦਾ ਪਿੱਛਾ ਕਰ ਕੇ ਉਸ ਨੂੰ ਰੋਕਿਆ। ਕਿਸਤੀ 'ਚ ਸਵਾਰ ਲੋਕਾਂ 'ਚੋਂ ਇਕ ਨੇ ਇਕ ਬਾਕਸ ਸਮੁੰਦਰ ਵਿਚ ਸੁੱਟ ਦਿੱਤਾ। ਉਕਤ ਕਿਸਤੀ 'ਚ ਤਿੰਨ ਵਿਅਕਤੀ ਸਵਾਰ ਸਨ। ਪੁੱਛਗਿੱਛ ਦੌਰਾਨ ਉਨ੍ਹਾਂ ਮੰਨਿਆ ਕਿ ਸਮੁੰਦਰ 'ਚ ਸੁੱਟੇ ਗਏ ਬਕਸੇ 'ਚ ਸ੍ਰੀਲੰਕਾ ਤੋਂ ਸਮਗਲ ਕੀਤਾ ਗਿਆ ਸੋਨਾ ਸੀ।

## ਔਰਤਾਂ ਨੂੰ ਨਿਰਵਸਤਰ ਕਰਕੇ ਪਿੰਡ 'ਚ ਘੁਮਾਉਣਾ ਇਹੋ ਜਿਹਾ ਬਦਲਾਅ ਨਹੀਂ ਸੀ ਚਾਹੁੰਦੇ ਪੰਜਾਬ ਵਾਸੀ: ਸੁਖਜਿੰਦਰ ਰੰਧਾਵਾ

ਪਠਾਨਕੋਟ 6 ਅਪ੍ਰੈਲ। ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਜਨਰਲ ਸਕੱਤਰ ਇੰਚਾਰਜ ਰਾਜਸਥਾਨ ਕਾਂਗਰਸ ਤੇ ਵਿਧਾਇਕ ਡੇਰਾ ਬਾਬਾ ਨਾਨਕ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਨੇ ਤਰਨਤਾਰਨ ਜ਼ਿਲ੍ਹੇ ਦੇ ਕਸਬਾ ਵਲਟੋਹਾ 'ਚ ਇਕ ਔਰਤ ਨਿਰਵਸਤਰ ਕਰਕੇ ਬਾਜਾਰਾਂ ਵਿਚ ਘੁਮਾਉਣ 'ਤੇ ਸਖਤ ਨਖੇਧੀ ਕੀਤੀ ਹੈ। ਰੰਧਾਵਾ ਨੇ ਮੁੱਖ ਮੰਤਰੀ ਪੰਜਾਬ ਨੂੰ ਸਵਾਲ ਕਰਦੇ ਹੋਏ ਕਿਹਾ ਕਿ ਪੰਜਾਬ ਵਾਸੀ ਇਹੋ ਜਿਹਾ ਬਦਲਾਅ ਨਹੀਂ ਸੀ ਚਾਹੁੰਦੇ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਏ ਦਿਨ ਕਤਲੋ ਗਾਰਤ ਅਤੇ ਅਗਵਾ ਕਰਕੇ ਵਪਾਰੀਆਂ ਤੋਂ ਲੱਖਾਂ ਰੁਪਏ ਦੀਆਂ ਫਿਰੌਤੀਆਂ ਲੈਣ ਦੇ ਮਾਮਲੇ ਸਾਹਮਣੇ ਆ ਰਹੇ ਹਨ। ਰੰਧਾਵਾ ਨੇ ਕਿਹਾ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਦਾ ਸਰੇਆਮ ਜਨਾਜਾ ਨਿਕਲ ਚੁੱਕਾ ਹੈ ਤੇ ਪੰਜਾਬ ਦੇ ਲੋਕ ਖਾਸ ਕਰਕੇ ਵਪਾਰੀ ਵਰਗ ਦਹਿਸਤ ਦੇ ਮਾਹੌਲ ਵਿਚ ਜੀਅ ਰਿਹਾ ਹੈ ਤੇ ਆਪਣੇ ਆਪ ਨੂੰ ਅਸੁਰੱਖਿਆ ਮਹਿਸੂਸ ਕਰ ਰਿਹਾ ਹੈ। ਉਹਨਾਂ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਨੂੰ ਕਿਹਾ ਕਿ ਸਮਾਂ ਰਹਿੰਦਿਆਂ ਇਨ੍ਹਾਂ ਸਮਾਜ ਵਿਰੋਧੀ ਅਨਸਰਾਂ ਤੇ ਸਖਤੀ ਨਾਲ ਨੱਥ ਪਾਈ ਜਾਵੇ ਜੇਕਰ ਅਜਿਹਾ ਨਾ ਕੀਤਾ ਤਾਂ ਪੰਜਾਬ ਦੇ ਹਾਲਾਤ ਇਹ ਸਮਾਜ ਵਿਰੋਧੀ ਅਨਸਰ ਵਿਦੇਸੀ ਤਾਕਤਾਂ ਦੇ ਇਸਾਰੇ 'ਤੇ ਇਕ ਵਾਰ ਫਿਰ ਖਰਾਬ ਕਰਕੇ ਪੰਜਾਬ ਨੂੰ ਅੱਗ ਦੀ ਭੱਠੀ ਵਿਚ ਝੋਂਕ ਸਕਦੇ ਹਨ। ਸੁਖਜਿੰਦਰ ਸਿੰਘ ਰੰਧਾਵਾ ਨੇ ਖੇਮਕਰਨ ਵਿਚ ਨਿਰਵਸਤਰ ਕੀਤੀ ਗਈ ਔਰਤ ਦੇ ਦੋਸੀਆਂ ਨੂੰ ਸਖਤ ਤੋਂ ਸਖਤ ਸਜਾ ਦਿੱਤੀ ਜਾਵੇ ਤਾਂ ਕਿ ਭਵਿੱਖ ਵਿਚ ਕੋਈ ਵੀ ਵਿਅਕਤੀ ਇਹੋ ਜਿਹੀ ਸਰਮਨਾਕ ਹਰਕਤ ਨਾ ਕਰ ਸਕੇ ਤੇ ਪੰਜਾਬ ਦੇ ਲੋਕ ਅਮਨ ਅਮਾਨ ਨਾਲ ਆਪਣੀ ਜ਼ਿੰਦਗੀ ਬਤੀਤ ਕਰ ਸਕਣ।

# ਆਤਿਸ਼ੀ ਦਾ ਦੋਸ਼; ਚੋਣ ਕਮਿਸ਼ਨ ਭਾਜਪਾ ਦੇ ਇਸ਼ਾਰੇ 'ਤੇ ਕਰ ਰਿਹਾ ਕੰਮ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 6 ਅਪ੍ਰੈਲ। ਚੋਣ ਕਮਿਸ਼ਨ ਦਾ ਨੋਟਿਸ ਮਿਲਣ ਦੇ ਇਕ ਦਿਨ ਬਾਅਦ ਦਿੱਲੀ ਦੀ ਮੰਤਰੀ ਆਤਿਸ਼ੀ ਨੇ ਸ਼ਨੀਵਾਰ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ) ਨੂੰ ਕਿਹਾ ਕਿ ਉਹ ਇਸ ਗੱਲ ਦਾ ਖੁਲਾਸਾ ਕਰੇ ਕਿ ਉਸ ਨੇ ਮਨੀ ਲਾਂਡਰਿੰਗ ਦੇ ਮਾਮਲਿਆਂ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਨੇਤਾਵਾਂ ਖ਼ਿਲਾਫ ਕੀ ਕਾਰਵਾਈ ਕੀਤੀ ਹੈ। ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਨੇਤਾ ਨੇ ਇੱਥੇ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਚੋਣ ਕਮਿਸ਼ਨ 'ਤੇ ਭਾਜਪਾ ਦੇ ਇਸ਼ਾਰੇ 'ਤੇ ਕੰਮ ਕਰਨ ਦਾ ਦੋਸ਼ ਲਗਾਇਆ। ਆਤਿਸ਼ੀ ਨੇ ਦਾਅਵਾ ਕੀਤਾ ਸੀ ਕਿ ਭਾਜਪਾ ਨੇ ਉਸ ਨੂੰ ਪਾਰਟੀ 'ਚ ਸ਼ਾਮਲ ਹੋਣ ਅਤੇ ਇਕ ਮਹੀਨੇ ਅੰਦਰ ਈ.ਡੀ. ਵਲੋਂ ਗ੍ਰਿਫਤਾਰ ਕੀਤੇ ਜਾਣ ਲਈ ਤਿਆਰ ਰਹਿਣ ਲਈ ਕਿਹਾ ਹੈ, ਇਸ ਤੋਂ ਬਾਅਦ ਕਮਿਸ਼ਨ ਨੇ ਆਤਿਸ਼ੀ ਨੂੰ ਨੋਟਿਸ ਜਾਰੀ ਕੀਤਾ। ਮੰਤਰੀ ਨੇ ਕਿਹਾ,"ਸਿਰਫ ਸ਼ੱਕ ਦੇ ਆਧਾਰ 'ਤੇ ਈ.ਡੀ. ਨੇ 'ਆਪ' ਨੇਤਾ ਸੰਜੇ ਸਿੰਘ, ਮਨੀਸ਼ ਸਿਸੋਦੀਆ ਅਤੇ ਇੱਥੇ ਤੱਕ ਕਿ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਗ੍ਰਿਫਤਾਰ ਕੀਤਾ। ਇਨ੍ਹਾਂ ਖ਼ਿਲਾਫ ਪੈਸਿਆਂ ਦੇ ਲੈਣ-ਦੇਣ ਦਾ ਕੋਈ ਸਬੂਤ ਨਹੀਂ ਮਿਲਿਆ।" ਉਨ੍ਹਾਂ ਕਿਹਾ,"ਈ.ਡੀ. ਨੇ ਭਾਜਪਾ ਨੇਤਾਵਾਂ ਖ਼ਿਲਾਫ ਕੀ ਕਾਰਵਾਈ ਕੀਤੀ ਹੈ, ਜਿੱਥੇ ਜਾਂਚ ਏਜੰਸੀ ਪੈਸਿਆਂ ਦੇ ਲੈਣ-ਦੇਣ ਨੂੰ ਸਾਬਿਤ ਕਰਨ 'ਚ ਸਮਰੱਥ ਹੈ।" 'ਆਪ' ਨੇ ਪਿਛਲੇ ਮਹੀਨੇ ਈ.ਡੀ. ਨੂੰ ਕਿਹਾ ਸੀ ਕਿ ਉਹ ਭਾਜਪਾ ਖ਼ਿਲਾਫ ਮਾਮਲਾ ਦਰਜ ਕਰੇ। ਪਾਰਟੀ ਨੇ ਦੋਸ਼ ਲਗਾਇਆ ਸੀ ਕਿ ਆਬਕਾਰੀ ਨੀਤੀ ਘਪਲੇ ਦੇ ਇਕ ਦੋਸ਼ੀ ਤੋਂ ਭਾਜਪਾ ਨੂੰ ਚੋਣ ਬਾਂਡ ਦੇ ਮਾਧਿਅਮ ਨਾਲ ਕਰੋੜਾਂ ਰੁਪਏ ਮਿਲੇ ਹਨ।" ਆਤਿਸ਼ੀ ਨੇ ਵਿਰੋਧੀ ਧਿਰ ਨੂੰ ਨਿਸ਼ਾਨਾ ਬਣਾਉਣ ਲਈ ਹੋਰ ਕੇਂਦਰੀ ਏਜੰਸੀਆਂ ਦੀ ਤਰ੍ਹਾਂ ਚੋਣ ਕਮਿਸ਼ਨ ਦਾ ਇਸਤੇਮਾਲ ਕਰਨ ਦਾ ਭਾਜਪਾ 'ਤੇ ਦੋਸ਼ ਲਗਾਇਆ।



## ਅੱਤਵਾਦੀਆਂ ਨੂੰ ਪਾਕਿਸਤਾਨ 'ਚ ਦਾਖਲ ਹੋ ਕੇ ਮਾਰਾਂਗੇ : ਰਾਜਨਾਥ ਸਿੰਘ

ਨਵੀਂ ਦਿੱਲੀ, 6 ਅਪ੍ਰੈਲ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸੁੱਕਰਵਾਰ ਨੂੰ ਕਿਹਾ ਕਿ ਜੇਕਰ ਅੱਤਵਾਦੀ ਭਾਰਤ 'ਚ ਸਾਂਤੀ ਭੰਗ ਕਰਨ ਦੀ ਕੋਸ਼ਿਸ ਕਰਦੇ ਹਨ ਜਾਂ ਅੱਤਵਾਦੀ ਗਤੀਵਿਧੀਆਂ ਨੂੰ ਅੰਜਾਮ ਦਿੰਦੇ ਹਨ ਤਾਂ ਉਨ੍ਹਾਂ ਨੂੰ ਮੂੰਹਤੋੜ ਜਵਾਬ ਦਿੱਤਾ ਜਾਵੇਗਾ ਅਤੇ ਜੇਕਰ ਉਹ ਪਾਕਿਸਤਾਨ ਭੱਜ ਜਾਂਦੇ ਹਨ ਤਾਂ ਭਾਰਤ ਅੱਤਵਾਦੀਆਂ ਨੂੰ ਪਾਕਿਸਤਾਨ 'ਚ ਦਾਖਲ ਹੋ ਕੇ ਮਾਰੇਗਾ। ਰਾਜਨਾਥ ਸਿੰਘ ਬ੍ਰਿਟਿਸ ਅਖਬਾਰ 'ਦਿ ਗਾਰਜੀਅਨ' 'ਚ ਛਪੀ ਇਕ ਖਬਰ ਨੂੰ ਲੈ ਕੇ ਪੁੱਛੇ ਗਏ ਸਵਾਲ ਦਾ ਜਵਾਬ ਦੇ ਰਹੇ ਸਨ, ਜਿਸ 'ਚ ਦਾਅਵਾ ਕੀਤਾ ਗਿਆ ਹੈ ਕਿ ਭਾਰਤੀ ਖੁਫੀਆ ਏਜੰਸੀਆਂ ਨੇ ਰਾਸਟਰੀ ਸੁਰੱਖਿਆ ਤਹਿਤ 2019 ਤੋਂ ਬਾਅਦ ਪਾਕਿਸਤਾਨ 'ਚ ਅੱਤਵਾਦੀਆਂ ਨੂੰ ਮਾਰਿਆ ਹੈ। ਰਾਜਨਾਥ ਨੇ ਕਿਹਾ, 'ਕੋਈ ਵੀ ਅੱਤਵਾਦੀ ਭਾਰਤ ਦੀ ਸਾਂਤੀ ਨੂੰ ਭੰਗ ਕਰਨ ਦੀ ਕੋਸ਼ਿਸ ਕਰੇਗਾ ਅਸੀਂ ਇਸ ਦਾ ਮੂੰਹਤੋੜ ਜਵਾਬ ਦੇਵਾਂਗੇ।' ਉਨ੍ਹਾਂ ਕਿਹਾ ਕਿ ਜੇਕਰ ਉਹ ਪਾਕਿਸਤਾਨ ਭੱਜ ਜਾਵੇਗਾ ਤਾਂ ਅਸੀਂ ਪਾਕਿਸਤਾਨ ਵਿਚ ਦਾਖਲ ਹੋ ਕੇ ਉਸ ਨੂੰ ਮਾਰਾਂਗੇ । ਉਨ੍ਹਾਂ ਕਿਹਾ ਕਿ ਭਾਰਤ ਕੋਲ ਸਰਹੱਦ ਪਾਰ ਅੱਤਵਾਦ ਵਿਰੁੱਧ ਸਖਤ ਕਾਰਵਾਈ ਕਰਨ ਦੀ ਤਾਕਤ ਹੈ ਅਤੇ ਪਾਕਿਸਤਾਨ ਨੇ ਇਸ ਨੂੰ ਮਹਿਸੂਸ ਕਰਨਾ ਸੁਰੂ ਕਰ ਦਿੱਤਾ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਤਾਜਾ ਟਿੱਪਣੀਆਂ ਦਾ ਸਮਰਥਨ ਕੀਤਾ ਕਿ ਭਾਰਤ ਮੂਕ ਦਰਸਕ ਨਹੀਂ ਬਣੇਗਾ। ਰੱਖਿਆ ਮੰਤਰੀ ਨੇ ਇਹ ਵੀ ਕਿਹਾ ਕਿ ਭਾਰਤ ਹਮੇਸਾ ਆਪਣੇ ਗੁਆਂਢੀਆਂ ਨਾਲ ਚੰਗੇ ਸਬੰਧ ਬਣਾਏ ਰੱਖਣਾ ਚਾਹੁੰਦਾ ਹੈ।

# ਹੁਣ ਸਵਦੇਸੀ ਥੈਰੇਪੀ ਨਾਲ ਹੋਵੇਗਾ ਕੈਂਸਰ ਦਾ ਇਲਾਜ, 10 ਗੁਣਾ ਘੱਟ ਹੋਵੇਗਾ ਖਰਚ

**ਏਜੰਸੀਆਂ**

ਮੁੰਬਈ 6 ਅਪ੍ਰੈਲ। ਰਾਸਟਰਪਤੀ ਦ੍ਰੋਪਦੀ ਮੁਰਮੂ ਨੇ ਕੈਂਸਰ ਦੇ ਮਰੀਜਾਂ ਦੇ ਇਲਾਜ ਲਈ ਸਵਦੇਸੀ ਵਿਕਸਿਤ 'ਸੀ. ਏ. ਆਰ. ਟੀ-ਸੈੱਲ' ਥੈਰੇਪੀ ਦੀ ਵੀਰਵਾਰ ਨੂੰ ਸੁਰੂਆਤ ਕੀਤੀ। ਇਹ ਸਮਾਗਮ ਪਵਈ 'ਚ ਸਥਿਤ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ (ਆਈ. ਆਈ. ਟੀ.) ਬੰਬਈ 'ਚ ਆਯੋਜਿਤ ਕੀਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਆਈ. ਆਈ. ਟੀ. ਬੰਬਈ ਅਤੇ ਟਾਟਾ ਮੈਮੋਰੀਅਲ ਸੈਂਟਰ ਵੱਲੋਂ ਵਿਕਸਿਤ ਇਹ ਜੀਨ ਆਧਾਰਿਤ ਥੈਰੇਪੀ ਵੱਖ-ਵੱਖ ਤਰ੍ਹਾਂ ਦੇ ਬਲੱਡ ਕੈਂਸਰ ਸਮੇਤ ਕੈਂਸਰ ਦੇ ਇਲਾਜ 'ਚ ਮਦਦ ਕਰੇਗੀ। ਉਨ੍ਹਾਂ ਕਿਹਾ ਕਿ ਨੈਕਸ ਸੀ. ਏ. ਆਰ. 19 ਟੀ-ਸੈੱਲ ਥੈਰੇਪੀ ਭਾਰਤ ਦੀ ਪਹਿਲੀ 'ਮੇਡ ਇਨ ਇੰਡੀਆ' ਸੀ. ਏ. ਆਰ. ਟੀ-ਸੈੱਲ ਥੈਰੇਪੀ ਹੈ ਜੋ ਇਲਾਜ ਦੀ ਲਾਗਤ ਨੂੰ ਘਟਾਉਣ 'ਚ ਮਦਦਗਾਰ ਸਾਬਿਤ ਹੋਵੇਗੀ। ਕੈਂਸਰ ਦੇ ਇਲਾਜ ਦਾ ਇਕ ਸਵਦੇਸੀ ਤਰੀਕਾ ਖੋਜਿਆ ਗਿਆ ਹੈ, ਜਿਸ ਨੂੰ ਦੁਨੀਆ ਦਾ ਸਭ ਤੋਂ ਸਸਤਾ ਦੱਸਿਆ ਗਿਆ ਹੈ। ਹੁਣ ਤੱਕ, ਟੀ-ਸੈੱਲ ਥੈਰੇਪੀ ਨਾਲ ਕੈਂਸਰ ਦੇ ਇਲਾਜ ਨੂੰ ਆਸਾਨ ਅਤੇ ਕਿਫਾਇਤੀ ਬਣਾਇਆ ਗਿਆ ਹੈ। ਪਰ ਭਾਰਤ ਵਿੱਚ ਤਿਆਰ ਕੀਤੀ ਗਈ ਥੈਰੇਪੀ ਦਾ ਨਾਮ ਹੈ - 19 ਟੀ-ਸੈੱਲ ਥੈਰੇਪੀ। ਆਈਆਈਟੀ ਬੰਬੇ ਅਤੇ ਟਾਟਾ ਮੈਮੋਰੀਅਲ ਸੈਂਟਰ ਨੇ ਸਾਂਝੇ ਤੌਰ 'ਤੇ ਇਸ ਜੀਨ ਆਧਾਰਿਤ ਇਲਾਜ ਨੂੰ ਵਿਕਸਿਤ ਕੀਤਾ ਹੈ। ਆਈਆਈਟੀ ਬੰਬੇ ਦੇ ਡਾਇਰੈਕਟਰ, ਪ੍ਰੋਫੈਸਰ ਸੁਭਾਸੀਸ ਚੌਧਰੀ ਨੇ ਦੱਸਿਆ ਕਿ ਵਿਦੇਸਾਂ ਵਿੱਚ ਇਸ ਇਲਾਜ ਦੀ ਲਾਗਤ ਲਗਭਗ 4 ਕਰੋੜ ਰੁਪਏ ਹੈ, ਜਦੋਂ ਕਿ ਭਾਰਤ ਵਿੱਚ ਇਸਦੀ ਲਾਗਤ 30 ਲੱਖ ਰੁਪਏ ਹੋਵੇਗੀ। ਰਾਸਟਰਪਤੀ ਦ੍ਰੋਪਦੀ ਮੁਰਮੂ ਨੇ ਵੀਰਵਾਰ ਨੂੰ ਇਸ ਦੀ ਸੁਰੂਆਤ ਕੀਤੀ। ਇਹ ਸਮਾਗਮ ਆਈਆਈਟੀ ਬੰਬੇ ਵਿੱਚ ਹੋਇਆ। ਰਾਸਟਰਪਤੀ ਨੇ ਕਿਹਾ, ਭਾਰਤ ਦੀ ਪਹਿਲੀ ਜੀਨ ਥੈਰੇਪੀ ਦੀ ਸੁਰੂਆਤ ਕੈਂਸਰ ਦੇ ਵਿਰੁੱਧ ਇੱਕ ਵੱਡੀ ਉਪਲਬਧੀ ਹੈ। ਮੇਕ ਇਨ ਇੰਡੀਆ ਦੀ ਪਹਿਲ 'ਤੇ ਬਣੀ ਇਸ ਥੈਰੇਪੀ ਬਾਰੇ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਦੁਨੀਆ ਦੀ ਸਭ ਤੋਂ ਸਸਤੀ ਥੈਰੇਪੀ ਹੈ। ਟੀ-ਸੈੱਲ ਇਮਿਊਨੋਥੈਰੇਪੀ ਅਤੇ ਜੀਨ ਥੈਰੇਪੀ ਦਾ ਇੱਕ ਰੂਪ ਹੈ। ਇਸ ਵਿੱਚ ਵੱਖ-ਵੱਖ ਤਰੀਕਿਆਂ ਨਾਲ ਚਿੱਟੇ ਰਕਤਾਣੂਆਂ ਅਤੇ ਟੀ ਸੈੱਲਾਂ ਨੂੰ ਹਟਾ ਕੇ ਸਰੀਰ ਵਿੱਚ ਦੁਬਾਰਾ ਦਾਖਲ ਕੀਤਾ ਜਾਂਦਾ ਹੈ। ਟੀ-ਸੈੱਲਾਂ ਨੂੰ ਕੈਂਸਰ ਨਾਲ ਲੜਨ ਲਈ ਪ੍ਰੋਗਰਾਮ ਕੀਤਾ ਜਾਂਦਾ ਹੈ। ਇਸ ਨੂੰ ਸਮਝੋ ਜਿਵੇਂ ਫੌਜ ਨੂੰ ਜੰਗ ਵਿੱਚ ਜਾਣ ਤੋਂ ਪਹਿਲਾਂ ਸਿਖਲਾਈ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਇਸ ਥੈਰੇਪੀ ਵਿੱਚ ਸਰੀਰ ਦੇ ਸੈੱਲਾਂ ਨੂੰ ਸਕਤੀਸਾਲੀ ਬਣਾਇਆ ਜਾਂਦਾ ਹੈ। ਟਾਟਾ ਮੈਮੋਰੀਅਲ ਸੈਂਟਰ ਦੇ ਡਾਇਰੈਕਟਰ ਸੁਦੀਪ ਗੁਪਤਾ ਨੇ ਕਿਹਾ ਕਿ ਸੀਏਆਰ ਟੀ-ਸੈੱਲ ਥੈਰੇਪੀ ਬਹੁਤ ਮਹਿੰਗਾ ਇਲਾਜ ਹੈ ਜੋ ਜ਼ਿਆਦਾਤਰ ਲੋਕਾਂ ਦੀ ਪਹੁੰਚ ਤੋਂ ਬਾਹਰ ਹੈ। 19 ਦੀ ਕੀਮਤ ਭਾਰਤ ਤੋਂ ਬਾਹਰ ਉਪਲਬਧ ਇਲਾਜਾਂ ਦੀ ਲਾਗਤ ਨਾਲੋਂ ਲਗਭਗ 10 ਗੁਣਾ ਘੱਟ ਹੈ।




## ਡੀਐਮਕੇ ਨੇਤਾ ਆਰ ਅਵੂਦੈਯੱਪਨ ਦੇ ਘਰ ਆਮਦਨ ਕਰ ਅਧਿਕਾਰੀਆਂ ਨੇ ਮਾਰਿਆ ਛਾਪਾ

ਨੈਸ਼ਨਲ ਡੈਸਕ 6 ਅਪ੍ਰੈਲ। ਆਮਦਨ ਕਰ ਵਿਭਾਗ ਦੇ ਅਧਿਕਾਰੀਆਂ ਦੀ ਟੀਮ ਨੇ ਡੀਐਮਕੇ ਦੇ ਸੀਨੀਅਰ ਨੇਤਾ ਅਤੇ ਤਾਮਿਲਨਾਡੂ ਵਿਧਾਨ ਸਭਾ ਦੇ ਸਾਬਕਾ ਸਪੀਕਰ ਆਰ ਅਵੂਦੈਯੱਪਨ ਦੇ ਘਰ ਦੀ ਤਲਾਸੀ ਲਈ ਹੈ। ਸੂਚਨਾ ਦੇ ਆਧਾਰ 'ਤੇ ਕੀਤੀ ਗਈ ਇਸ ਤਲਾਸੀ ਦਾ ਉਦੇਸ ਆਗਾਮੀ ਚੋਣਾਂ 'ਚ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਕਥਿਤ ਤੌਰ 'ਤੇ ਵਰਤੀ ਜਾ ਰਹੀ ਵੱਡੀ ਮਾਤਰਾ 'ਚ ਨਕਦੀ ਦਾ ਪਤਾ ਲਗਾਉਣਾ ਸੀ। ਅਵੂਦੈਯੱਪਨ ਤਿਰੂਨੇਲਵੇਲੀ (ਪੂਰਬੀ) ਇਕਾਈ ਲਈ ਡੀਐਮਕੇ ਦੇ ਜ਼ਿਲ੍ਹਾ ਸਕੱਤਰ ਵਜੋਂ ਸੇਵਾ ਨਿਭਾਅ ਰਿਹਾ ਹੈ। ਉਹ ਪਲਯਾਮਕੋਟਈ ਦੇ ਮਹਾਰਾਜਾ ਨਗਰ ਵਿਖੇ ਸਸੀ ਸੰਕਰ ਦੀ ਅਗਵਾਈ ਵਾਲੀ ਨੌਂ ਮੈਂਬਰੀ ਟੀਮ ਦੁਆਰਾ ਜਾਂਚ ਦਾ ਵਿਸਾ ਸੀ। ਇਸ ਤਲਾਸੀ ਦੌਰਾਨ ਕਾਫੀ ਪੈਸਾ ਬਰਾਮਦ ਹੋਇਆ। ਇੱਕ ਅਧਿਕਾਰਤ ਰਿਪੋਰਟ ਅਨੁਸਾਰ, ਸੁਰੂਆਤ ਵਿੱਚ ਝਿਜਕਦੇ ਹੋਏ, ਅਵੂਦੈਯੱਪਨ ਨੇ ਬਿਆਨ ਦੀ ਪਾਲਣਾ ਕੀਤੀ ਅਤੇ ਦਸਤਖਤ ਕੀਤੇ। 19 ਅਪ੍ਰੈਲ, 2024 ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਤਾਮਿਲਨਾਡੂ ਦੀਆਂ 39 ਸੀਟਾਂ 'ਤੇ ਚੋਣ ਲੜੀ ਜਾਵੇਗੀ। ਰਾਜ ਵਰਤਮਾਨ ਵਿੱਚ ਇੰਡੀਅਨ ਨੈਸਨਲ ਡਿਵੈਲਪਮੈਂਟ ਇਨਕਲੂਸਿਵ ਅਲਾਇੰਸ (ਇੰਡੀਆ) ਦੇ ਹਿੱਸੇ ਵਜੋਂ ਐਮਕੇ ਸਟਾਲਿਨ ਦੀ ਅਗਵਾਈ ਵਾਲੀ ਡੀਐਮਕੇ ਸਰਕਾਰ ਦੇ ਅਧੀਨ ਹੈ। ਆਉਣ ਵਾਲੀਆਂ ਚੋਣਾਂ ਵਿੱਚ, ਦ੍ਰਵਿੜ ਮੁਨੇਤਰ ਕੜਗਮ (ਡੀਐਮਕੇ) ਨੇ ਕਾਂਗਰਸ, ਭਾਰਤੀ ਕਮਿਊਨਿਸਟ ਪਾਰਟੀ, ਵਿਦੁਥਲਾਈ ਚਿਰੂਥੀਗਲ ਕਾਚੀ, ਇੰਡੀਅਨ ਯੂਨੀਅਨ ਮੁਸਲਿਮ ਲੀਗ, ਮਾਰੂਮਾਲਾਰਚੀ ਦ੍ਰਵਿੜ ਸਮੇਤ ਕਈ ਪਾਰਟੀਆਂ ਨਾਲ ਗਠਜੋੜ ਕੀਤਾ ਹੈ।



## ਭਾਜਪਾ ਨੇ ਪਾਕਿਸਤਾਨ, ਚੀਨ ਦੇ ਏਜੰਡੇ ਨੂੰ ਸਫਲ ਹੋਣ ਤੋਂ ਰੋਕਣ ਲਈ ਕੀਤੀ ਪੂਰੀ ਕੋਸ਼ਿਸ਼ : ਤਰੁਣ ਚੁਘ

ਸ਼੍ਰੀਨਗਰ 6 ਅਪ੍ਰੈਲ। ਭਾਰਤੀ ਜਨਤਾ ਪਾਰਟੀ (ਭਾਜਪਾ) ਜਨਰਲ ਸਕੱਤਰ ਤਰੁਣ ਚੁਘ ਨੇ ਸ਼ਨੀਵਾਰ ਨੂੰ ਕਿਹਾ ਕਿ ਪਾਰਟੀ ਵਰਕਰਾਂ ਨੇ ਇਕ ਯਕੀਨੀ ਕਰਨ ਲਈ ਪੂਰੀ ਕੋਸ਼ਿਸ਼ ਕੀਤੀ ਹੈ ਕਿ ਪਾਕਿਸਤਾਨ ਅਤੇ ਚੀਨ ਦਾ ਏਜੰਡਾ ਜੰਮੂ ਕਸ਼ਮੀਰ 'ਚ ਸਫਲ ਨਾ ਹੋਵੇ। ਚੁਘ ਨੇ ਭਾਜਪਾ ਦੇ 44ਵੇਂ ਸਥਾਪਨਾ ਦਿਵਸ ਸਮਾਰੋਹ ਦੀ ਪ੍ਰਧਾਨਗੀ ਕਰਦੇ ਹੋਏ ਕਿਹਾ ਕਿ ਸਰਵਉੱਚ ਬਲੀਦਾਨ ਦੇਣ ਵਾਲੇ ਵਰਕਰਾਂ ਦੀ ਸੂਚੀ ਬਹੁਤ ਲੰਬੀ ਹੈ, ਜਿਸ 'ਚ 1990 ਦੇ ਦਹਾਕੇ 'ਚ ਬਲੀਦਾਨ ਦੇਣ ਵਾਲੇ ਟੀ.ਐੱਲ. ਟਿਪਲੂ ਤੋਂ ਲੈ ਕੇ ਵਸੀਮ ਬਾਰੀ ਤੱਕ ਦਾ ਨਾਂ ਸ਼ਾਮਲ ਹੈ। ਚੁਘ ਨੇ ਕਿਹਾ,"ਐੱਸ.ਪੀ ਮੁਖਰਜੀ ਨੇ ਇਸ ਧਰਤੀ 'ਤੇ ਬਲੀਦਾਨ ਦਿੱਤਾ ਤਾਂ ਕਿ ਜੰਮੂ ਕਸ਼ਮੀਰ ਦੇ ਲੋਕਾਂ ਨੂੰ ਵੱਧ ਅਧਿਕਾਰ ਮਿਲੇ ਅਤੇ ਧਾਰਾ 370 ਅਤੇ 35 ਏ ਤੋਂ ਮੁਕਤੀ ਮਿਲੇ।" ਉਨ੍ਹਾਂ ਕਿਹਾ,"ਮੈਂ ਉਨ੍ਹਾਂ ਪਾਰਟੀ ਵਰਕਰਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ, ਜਿਨ੍ਹਾਂ ਨੇ ਪਿਛਲੇ ਕਈ ਦਹਾਕਿਆਂ 'ਚ ਭਾਜਪਾ ਲਈ ਬਿਨਾਂ ਸੁਆਰਥ ਤੋਂ ਕੰਮ ਕੀਤਾ।" ਇਸ ਮੌਕੇ ਭਾਜਪਾ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਆਪਣੇ ਜਾਨ ਦੀ ਬਲੀ ਦੇਣ ਵਾਲੇ ਕਸ਼ਮੀਰ ਦੇ ਆਪਣੇ ਵਰਕਰਾਂ ਅਤੇ ਨੇਤਾਵਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

## ਜਗਦੀਸ ਗਰਚਾ ਦੀ ਘਰ ਵਾਪਸੀ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਮਿਲਿਆ ਵੱਡਾ ਬਲ: ਸੁਖਬੀਰ ਬਾਦਲ

**ਨਵਦੀਪ ਸਿੰਘ ਸਾਹਨੀ**

ਲੁਧਿਆਣਾ 6 ਅਪ੍ਰੈਲ। ਸਾਬਕਾ ਕੈਬਨਿਟ ਮੰਤਰੀ ਜਗਦੀਸ਼ ਸਿੰਘ ਗਰਚਾ ਨੇ ਅੱਜ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਹਾਜਰੀ 'ਚ ਮੁੜ ਤੋਂ ਸ਼੍ਰੋਮਣੀ ਅਕਾਲੀ ਦਲ 'ਚ ਵਾਪਸੀ ਕਰ ਲਈ। ਇਸ ਮੌਕੇ ਅਕਾਲੀ ਜਥਾ ਸਹਿਰੀ ਦੇ ਪ੍ਰਧਾਨ ਭੁਪਿੰਦਰ ਸਿੰਘ ਭਿੰਦਾ ਅਤੇ ਸਾਬਕਾ ਵਿਧਾਇਕ ਰਣਜੀਤ ਸਿੰਘ ਢਿੱਲੋਂ ਵੱਲੋਂ ਆਪਣੇ ਸਾਥੀਆਂ ਸਮੇਤ ਬਾਦਲ ਦਾ ਵਿਸੇਸ ਤੌਰ 'ਤੇ ਸਵਾਗਤ ਕੀਤਾ ਗਿਆ। ਦੱਸ ਦੇਈਏ ਕਿ ਗਰਚਾ ਪਰਿਵਾਰ ਨੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ 'ਚ ਰਹਿ ਕੇ ਜਿਸ ਬਦਲਾਅ ਲਈ ਸੰਘਰਸ਼ ਕੀਤਾ ਸੀ, ਉਸ ਦੀ ਪੂਰਤੀ ਦਾ ਪ੍ਰਮਾਣ ਉਸ ਵੇਲੇ ਮਿਲਿਆ, ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਪੰਥ ਅਤੇ ਪੰਜਾਬ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਭਾਰਤੀ ਜਨਤਾ ਪਾਰਟੀ ਨਾਲ ਸਮਝੌਤੇ ਨੂੰ ਦਰਕਿਨਾਰ ਕਰ ਦਿੱਤਾ। ਗਰਚਾ ਨੇ ਇਸ ਗੱਲ 'ਤੇ ਖੁਸ਼ੀ ਪ੍ਰਗਟਾਉਂਦੇ ਹੋਏ ਕਿਹਾ ਕਿ ਪਾਰਟੀ 'ਚ ਜੋ ਬਦਲਾਅ ਦੇਖਣਾ ਚਾਹੁੰਦੇ ਸੀ, ਉਸ ਦੀ ਸ਼ੁਰੂਆਤ ਹੋਣ ਉਪਰੰਤ ਉਹ ਇਹ ਮਹਿਸੂਸ ਕਰਦੇ ਹਨ ਕਿ ਪੰਜਾਬ ਨੂੰ ਆਪਣੀ ਖੇਤਰੀ ਪਾਰਟੀ ਅਕਾਲੀ ਦਲ ਦੀ ਬਹੁਤ ਲੋੜ ਹੈ। ਜਿਸ ਅਕਾਲੀ ਦਲ ਨੂੰ ਉਨ੍ਹਾਂ ਨੇ ਕਈ ਦਹਾਕਿਆਂ ਤੱਕ ਖੂਨ-ਪਸੀਨਾ ਅਤੇ ਅਣਥੱਕ ਮਿਹਨਤ ਕਰ ਕੇ ਉਸਾਰਨ 'ਚ ਆਪਣਾ ਯੋਗਦਾਨ ਪਾਇਆ, ਉਸ ਨੂੰ ਮੁੜ ਬਹਾਲ ਕਰਨ ਲਈ ਹਰ ਯਤਨ ਕਰਨਗੇ। ਜਗਦੀਸ਼ ਸਿੰਘ ਗਰਚਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ 104 ਸਾਲ ਪੁਰਾਣੇ ਅਕਾਲੀ ਇਤਿਹਾਸ, ਅਕਾਲੀ ਕਦਰਾਂ-ਕੀਮਤਾਂ ਨੂੰ ਮੁੜ ਸੁਰਜੀਤ ਕਰਨ ਦਾ ਜੋ ਪ੍ਰਣ ਲਿਆ ਹੈ, ਉਸ ਤੋਂ ਖੁਸ ਹੋ ਕੇ ਅਤੇ ਆਪਣੇ ਸਿਆਸੀ ਗੁਰੂ ਅਤੇ ਸਭ ਤੋਂ ਨਜ਼ਦੀਕੀ ਪ੍ਰਕਾਸ ਸਿੰਘ ਬਾਦਲ ਦੇ ਫਰਜੰਦ ਨੂੰ ਉਨ੍ਹਾਂ ਦੀ ਸੋਚ 'ਤੇ ਪਹਿਰਾ ਦਿੰਦੇ ਦੇਖ ਕੇ ਉਨ੍ਹਾਂ ਦਾ ਮਾਰਗ ਦਰਸ਼ਨ, ਸਾਥ ਅਤੇ ਆਸ਼ੀਰਵਾਦ ਦੇਣ 'ਚ ਉਨ੍ਹਾਂ ਨੂੰ ਬਹੁਤ ਪ੍ਰਸੰਨਤਾ ਹੋ ਰਹੀ ਹੈ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਵੀ ਕਿਹਾ ਕਿ ਗਰਚਾ ਪਰਿਵਾਰ ਦੀ ਘਰ ਵਾਪਸੀ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਬਹੁਤ ਵੱਡਾ ਬਲ ਮਿਲਿਆ ਹੈ, ਜਿਨ੍ਹਾਂ ਦਾ ਫਾਇਦਾ ਆਉਣ ਵਾਲੀਆਂ ਲੋਕ ਸਭਾ ਚੋਣਾਂ 'ਚ ਨਜਰ ਆਵੇਗਾ। ਇਸ ਮੌਕੇ ਸਾਬਕਾ ਮੰਤਰੀ ਹੀਰਾ ਸਿੰਘ ਗਾਬੜੀਆ, ਬਿਕਰਮਜੀਤ ਸਿੰਘ ਖਾਲਸਾ, ਦਰਸਨ ਸਿੰਘ ਸ਼ਿਵਾਲਿਕ, ਸਾਬਕਾ ਵਿਧਾਇਕ ਰਣਜੀਤ ਸਿੰਘ ਢਿੱਲੋਂ, ਪਰਉਪਕਾਰ ਸਿੰਘ ਘੁੰਮਣ, ਸੰਤਾ ਸਿੰਘ ਉਮੈਦਪੁਰੀ, ਹਰਪ੍ਰੀਤ ਸਿੰਘ, ਬਾਬਾ ਅਜੀਤ ਸਿੰਘ, ਯੂਥ ਪ੍ਰਧਾਨ ਅਕਾਸ਼ਦੀਪ ਸਿੰਘ ਭੱਠਲ, ਬੀਬੀ ਸੁਰਿੰਦਰ ਕੌਰ ਦਿਆਲ, ਸਰਪੰਚ ਕੰਵਲਜੀਤ ਸਿੰਘ ਦੂਆ, ਬਰਜਿੰਦਰ ਸਿੰਘ ਮੱਖਣ ਬਰਾੜ, ਪਰਲਾਦ ਸਿੰਘ ਢੱਲ, ਵਿਪਨ ਸੂਦ ਕਾਕਾ, ਹਰਪ੍ਰੀਤ ਸਿੰਘ ਗੁਰਮ, ਜਗਬੀਰ ਸਿੰਘ ਸੋਖੀ, ਸਾਬਕਾ ਮੇਅਰ ਹਰਚਰਨ ਸਿੰਘ ਗੋਹਲਵੜੀਆ ਤੇ ਹੋਰ ਆਗੂ ਤੇ ਵਰਕਰ ਹਾਜਰ ਸਨ।



# ਨਿਰਪੱਖ ਚੋਣਾਂ ਕਰਾਓ, ਫਿਰ 400 ਪਾਰ ਕਰ ਕੇ ਦਿਖਾਓ : ਭਗਵੰਤ ਮਾਨ

**ਤੇਜਿੰਦਰ ਕੌਰ ਬੱਬਰ**

ਜਲੰਧਰ 6 ਅਪ੍ਰੈਲ। ਭਗਵੰਤ ਮਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਚੋਣਾਂ ਵਿਚ ਇਸ ਵਾਰ 400 ਪਾਰ ਦਾ ਨਾਅਰਾ ਦਿੱਤਾ ਹੈ ਪਰ ਮੇਰਾ ਇਹ ਕਹਿਣਾ ਹੈ ਕਿ ਲੇਵਲ ਪਲੇਇੰਗ ਫੀਲਡ ਜਰੂਰ ਹੋਣਾ ਚਾਹੀਦਾ ਹੈ ਜੇਕਰ ਵਿਰੋਧੀ ਧਿਰ ਕੋਲ ਲੇਵਲ ਪਲੇਇੰਗ ਫੀਲਡ ਨਹੀਂ ਤਾਂ ਚੋਣਾਂ ਨਿਰਪੱਖ ਕਿਵੇਂ ਰਹਿ ਜਾਣਗੀਆਂ। ਜੇਕਰ ਉਨ੍ਹਾਂ ਖੁਦ 'ਤੇ ਅਤੇ ਆਪਣੇ ਕੰਮ 'ਤੇ ਪੂਰਾ ਭਰੋਸਾ ਹੈ ਤਾਂ ਉਹ ਨਿਰਪੱਖ ਚੋਣਾਂ ਕਰਵਾਉਣ ਅਤੇ ਫਿਰ 400 ਪਾਰ ਕਰਕੇ ਦਿਖਾਉਣ। ਜੇਕਰ ਇੰਨਾ ਹੀ ਕਾਨਫੀਡੈਂਸ ਸੀ ਤਾਂ ਫਿਰ 2020 ਵਿਚ ਦਿੱਲੀ ਵਿਚ ਭਾਜਪਾ ਨੇ ਇਹ ਨਾਅਰਾ ਕਿਉਂ ਨਹੀਂ ਦਿੱਤਾ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਇਸ ਵਾਰ ਸਿਰਫ ਜਮੁਨਾ ਪਾਰ, ਕਿਉਂਕਿ ਇਸ ਦੌਰਾਨ ਦਿੱਲੀ ਵਿਚ ਜੋ 7 ਸੀਟਾਂ ਸਨ ਉਹ ਜਮੁਨਾ ਪਾਰ ਸਨ। ਜੋ ਲੀਡਰ ਪ੍ਰਚਾਰ ਕਰਦਾ ਹੈ, ਉਸਨੂੰ ਫੜ ਕੇ ਅੰਦਰ ਕਰ ਦਿਓ। ਅਰਵਿੰਦ ਕੇਜਰੀਵਾਲ ਨੂੰ ਅੰਦਰ ਕਰ ਦਿਓ, ਸਤੇਂਦਰ ਜੈਨ ਨੂੰ ਅੰਦਰ ਕਰ ਦਿਓ, ਸੰਜੇ ਸਿੰਘ ਨੂੰ ਅੰਦਰ ਕਰ ਦਿਓ, ਹੇਮੰਤ ਸੋਰੇਨ ਨੂੰ ਅੰਦਰ ਕਰ ਦਿਓ, ਮਮਤਾ ਬੈਨਰਜੀ ਖਿਲਾਫ ਬੰਗਾਲ ਵਿਚ ਈ. ਡੀ. ਭੇਜ ਦਿਓ, ਸੀ. ਬੀ. ਆਈ. ਨੂੰ ਇਥੇ ਭੇਜ ਦਿਓ, ਇਨਕਮ ਟੈਕਸ ਨੂੰ ਉਥੇ ਭੇਜ ਦਿਓ, ਫਿਰ ਤਾਂ ਇਸ ਗੱਲ ਦਾ ਇੰਟਰਨੈਸ਼ਨਲ ਪੱਧਰ 'ਤੇ ਵੀ ਵਿਰੋਧ ਹੋਇਆ ਹੈ। ਇਹ ਕੋਈ ਤਰੀਕਾ ਨਹੀਂ ਹੈ। ਜੇਕਰ ਈ. ਵੀ. ਐੱਮ. ਮਸ਼ੀਨਾਂ ਹੀ ਆਪਣੇ ਘਰ ਵਿਚ ਪਈਆਂ ਹਨ ਤਾਂ ਫਿਰ ਜਿੰਨਾ ਮਰਜੀ ਅੰਕੜਾ ਪਾਰ ਕਰ ਲਓ। ਸੰਵਿਧਾਨ ਨੂੰ ਬਚਾਉਣ ਲਈ ਲੋਕਾਂ ਨੂੰ ਅੱਗੇ ਆਉਣਾ ਹੋਵੇਗਾ। ਲੋਕਤੰਤਰ ਨੂੰ ਬਚਾਉਣ ਲਈ ਲੋਕਾਂ ਨੂੰ ਅੱਗੇ ਆਉਣਾ ਪਵੇਗਾ। ਅਕਸਰ ਵੱਡੀ ਲਹਿਰ ਆਮ ਲੋਕ ਹੀ ਲੈ ਕੇ ਆਏ ਹਨ, ਇਸ ਲਈ ਮੈਨੂੰ ਉਮੀਦ ਹੈ ਕਿ ਇਸ ਵਾਰ ਦੀਆਂ ਚੋਣਾਂ ਨਿਰਪੱਖ ਹੋਣਗੀਆਂ ਅਤੇ ਇਸ ਤੋਂ ਬਾਅਦ ਜੋ ਨਤੀਜੇ ਆਉਣਗੇ, ਉਹ ਤਾਂ ਜਨਤਾ ਦੇ ਹੋਣਗੇ ਅਤੇ ਸਿਰ ਮੱਥੇ ਹੋਣਗੇ ਪਰ ਜਿਸ ਤਰੀਕੇ ਨਾਲ ਇਹ ਹੰਕਾਰ ਨਾਲ ਚੱਲ ਰਹੇ ਹਨ ਅਤੇ ਜਿਸ ਓਵਰ ਕਾਨਫੀਡੈਂਸ ਨਾਲ ਚੱਲ ਰਹੇ ਹਨ ਤਾਂ ਫਿਰ ਹੰਕਾਰ ਦਾ ਅੰਤ ਜਰੂਰ ਹੋਵੇਗਾ। ਜਦੋਂ ਕਿਸੇ ਚੀਜ ਦੀ ਹੱਦ ਟੱਪ ਜਾਂਦੀ ਹੈ ਤਾਂ ਫਿਰ ਪਤਾ ਵੀ ਨਹੀਂ ਲੱਗਦਾ ਕਿ ਉਸਦਾ ਅੰਤ ਕਦੋਂ ਹੋ ਗਿਆ। ਇਹ ਤਾਂ 2013 ਤੋਂ ਚੱਲ ਰਿਹਾ ਸੀ। ਪੰਜਾਬ ਵਿਚ ਮੰਡੀਆਂ ਦੀ ਗਿਣਤੀ ਤਾਂ ਵਧਾਈ ਗਈ ਹੈ। ਹਾਲਾਂਕਿ ਰੂਰਲ ਡਵੈੱਲਪਮੈਂਟ ਦਾ 5500 ਕਰੋੜ ਦਾ ਫੰਡ ਤਾਂ ਕੇਂਦਰ ਸਰਕਾਰ ਨੇ ਰੋਕਿਆ ਹੋਇਆ ਹੈ। ਸਾਇਲੋ ਤਾਂ ਸਿਰਫ ਸਟੋਰੇਜ ਲਈ ਹੈ ਸਾਡੇ ਕੋਲ ਮੰਡੀਆਂ ਦੀ ਕਮੀ ਨਹੀਂ ਹੈ। ਖਰੀਦ ਦੌਰਾਨ ਕਈ ਸਮੱਸਿਆਵਾਂ ਹੁੰਦੀਆਂ ਸਨ, ਕਦੇ ਟਰੱਕ ਦੀ ਹੜਤਾਲ, ਕਦੇ ਬਾਰਦਾਨਾ ਨਹੀਂ ਆਉਂਦਾ ਸੀ, ਕੈਸ਼ ਕ੍ਰੈਡਿਟ ਲਿਮਿਟ ਨਹੀਂ ਆਉਂਦੀ ਸੀ ਹੁਣ ਇਹ ਸਾਡੀਆਂ ਸਮੱਸਿਆਵਾਂ ਨਹੀਂ ਹਨ, ਕਿਸਾਨ ਦੀ ਫਸਲ ਮੰਡੀ ਵਿਚ ਖਰਾਬ ਨਹੀਂ ਹੋਣ ਦੇਵਾਂਗੇ। ਪ੍ਰਤਾਪ ਸਿੰਘ ਬਾਜਵਾ ਵੱਲੋਂ ਸਰਕਾਰ 'ਤੇ ਵਿਕਾਸ ਦੇ ਨਾਂ 'ਤੇ ਇਕ ਵੀ ਇੱਟ ਨਾ ਲਗਾਉਣ ਦੇ ਦਿੱਤੇ ਗਏ ਬਿਆਨ 'ਤੇ ਪਲਟਵਾਰ ਕਰਦੇ ਹੋਏ ਭਗਵੰਤ ਮਾਨ ਨੇ ਕਿਹਾ ਕਿ ਮੈਂ ਪ੍ਰਤਾਪ ਬਾਜਵਾ ਨੂੰ ਦੱਸ ਦੇਵਾਂ ਕਿ ਜਿੰਨੇ ਵੀ ਸਕੂਲ ਆਫ ਐਮੀਨੈਂਸ ਬਣੇ ਹਨ, ਆਮ ਆਦਮੀ ਕਲੀਨਿਕ ਬਣੇ ਹਨ, ਜਿਨ੍ਹਾਂ ਸੜਕਾਂ ਦੇ ਟੋਲ ਪਲਾਜੇ ਖਤਮ ਹੋਏ ਹਨ, ਉਸ ਵਿਚ ਬਾਜਵਾ ਸਾਹਿਬ ਦੇ ਸਾਈਨ ਹਨ। 80 ਫੀਸਦੀ ਕੰਮਾਂ 'ਤੇ ਬਾਜਵਾ ਸਾਹਿਬ ਦੇ ਸਾਈਨ ਹਨ। ਉਨ੍ਹਾਂ ਦੇ ਪਿੰਡ ਨੂੰ ਜਾਣ ਵਾਲੀ ਸੜਕ ਹੁਸ਼ਿਆਰਪੁਰ-ਦਸੂਹਾ-ਮੁਕੇਰੀਆਂ 'ਤੇ ਜਿੰਨੇ ਵੀ ਟੋਲ ਪਲਾਜਾ ਲਾਏ ਗਏ ਹਨ, ਉਹ ਸਾਰੇ ਬਾਜਵਾ ਸਾਹਿਬ ਨੇ ਲਾਏ ਹਨ। ਸਾਡੀ ਸਰਕਾਰ ਨੇ ਤਾਂ ਟੋਲ ਪਲਾਜੇ ਖਤਮ ਕੀਤੇ ਹਨ। ਬਾਜਵਾ ਸਾਹਿਬ ਖੁਦ ਦੇ ਕੀਤੇ ਕੰਮ ਗਿਣਾ ਦੇਣ, ਸਾਡੀਆਂ ਇੱਟਾਂ ਕਾਫੀ ਹਨ। ਸਾਡੀ ਸਰਕਾਰ ਨੇ ਲੋਕਾਂ ਦੇ ਦਿਲਾਂ 'ਚ ਪਿਆਰ ਦੀਆਂ ਇੱਟਾਂ ਲਾਈਆਂ ਹਨ ਅਤੇ ਬਾਜਵਾ ਸਾਹਿਬ ਦੀ ਸਰਕਾਰ ਨੇ ਸ਼ਾਇਦ ਸੋਨੇ ਦੀਆਂ ਇੱਟਾਂ ਲਾਈਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੀ ਪੰਜਾਬ ਬਚਾਓ ਯਾਤਰਾ 'ਤੇ ਟਿੱਪਣੀ ਕਰਦੇ ਹੋਏ ਭਗਵੰਤ ਮਾਨ ਨੇ ਕਿਹਾ ਕਿ ਮੈਨੂੰ ਸਮਝ ਨਹੀਂ ਆ ਰਹੀ ਕਿ ਸੁਖਬੀਰ ਬਾਦਲ ਆਖਰ ਪੰਜਾਬ 'ਚ ਬਚਾਉਣਾ ਕੀ ਚਾਹੁੰਦੇ ਹਨ।



## ਹਾਈ ਕੋਰਟ ਦੀ ਜੱਜਾਂ ਨੂੰ ਹਦਾਇਤ- ਸੰਸਦ ਮੈਂਬਰਾਂ ਤੇ ਵਿਧਾਇਕਾਂ ਦੇ ਅਪਰਾਧਿਕ ਮਾਮਲਿਆਂ ਦਾ ਛੇਤੀ ਹੋਵੇ ਨਿਪਟਾਰਾ

ਨਵੀਂ ਦਿੱਲੀ, 6 ਅਪ੍ਰੈਲ। ਦਿੱਲੀ ਹਾਈ ਕੋਰਟ ਨੇ ਆਪਣੇ ਜੱਜਾਂ ਨੂੰ ਕਿਹਾ ਹੈ ਕਿ ਉਹ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੇ ਖਿਲਾਫ ਪੈਂਡਿੰਗ ਅਪਰਾਧਿਕ ਮਾਮਲਿਆਂ ਨੂੰ ਪਹਿਲ ਦੇਣ ਤਾਂ ਕਿ ਉਨ੍ਹਾਂ ਦਾ ਛੇਤੀ ਅਤੇ ਪ੍ਰਭਾਵਸਾਲੀ ਨਿਪਟਾਰਾ ਯਕੀਨੀ ਬਣਾਇਆ ਜਾ ਸਕੇ। ਹਾਈ ਕੋਰਟ ਨੂੰ ਉਸ ਦੀ ਰਜਿਸਟਰੀ ਵੱਲੋਂ ਸੂਚਿਤ ਕੀਤਾ ਗਿਆ ਕਿ ਮੌਜੂਦਾ 'ਚ ਹਾਈ ਕੋਰਟ ਦੀ ਸਿੰਗਲ ਬੈਂਚ ਦੇ ਸਾਹਮਣੇ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨਾਲ ਜੁੜੇ 34 ਕੇਸ ਜਾਂ ਅਪੀਲਾਂ ਪੈਂਡਿੰਗ ਹਨ, ਜਿਨ੍ਹਾਂ 'ਚ ਸੁਣਵਾਈ 'ਤੇ ਰੋਕ ਦੇ ਹੁਕਮ ਦਿੱਤੇ ਗਏ ਹਨ ਅਤੇ ਇਹ 6 ਮਹੀਨਿਆਂ ਤੋਂ ਵੱਧ ਸਮੇਂ ਤੋਂ ਜਾਰੀ ਹਨ। ਕਾਰਜਕਾਰੀ ਚੀਫ ਜਸਟਿਸ ਮਨਮੋਹਨ ਸਿੰਘ ਅਤੇ ਜਸਟਿਸ ਮਨਮੀਤ ਪੀ. ਐੱਸ. ਅਰੋੜਾ ਦੀ ਡਵੀਜਨ ਬੈਂਚ ਨੇ ਰਜਿਸਟਰੀ ਨੂੰ ਉਨ੍ਹਾਂ 34 ਮਾਮਲਿਆਂ ਨੂੰ ਸਬੰਧਤ ਸਿੰਗਲ ਬੈਂਚ ਤੋਂ ਤਬਦੀਲ ਕਰਦੇ ਹੋਏ ਹੋਰ ਬੈਂਚ ਨੂੰ ਸੌਂਪਣ ਦੇ ਹੁਕਮ ਦਿੱਤੇ। ਡਵੀਜਨ ਬੈਂਚ ਨੇ 2 ਅਪ੍ਰੈਲ ਨੂੰ ਪਾਸ ਇਕ ਹੁਕਮ 'ਚ ਕਿਹਾ, "ਚੀਫ ਜਸਟਿਸ ਵੱਲੋਂ ਦਿੱਤੀਆਂ ਹਦਾਇਤਾਂ ਅਨੁਸਾਰ ਅਸੀਂ ਰਜਿਸਟਰੀ ਨੂੰ ਹੁਕਮ ਦਿੰਦੇ ਹਾਂ ਕਿ ਉਹ ਇਸ ਹੁਕਮ ਨੂੰ ਅਜਿਹੇ ਮਾਮਲਿਆਂ ਲਈ ਨਿਯੁਕਤ ਜੱਜਾਂ ਨੂੰ ਸੌਂਪੇ ਤਾਂ ਕਿ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੇ ਖਿਲਾਫ ਪੈਂਡਿੰਗ ਸਾਰੇ ਅਪਰਾਧਿਕ ਮਾਮਲਿਆਂ, ਅਪੀਲਾਂ ਅਤੇ ਮੁੜ-ਵਿਚਾਰ ਪਟੀਸਨਾਂ ਨੂੰ ਪਹਿਲ ਦਿੱਤੀ ਜਾ ਸਕੇ।"



## ਪ੍ਰੇਮੀ ਨੇ ਕਮਾਇਆ ਧ੍ਰੋਹ, ਰਿਲੇਸ਼ਨਸ਼ਿਪ 'ਚ ਰਹੀ 2 ਬੱਚਿਆਂ ਦੀ ਮਾਂ ਦੀ ਅਸ਼ਲੀਲ ਵੀਡੀਓ ਕੀਤੀ ਵਾਇਰਲ

ਗੁਰਦਾਸਪੁਰ 6 ਅਪ੍ਰੈਲ। ਵਿਆਹ ਤੋਂ ਪਹਿਲਾਂ ਰਿਲੇਸ਼ਨਸ਼ਿਪ 'ਚ ਰਹਿਣ ਵਾਲੀ ਪ੍ਰੇਮਿਕਾ ਦੀ ਅਸ਼ਲੀਲ ਵੀਡੀਓ ਨੈੱਟ 'ਤੇ ਅਪਲੋਡ ਕਰਨ ਵਾਲੇ ਪ੍ਰੇਮੀ ਦੇ ਖ਼ਿਲਾਫ ਸਿਟੀ ਪੁਲਸ ਨੇ ਧਾਰਾ 323, 504, 67ਏ ਆਈਟੀ ਐਕਟ 2000 ਤਹਿਤ ਕੇਸ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਟੀ ਪੁਲਸ ਸਟੇਸ਼ਨ ਇੰਚਾਰਜ਼ ਗੁਰਮੀਤ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਪੀੜਤ ਔਰਤ ਦਾ ਪਤੀ ਹੈ ਜੋ ਇਸ ਸਮੇਂ ਉੱਤਰਾਖੰਡ ਰਹਿੰਦਾ ਹੈ। ਉਸ ਨੇ ਥਾਣਾ ਬਾਦਰਾਬਾਦ ਜ਼ਿਲ੍ਹਾ ਹਰਿਦੁਆਰ ਉੱਤਰਾਖੰਡ ਵਿਖੇ ਮਾਮਲਾ ਦਰਜ ਕਰਵਾਇਆ ਸੀ ਕਿ ਉਸ ਦੇ ਵਿਆਹ ਨੂੰ 4 ਸਾਲ ਹੋ ਚੁੱਕੇ ਹਨ ਅਤੇ ਉਨਾਂ ਦੇ ਦੋ ਬੱਚੇ ਹਨ। ਪੀੜਤ ਨੇ ਦੱਸਿਆ ਕਿ ਉਸ ਦੀ ਪਤਨੀ ਨਾਲ ਵਿਆਹ ਤੋਂ ਪਹਿਲਾਂ ਦੇ ਰਿਸ਼ਤੇ 'ਚ ਰਹਿਣ




ਵਾਲੇ ਵਿਅਕਤੀ ਨੇ ਉਸ ਦੀ ਪਤਨੀ ਦੀਆਂ ਅਸ਼ਲੀਲ ਵੀਡੀਓਜ ਬਣਾਈਆਂ ਸਨ, ਜਿਸ ਨੂੰ ਹੁਣ ਉਸ ਨੇ ਅਪਲੋਡ ਕਰਨ ਦੀ ਧਮਕੀ ਦਿੱਤੀ ਹੈ। ਉਕਤ ਵਿਅਕਤੀ ਅਮਰਿੰਦਰ ਸਿੰਘ ਪੁੱਤਰ ਹਰਦਿਆਲ ਸਿੰਘ ਵਾਸੀ ਨਿਊ ਸੰਤ ਨਗਰ ਗੁਰਦਾਸਪੁਰ ਦਾ ਰਹਿਣ ਵਾਲਾ ਹੈ। ਜਦੋਂ ਉਸ ਨੇ ਵਿਰੋਧ ਕੀਤਾ ਤਾਂ ਉਕਤ ਵਿਅਕਤੀ ਨੇ ਉਸ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਹੁਣ ਵਿਅਕਤੀ ਨੇ ਉਸ ਦੀ ਪਤਨੀ ਦੀ ਅਸ਼ਲੀਲ ਵੀਡੀਓ ਨੈੱਟ 'ਤੇ ਅਪਲੋਡ ਕਰ ਦਿੱਤੀ ਹੈ। ਪੁਲਸ ਅਧਿਕਾਰੀ  ਨੇ ਦੱਸਿਆ ਕਿ ਪੀੜਤ ਵਿਅਕਤੀ ਨੇ ਇਸ ਮਾਮਲੇ ਸਬੰਧੀ ਪੁਲਸ ਥਾਣਾ ਉੱਤਰਾਖੰਡ ਵਿਖੇ ਸ਼ਿਕਾਇਤ ਦਰਜ ਕਰਵਾਈ ਸੀ ਪਰ ਮਾਮਲਾ ਗੁਰਦਾਸਪੁਰ ਨਾਲ ਸਬੰਧਿਤ ਹੋਣ ਕਾਰਨ ਹੁਣ ਪੁਲਸ ਥਾਣਾ ਸਿਟੀ ਗੁਰਦਾਸਪੁਰ ਵਿਖੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਹੁਸਿਆਰਪੁਰ ਵਿਖੇ ਨਾਜਾਇਜ ਮਾਈਨਿੰਗ ਕਰ ਰਹੀ ਕਬਜੇ 'ਚ ਲਈ ਟਰੈਕਟਰ-ਟਰਾਲੀ

ਹੁਸਿਆਰਪੁਰ 6 ਅਪ੍ਰੈਲ। ਥਾਣਾ ਸਦਰ ਦੀ ਪੁਲਸ ਨੇ ਨਾਜਾਇਜ ਮਾਈਨਿੰਗ ਕਰ ਰਹੀ ਇਕ ਟਰੈਕਟਰ-ਟਰਾਲੀ ਨੂੰ ਕਬਜੇ ਵਿਚ ਲਿਆ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਦਰ ਦੇ ਇੰਚਾਰਜ ਲੋਮੇਸ ਸਰਮਾ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਪਿੰਡ ਮਹਿਤਪੁਰ 'ਚ ਨਾਜਾਇਜ ਮਾਈਨਿੰਗ ਕੀਤੀ ਜਾ ਰਹੀ ਹੈ, ਜਿਸ ਕਾਰਨ ਉਨ੍ਹਾਂ ਨੇ ਪਿੰਡ ਬਜਵਾੜਾ 'ਚ ਨਾਕਾਬੰਦੀ ਕਰਕੇ ਨਾਜਾਇਜ ਮਾਈਨਿੰਗ ਕਰ ਰਹੀ ਰੇਤ ਨਾਲ ਭਰੀ ਇਕ ਟਰੈਕਟਰ-ਟਰਾਲੀ ਨੂੰ ਕਬਜੇ ਵਿਚ ਲਿਆ ਹੈ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਾਈਨਿੰਗ ਅਫਸਰ ਨੂੰ ਮੌਕੇ 'ਤੇ ਬੁਲਾਇਆ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਦੀ ਨਵੀਂ ਨੀਤੀ ਤਹਿਤ ਟਰੈਕਟਰ-ਟਰਾਲੀ ਨੂੰ ਨਾਜਾਇਜ ਮਾਈਨਿੰਗ ਕਰਦੇ ਫੜੇ ਜਾਣ 'ਤੇ ਪਹਿਲਾਂ ਧਾਰਾ 75 ਦਾ ਨੋਟਿਸ ਜਾਰੀ ਕੀਤਾ ਜਾਂਦਾ ਹੈ। ਜਿਸ ਤਹਿਤ 1 ਲੱਖ ਦਾ ਜੁਰਮਾਨਾ ਲਗਾਇਆ ਜਾਂਦਾ ਹੈ। ਜੇਕਰ ਟਰੈਕਟਰ-ਟਰਾਲੀ ਮਾਲਕ ਸਮੇਂ ਸਿਰ ਜੁਰਮਾਨਾ ਅਦਾ ਕਰਦਾ ਹੈ ਤਾਂ ਟਰੈਕਟਰ-ਟਰਾਲੀ ਛੱਡ ਦਿੱਤੀ ਜਾਂਦੀ ਹੈ, ਨਹੀਂ ਤਾਂ ਨਿਲਾਮ ਕਰਨ ਦੀ ਵਿਵਸਥਾ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਡੇਢ ਮਹੀਨੇ ਤੋਂ ਨਾਜਾਇਜ ਮਾਈਨਿੰਗ ਕਰਨ ਵਾਲਿਆਂ 'ਤੇ ਸ਼ਿਕੰਜਾ ਕੱਸਿਆ ਜਾ ਰਿਹਾ ਹੈ ਅਤੇ ਇਸ ਤਹਿਤ ਨਾਜਾਇਜ ਮਾਈਨਿੰਗ ਕਰਨ ਵਾਲੇ 5-6 ਟਰੈਕਟਰ-ਟਰਾਲੀਆਂ ਨੂੰ ਜਬਤ ਕੀਤਾ ਗਿਆ ਹੈ।

# ਮਨੀ ਲਾਂਡਰਿੰਗ ਦਾ ਹੱਬ ਬਣਿਆ ਜਲੰਧਰ, ਕਈ ਕਾਰੋਬਾਰੀ ਰਾਡਾਰ 'ਤੇ

ਜਲੰਧਰ 6 ਅਪ੍ਰੈਲ। ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਸਬੰਧੀ (ਸ਼ਨੀਵਾਰ) ਨੂੰ ਪੋਲਿੰਗ ਹੋ ਗਈ ਅਤੇ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਸਬੰਧੀ ਸਰਗਰਮੀਆਂ ਜੋਰਾਂ 'ਤੇ ਹਨ। ਚੋਣ ਕੋਈ ਵੀ ਹੋਵੇ, ਹਰ ਚੋਣ 'ਚ ਪੈਸੇ ਅਤੇ ਜੋਰ ਦੀ ਵਰਤੋਂ ਹੁੰਦੀ ਆਈ ਹੈ ਅਤੇ ਗੁਜਰਾਤ ਦੀਆਂ ਚੋਣਾਂ ਵੀ ਇਸ ਤੋਂ ਅਛੂਤੀਆਂ ਨਹੀਂ ਹਨ। ਖੁਦ ਗੁਜਰਾਤ ਦੇ ਗ੍ਰਹਿ ਮੰਤਰੀ ਹਰਸ਼ ਸ਼ਾਂਘਵੀ ਦਾ ਟਵੀਟ ਇਸ ਗੱਲ ਦਾ ਖੁਲਾਸਾ ਕਰ ਰਿਹਾ ਹੈ ਕਿ ਚੋਣਾਂ ਵਿਚ ਪੈਸੇ ਦੀ ਖੁੱਲ੍ਹੀ ਵਰਤੋਂ ਹੋ ਰਹੀ ਹੈ ਅਤੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਦਿੱਲੀ ਅਤੇ ਪੰਜਾਬ ਸਮੇਤ ਹੋਰ ਥਾਵਾਂ ਤੋਂ ਹਵਾਲਾ ਜਰੀਏ ਪੈਸਾ ਗੁਜਰਾਤ ਪਹੁੰਚ ਰਿਹਾ ਹੈ। ਗ੍ਰਹਿ ਮੰਤਰੀ ਸਾਂਘਵੀ ਨੇ ਇਹ ਟਵੀਟ ਗੁਜਰਾਤ ਦੇ ਬਾਰਡੋਲੀ, ਅਹਿਮਦਾਬਾਦ ਅਤੇ ਹੋਰ ਥਾਵਾਂ 'ਤੇ ਚੋਣਾਵੀ ਪੈਸੇ ਦੀ ਬਰਾਮਦਗੀ ਤੋਂ ਬਾਅਦ ਕੀਤਾ ਹੈ। ਗ੍ਰਹਿ ਮੰਤਰੀ ਸਾਂਘਵੀ ਦੇ ਟਵੀਟ ਤੋਂ ਬਾਅਦ ਕੇਂਦਰੀ ਜਾਂਚ ਏਜੰਸੀਆਂ ਸਰਗਰਮ ਹੋ ਗਈਆਂ ਹਨ ਅਤੇ ਮਨੀ ਲਾਂਡਰਿੰਗ ਦੀਆਂ ਕੜੀਆਂ ਨੂੰ ਜੋੜਨ ਵਿਚ ਲੱਗੀਆਂ ਹੋਈਆਂ ਹਨ। ਉਥੇ ਹੀ, ਸਾਂਘਵੀ ਦੇ ਟਵੀਟ 'ਚ ਪੰਜਾਬ ਦਾ ਨਾਂ ਆਉਣ ਤੋਂ ਬਾਅਦ ਜਾਂਚ ਏਜੰਸੀਆਂ ਨੇ ਪੰਜਾਬ ਦਾ ਰੁਖ ਕੀਤਾ ਹੈ। ਏਜੰਸੀਆਂ ਦੇ ਸੂਤਰਾਂ ਮੁਤਾਬਕ ਜਲੰਧਰ ਮਨੀ ਲਾਂਡਰਿੰਗ ਦਾ ਹੱਬ ਬਣਿਆ ਹੋਇਆ ਹੈ। ਉਥੇ ਹੀ, ਏਜੰਸੀਆਂ ਮੁਤਾਬਕ ਜਲੰਧਰ ਵਿਚ ਵੱਡੇ ਪੱਧਰ 'ਤੇ ਬੁੱਕ (2 ਨੰਬਰ ਦੀ ਲਾਟਰੀ) ਲੱਗ ਰਹੀ ਹੈ ਅਤੇ ਇਸ ਕਾਰੋਬਾਰ ਵਿਚ ਨਾਮੀ ਲੋਕ ਸ਼ਾਮਲ ਹਨ। ਆਉਣ ਵਾਲੇ ਦਿਨਾਂ ਵਿਚ ਏਜੰਸੀਆਂ ਵੱਲੋਂ ਵੱਡੇ ਪੱਧਰ 'ਤੇ ਰੇਡ ਕੀਤੇ ਜਾਣ ਦੀ ਸੰਭਾਵਨਾ ਹੈ। ਮਨੀ ਲਾਂਡਰਿੰਗ ਵਿਚ ਪੰਜਾਬ ਦਾ ਨਾਂ ਆਉਣ ਤੋਂ ਬਾਅਦ ਜਲੰਧਰ ਵਿਚ ਰੀਅਲ ਅਸਟੇਟ ਨਾਲ ਜੁੜੇ ਕਈ ਕਾਰੋਬਾਰੀਆਂ ਅਤੇ ਬੁੱਕੀ ਲਾਬੀ ਵਿਚ ਹੜਕੰਪ ਮਚਿਆ ਹੋਇਆ ਹੈ ਅਤੇ ਪਿਛਲੇ ਕਈ ਦਿਨਾਂ ਵਿਚ ਬੁੱਕੀ ਲਾਬੀ ਨਾਲ ਜੁੜੇ ਰੀਅਲ ਅਸਟੇਟ



ਕਾਰੋਬਾਰੀ, ਬੁੱਕੀ ਅਤੇ ਪੰਟਰ ਅੰਡਰਗਰਾਊਂਡ ਹੋ ਗਏ ਹਨ। ਬੀਤੇ ਸਾਲ ਪੁਲਸ ਵੱਲੋਂ ਕੀਤੀ ਗਈ ਵੱਡੇ ਪੱਧਰ 'ਤੇ ਕਾਰਵਾਈ ਤੋਂ ਬਾਅਦ ਸ਼ਹਿਰ ਵਿਚ 2 ਨੰਬਰ ਦੀ ਲਾਟਰੀ ਦਾ ਖੁੱਲ੍ਹੇਆਮ ਚੱਲ ਰਿਹਾ ਧੰਦਾ ਕੁਝ ਦੇਰ ਲਈ ਬੰਦ ਹੋ ਗਿਆ ਸੀ ਅਤੇ ਇਸ ਧੰਦੇ ਨਾਲ ਜੁੜੇ ਲੋਕ ਲਿੰਕਸ ਜਰੀਏ ਆਪਣੇ ਘਰਾਂ ਅਤੇ ਸੰਸਥਾਵਾਂ ਤੋਂ ਸੋਸ਼ਲ ਮੀਡੀਆ 'ਤੇ ਕੋਡਿੰਗ ਦੇ ਹਿਸਾਬ ਨਾਲ ਧੰਦਾ ਕਰਨ ਲੱਗ ਪਏ ਸਨ। ਕੁਝ ਮਹੀਨੇ ਪਹਿਲਾਂ ਪ੍ਰਭਾਵਸ਼ਾਲੀ ਲੋਕਾਂ ਦੀ ਸ਼ਹਿ 'ਤੇ 2 ਨੰਬਰ ਦੀ ਲਾਟਰੀ ਦਾ ਧੰਦਾ ਕਰਨ ਵਾਲਿਆਂ ਨੇ ਦੋਬਾਰਾ ਆਪਣਾ ਨੈੱਟਵਰਕ ਤੇਜ ਕਰ ਦਿੱਤਾ ਹੈ। ਇਸ ਖੇਡ ਵਿਚ ਪੁਲਸ ਦੇ ਰਾਡਾਰ 'ਤੇ ਆਏ ਪੁਰਾਣੇ ਖਿਡਾਰੀਆਂ ਨੂੰ ਖਤਮ ਕਰ ਕੇ ਨਵੇਂ ਖੜ੍ਹੇ ਕੀਤੇ ਜਾਣ ਲੱਗੇ ਸਨ ਅਤੇ ਸਿੱਧੇ ਤੌਰ 'ਤੇ ਕਮੀਸ਼ਨ ਫਿਕਸ ਹੋ ਗਈ ਸੀ ਕਿ ਜੇਕਰ ਕੋਈ ਵੀ ਉਨ੍ਹਾਂ ਨੂੰ ਕੋਈ ਤੰਗ-ਪ੍ਰੇਸ਼ਾਨ ਕਰੇ ਤਾਂ ਸਿੱਧਾ ਉਨ੍ਹਾਂ ਕੋਲ ਭੇਜ ਦੇਣਾ। ਕੁਝ ਮਹੀਨੇ ਤੱਕ ਇਹ ਖੇਡ ਖੁੱਲ੍ਹ ਕੇ ਚੱਲੀ ਪਰ ਜਦੋਂ ਕਮੀਸ਼ਨ ਦੀਆਂ ਖਬਰਾਂ ਅਖਬਾਰਾਂ ਦੀਆਂ ਸੁਰਖੀਆਂ ਬਣਨ ਲੱਗੀਆਂ ਤਾਂ ਪੁਲਸ ਨੇ ਕਾਰਵਾਈ ਕਰਦਿਆਂ ਇਸ ਧੰਦੇ ਨੂੰ ਦੁਬਾਰਾ ਬੰਦ ਕਰਵਾਇਆ। ਫਿਰ ਵੀ ਬੁੱਕ ਜਰੀਏ ਇਹ ਧੰਦਾ ਬਾਦਸਤੂਰ ਜਾਰੀ ਹੈ। ਬੁੱਕ ਲਾਉਣ ਦੇ ਕਾਰੋਬਾਰ 'ਚ ਸ਼ਹਿਰ ਦੇ ਸੈਂਕੜੇ ਲੋਕ ਜੁੜੇ ਹੋਏ ਹਨ ਅਤੇ ਇਨ੍ਹਾਂ ਦੇ ਆਕਾ ਇਕ-ਇਕ ਬੁੱਕੀ ਤੋਂ ਡੇਲੀ ਦੇ ਹਿਸਾਬ ਨਾਲ ਕਮੀਸ਼ਨ ਲੈਂਦੇ ਹਨ। ਰਿਕਸ਼ੇ ਵਾਲੇ ਤੋਂ ਲੈ ਕੇ ਕਈ ਠੇਕੇਦਾਰ ਤੱਕ ਇਸ ਕਾਰੋਬਾਰ ਵਿਚ ਸ਼ਾਮਲ ਹਨ। ਸ਼ਹਿਰ ਵਿਚ ਕੁਝ ਚਿਹਰੇ ਅਜਿਹੇ ਵੀ ਹਨ, ਜਿਨ੍ਹਾਂ ਦੀ 2-2 ਸੌ ਦੇ ਲਗਭਗ 2 ਨੰਬਰ ਦੀ ਲਾਟਰੀ ਦੀਆਂ ਦੁਕਾਨਾਂ ਸ਼ਰੇਆਮ ਸ਼ਹਿਰ ਵਿਚ ਚੱਲ ਰਹੀਆਂ ਸਨ ਅਤੇ ਬੀਤੇ ਸਾਲ ਡੀ. ਜੀ. ਪੀ. ਪੰਜਾਬ ਕੋਲ ਪਹੁੰਚੀਆਂ ਸ਼ਿਕਾਇਤਾਂ ਤੋਂ ਬਾਅਦ ਸ਼ਹਿਰ ਵਿਚ ਵੱਡੇ ਪੱਧਰ 'ਤੇ ਕਾਰਵਾਈ ਕਰਦੇ ਹੋਏ ਪੁਲਸ ਨੇ ਦਰਜਨ ਦੁਕਾਨਾਂ ਬੰਦ ਕਰਵਾਉਂਦੇ ਹੋਏ ਕੁਝ ਲੋਕਾਂ ਨੂੰ ਗ੍ਰਿਫਤਾਰ ਕੀਤਾ ਸੀ। ਏਜੰਸੀ ਦੇ ਸੂਤਰਾਂ ਮੁਤਾਬਕ ਗੁਜਰਾਤ ਵਿਚ ਮਨੀ ਲਾਂਡਰਿੰਗ ਦੀਆਂ ਖਬਰਾਂ ਤੋਂ ਬਾਅਦ ਕੇਂਦਰੀ ਜਾਂਚ ਏਜੰਸੀ ਐਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਸਰਗਰਮ ਹੋ ਗਈ ਹੈ। 2 ਨੰਬਰ ਦੀ ਲਾਟਰੀ ਅਤੇ ਬੁੱਕੀਆਂ ਦੀਆਂ ਲਿਸਟਾਂ ਤਿਆਰ ਹੋ ਰਹੀਆਂ ਹਨ ਅਤੇ ਇਨ੍ਹਾਂ ਸਭ ਦਾ ਮਨੀ ਲਾਂਡਰਿੰਗ ਨਾਲ ਕੁਨੈਕਸ਼ਨ ਲੱਭਿਆ ਜਾ ਰਿਹਾ ਹੈ। ਏਜੰਸੀ ਦੇ ਸੂਤਰਾਂ ਮੁਤਾਬਕ ਏਜੰਸੀ ਦੇ ਹੱਥ ਕੁਝ ਅਜਿਹੇ ਦਸਤਾਵੇਜ ਲੱਗੇ ਹਨ, ਜਿਨ੍ਹਾਂ ਦਾ ਸਿੱਧਾ ਸਬੰਧ ਮਨੀ ਲਾਂਡਰਿੰਗ ਅਤੇ ਰੀਅਲ ਅਸਟੇਟ ਨਾਲ ਜੁੜੇ ਕਾਰੋਬਾਰੀਆਂ ਨਾਲ ਹੈ ਅਤੇ ਜਲਦ ਵੱਡੀ ਕਾਰਵਾਈ ਹੋਣ ਦੀ ਸੰਭਾਵਨਾ ਹੈ।

## ਪੰਜਾਬ 'ਚ 13 ਸਾਲ ਬਾਅਦ ਠੰਡਾ ਬੀਤਿਆ ਮਾਰਚ, ਆਉਣ ਵਾਲੇ ਦਿਨਾਂ ਲਈ ਮੌਸਮ ਵਿਭਾਗ ਦੀ ਵੱਡੀ ਭਵਿੱਖਬਾਣੀ

ਜਲੰਧਰ/ਲੁਧਿਆਣਾ 6 ਅਪ੍ਰੈਲ। ਪੰਜਾਬ 'ਚ ਇਸ ਵਾਰ ਮਾਰਚ ਦਾ ਮਹੀਨਾ ਪਿਛਲੇ 13 ਸਾਲ ਦੇ ਰਿਕਾਰਡ 'ਚ ਕਾਫੀ ਠੰਡਾ ਬੀਤਿਆ ਹੈ। ਹਾਲਾਂਕਿ ਗਰਮੀ ਦੇ ਮਹੀਨੇ ਦੀ ਸ਼ੁਰੂਆਤ ਮਾਰਚ ਤੋਂ ਸ਼ੁਰੂ ਹੋ ਚੁੱਕੀ ਹੈ। ਮੌਸਮ ਵਿਭਾਗ ਅਨੁਸਾਰ ਪਿਛਲੇ 13 ਸਾਲ 'ਚ ਇਸ ਵਾਰ ਦਿਨ ਦਾ ਤਾਪਮਾਨ ਔਸਤ ਸਾਰੇ ਜ਼ਿਲ੍ਹਿਆਂ 'ਚ 27-28 ਡਿਗਰੀ ਤੱਕ ਹੀ ਦਰਜ ਹੋਇਆ, ਜੋ ਪਿਛਲੇ 13 ਸਾਲ ਦੇ ਰਿਕਾਰਡ 'ਚ ਸਭ ਤੋਂ ਘੱਟ ਹੈ। ਇਸ ਤੋਂ ਪਹਿਲਾਂ 2022 'ਚ ਔਸਤ 29.7 ਤੋਂ 31.8 ਡਿਗਰੀ ਤੱਕ ਔਸਤ ਪਾਰਾ ਰਿਕਾਰਡ ਹੋਇਆ ਸੀ ,ਜੋ ਇਹ ਲੰਘੇ 13 ਸਾਲ 'ਚ ਸਭ ਤੋਂ ਘੱਟ ਰਿਕਾਰਡ ਹੋਇਆ ਸੀ । ਦੋ ਸਾਲ ਦੇ ਫਰਕ 'ਚ ਹੀ 3 ਤੋਂ 4 ਡਿਗਰੀ ਤਾਪਮਾਨ ਅਤੇ ਗਿਰਾਵਟ ਲੈਂਦੇ ਹੋਏ ਮਾਰਚ ਦਾ ਗਰਮੀ ਵਾਲਾ ਮਹੀਨਾ ਰਾਹਤ ਵਾਲਾ ਬੀਤਿਆ ਹੈ। ਅਪ੍ਰੈਲ ਦਾ ਪਹਿਲਾ ਹਫਤਾ ਵੀ ਰਾਹਤ ਭਰਿਆ ਹੀ ਰਹੇਗਾ। ਮੌਸਮ ਵਿਗਿਆਨੀਆਂ ਨੇ ਦੱਸਿਆ ਕਿ ਇਸ ਵੱਡੇ ਬਦਲਾਅ ਦੇ ਪਿੱਛੇ ਕਾਰਨ ਇਹ ਹੈ ਕਿ ਸੂਬੇ 'ਚ ਮਾਰਚ ਵਿੱਚ 4 ਡਬਲਿਊ. ਡੀ. ਐਕਟਿਵ ਹੋਏ। ਸ਼ੁਰੂਆਤ 'ਚ ਅਤੇ ਆਖਰੀ ਦਿਨਾਂ 'ਚ ਐਕਟਿਵ ਹੋਏ ਡਬਲਿਊ. ਡੀ. ਨੇ



ਤਾਪਮਾਨ ਨੂੰ ਜ਼ਿਆਦਾ ਵੱਧਣ ਨਹੀਂ ਦਿੱਤਾ। ਸਭ ਤੋਂ ਹਾਈਐਸਟ ਪਾਰਾ ਆਖਰੀ ਦਿਨਾਂ ਵਿੱਚ ਅੰਮ੍ਰਿਤਸਰ 'ਚ 32.4 ਡਿਗਰੀ ,ਲੁਧਿਆਣਾ 'ਚ 33.6 ਡਿਗਰੀ ਅਤੇ ਪਟਿਆਲਾ 'ਚ 35.3 ਡਿਗਰੀ ਤੱਕ ਰਿਹਾ, ਜਦਕਿ ਬਾਕੀ ਦੇ ਪੂਰੇ ਮਹੀਨੇ 'ਚ ਵੱਧ ਤੋਂ ਵੱਧ ਤਾਪਮਾਨ 30 ਡਿਗਰੀ ਤੋਂ ਹੇਠਾਂ ਰਿਹਾ । ਕਣਕ ਦੀ ਅਗੇਤੀ ਫਸਲ 'ਤੇ ਮਾਰਚ 'ਚ ਹੋਈ ਬਾਰਿਸ਼ ਅਤੇ ਤੇਜ ਹਵਾਵਾਂ ਦਾ ਪ੍ਰਭਾਵ ਪਿਆ ਹੈ। ਜੋ ਸਬਜੀਆਂ ਪੱਕਣ ਵਾਲੀਆਂ ਹਨ, ਉਨ੍ਹਾਂ 'ਤੇ ਵੀ ਕੁੱਝ ਅਸਰ ਪਿਆ ਹੈ। ਬਾਗਵਾਨੀ ਦੀ ਫਸਲਾਂ 'ਚ ਜੇਕਰ  ਬਾਗ 'ਚ ਪਾਣੀ ਭਰਿਆ ਹੈ ਅਤੇ ਹੁਣ ਵੀ ਨਹੀਂ ਕੱਢਿਆ ਗਿਆ ਹੈ ਤਾਂ ਫਸਲ ਦੀ ਉਪਜ ਪ੍ਰਭਾਵਿਤ ਹੋਵੇਗੀ। ਕਿਸਾਨਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਤੇਜ ਹਵਾ ਚੱਲਣ 'ਤੇ ਸਿੰਚਾਈ ਨਾ ਕਰਨ। ਸਮੇਂ 'ਤੇ ਬੀਜੀ ਗਈ ਫਸਲ 'ਚ ਸਿੰਚਾਈ ਤਾਪਮਾਨ ਨੂੰ ਵੇਖ ਕੇ ਹੀ ਕਰਨ। ਪੰਜਾਬ ਵਿੱਚ ਨਵਾਂ ਵੈਸਟਰਨ ਡਿਸਟਰਬੈਂਸ ਅਪ੍ਰੈਲ ਦੇ ਸ਼ੁਰੂਆਤੀ ਦਿਨਾਂ 'ਚ ਵੇਖਣ ਨੂੰ ਮਿਲੇਗਾ । 3 ਤੋਂ 6 ਅਪ੍ਰੈਲ ਤੱਕ ਬੱਦਲ ਛਾਏ ਰਹਿਣਗੇ । ਮੌਸਮ 'ਚ ਹਲਕਾ ਬਦਲਾਅ ਆ ਸਕਦਾ ਹੈ । ਉਥੇ ਹੀ ਹਿਮਾਚਲ 'ਚ ਅੱਜ ਤੋਂ 6 ਅਪ੍ਰੈਲ ਤੱਕ ਮੀਂਹ- ਬਰਫਬਾਰੀ ਦਾ ਯੈਲੋ ਅਲਰਟ ਜਾਰੀ ਕੀਤਾ ਹੈ।

## ਚੱਲਦੇ ਟਰੱਕ 'ਚ ਲੱਗੀ ਅੱਗ, ਡਰਾਈਵਰ ਨੇ ਬਾਹਰ ਛਾਲ ਮਾਰ ਕੇ ਬਚਾਈ ਜਾਨ

ਰੇਵਾੜੀ 6 ਅਪ੍ਰੈਲ। ਚੱਲਦੇ ਵਾਹਨਾਂ 'ਚ ਅੱਗ ਲੱਗਣ ਦੀਆਂ ਕਈ ਘਟਨਾਵਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਹਰਿਆਣਾ ਦੇ ਰੇਵਾੜੀ 'ਚ ਉਸ ਸਮੇਂ ਹਫੜਾ-ਦਫੜੀ ਮਚ ਗਈ, ਜਦੋਂ ਸੜਕ 'ਤੇ ਚੱਲ ਰਹੇ ਇਕ ਟਰੱਕ 'ਚ ਅਚਾਨਕ ਅੱਗ ਲੱਗ ਗਈ। ਵੇਖਦੇ ਹੀ ਵੇਖਦੇ ਟਰੱਕ ਅੱਗ ਦਾ ਗੋਲਾ ਬਣ ਗਿਆ। ਡਰਾਈਵਰ ਨੇ ਟਰੱਕ ਤੋਂ ਛਾਲ ਮਾਰ ਕੇ ਆਪਣੀ ਜਾਨ ਬਚਾਈ। ਮੌਕੇ 'ਤੇ ਪਹੁੰਚੀ ਫਾਇਰ ਬ੍ਰਿਗੇਡ ਦੀ ਗੱਡੀ ਨੇ ਅੱਗ 'ਤੇ ਕਾਬੂ ਪਾਇਆ। ਟਰੱਕ 'ਚ ਅਚਾਨਕ ਲੱਗੀ ਅੱਗ ਨਾਲ ਡਰਾਈਵਰ ਘਬਰਾ ਗਿਆ ਅਤੇ ਉਸ ਨੇ ਟਰੱਕ 'ਚੋਂ ਛਾਲ ਮਾਰ ਕੇ ਆਪਣੀ ਜਾਨ ਬਚਾਈ। ਅੱਗ ਦੀ ਵਜ੍ਹਾ ਕਰ ਕੇ ਟਰੱਕ ਦਾ ਕੇਬਿਨ ਸੜ ਕੇ ਸੁਆਹ ਹੋ ਗਿਆ। ਗਨੀਮਤ ਇਹ ਰਹੀ ਕਿ ਸੀ. ਐੱਨ. ਜੀ. ਦੀ ਟੈਂਕੀ ਤੱਕ ਨਹੀਂ ਪਹੁੰਚੀ ਨਹੀਂ ਤਾਂ ਕੋਈ ਵੱਡਾ ਹਾਦਸਾ ਵਾਪਰ ਸਕਦਾ ਸੀ। ਡਰਾਈਵਰ ਨੇ ਦੱਸਿਆ ਕਿ ਉਹ ਨੈਸਨਲ ਹਾਈਵੇਅ 'ਤੇ ਸਥਿਤ ਇਕ ਕੰਪਨੀ ਤੋਂ ਮਾਲ ਲੈਣ ਲਈ ਗਿਆ ਸੀ। ਅਚਾਨਕ ਟਰੱਕ 'ਚੋਂ ਧੂੰਆਂ ਉੱਠਣ ਲੱਗਾ ਅਤੇ ਕੁਝ ਹੀ ਸਮੇਂ 'ਚ ਇਹ ਅੱਗ ਦੀ ਲਪੇਟ ਵਿਚ ਆ ਗਿਆ। ਡਰਾਈਵਰ ਨੇ ਸਮਝਦਾਰੀ ਦਿਖਾਉਂਦੇ ਹੋਏ ਟਰੱਕ ਤੋਂ ਛਾਲ ਮਾਰ ਕੇ ਆਪਣੀ ਜਾਨ ਬਚਾਈ। ਸੂਚਨਾ ਤੋਂ ਬਾਅਦ ਫਾਇਰ ਬ੍ਰਿਗੇਡ ਨੇ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾਇਆ।

## ਸੋਨਾ 2024 'ਚ ਛੂਹ ਸਕਦਾ ਹੈ 60,000 ਰੁਪਏ ਦਾ ਪੱਧਰ, 80,000 'ਤੇ ਪਹੁੰਚੇਗੀ ਚਾਂਦੀ

ਮੁੰਬਈ 6 ਅਪ੍ਰੈਲ। ਸੋਨੇ 'ਚ ਇਸ ਸਾਲ ਹੁਣ ਤੱਕ 13.5 ਫੀਸਦੀ ਅਤੇ ਚਾਂਦੀ 'ਚ ਕਰੀਬ 10 ਫੀਸਦੀ ਦੀ ਤੇਜੀ ਆਈ ਹੈ। ਪਿਛਲੇ ਕੁੱਝ ਦਿਨਾਂ ਤੋਂ ਸੋਨੇ ਅਤੇ ਚਾਂਦੀ 'ਚ ਮਿਕਸਡ ਟ੍ਰੈਂਡ ਦੇਖਣ ਨੂੰ ਮਿਲਿਆ ਹੈ ਪਰ ਸਾਲ 2023 ਲਈ ਕੀਮਤੀ ਮੈਟਲਸ ਨੂੰ ਲੈ ਕੇ ਆਊਟਲੁੱਕ ਬਿਹਤਰ ਨਜਰ ਆ ਰਿਹਾ ਹੈ, ਜਿਸ ਤਰ੍ਹਾਂ ਦੁਨੀਆ ਦੀਆਂ ਕੁੱਝ ਵੱਡੀਆਂ ਅਰਥਵਿਵਸਥਾਵਾਂ 'ਚ ਮੰਦੀ ਦਾ ਅਨੁਮਾਨ ਹੈ, ਅੱਗੇ ਸੋਨਾ ਨਿਵੇਸ਼ਕਾਂ ਲਈ ਸੇਫ ਹੈਵਨ ਬਣ ਸਕਦਾ ਹੈ। ਸ਼ੇਅਰ ਬਾਜਾਰਾਂ ਲਈ ਵੀ ਮੌਜੂਦਾ ਸੈਂਟੀਮੈਂਟ ਬਹੁਤਾ ਬਿਹਤਰ ਨਹੀਂ ਹੈ। ਮਹਿੰਗਾਈ, ਰੇਟ ਹਾਈਕ, ਜੀਓ ਪੌਲਿਟੀਕਲ ਟੈਨਸ਼ਨ ਅਤੇ ਮੰਦੀ ਵਰਗੇ ਫੈਕਟਰ ਕਾਰਨ ਅਨਿਸ਼ਚਿਤਤਾਵਾਂ ਹਨ। ਅਜਿਹੇ 'ਚ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਨੂੰ ਸਪੋਰਟ ਮਿਲ ਸਕਦਾ ਹੈ। ਬ੍ਰੋਕਰੇਜ ਹਾਊਸ ਆਈ. ਸੀ. ਆਈ. ਸੀ. ਆਈ. ਡਾਇਰੈਕਟ ਨੇ ਸੋਨੇ ਅਤੇ ਚਾਂਦੀ 'ਚ 2023 ਲਈ 13 ਫੀਸਦੀ ਅਤੇ 16 ਫੀਸਦੀ ਰਿਟਰਨ ਦਾ ਅਨੁਮਾਨ ਲਗਾਇਆ ਹੈ। ਕੌਮਾਂਤਰੀ ਬਾਜਾਰ 'ਚ ਸੋਨੇ ਦੀਆਂ ਕੀਮਤਾਂ ਮਾਰਚ 'ਚ 2,070 ਡਾਲਰ ਪ੍ਰਤੀ ਓਂਸ ਦੇ ਉੱਚ ਪੱਧਰ ਤੋਂ ਨਵੰਬਰ 'ਚ 1,616 ਡਾਲਰ ਪ੍ਰਤੀ ਓਂਸ ਦੇ ਹੇਠਲੇ ਪੱਧਰ ਤੱਕ ਆ ਗਈਆਂ ਅਤੇ ਉਸ ਤੋਂ ਬਾਅਦ ਇਸ 'ਚ ਸੁਧਾਰ ਹੋ ਰਿਹਾ ਹੈ। 2022 ਦੀ ਸ਼ੁਰੂਆਤ 'ਚ ਸੋਨੇ ਦੀ ਕੀਮਤ ਕਰੀਬ 1,800 ਡਾਲਰ ਪ੍ਰਤੀ ਓਂਸ ਸੀ। ਇਸ ਸਮੇਂ ਕੌਮਾਂਤਰੀ ਬਾਜਾਰਾਂ 'ਚ ਇਸ ਬੇਸ਼ਕੀਮਤੀ ਧਾਤੂ ਦੀ ਕੀਮਤ 1,803 ਡਾਲਰ ਪ੍ਰਤੀ ਓਂਸ ਹੈ। ਜਿਣਸ ਬਾਜਾਰ ਮਲਟੀ ਕਮੋਡਿਟੀ ਐਕਸਚੇਂਜ ਆਫ ਇੰਡੀਆ ਲਿਮਟਿਡ (ਐੱਮ. ਸੀ. ਐਕਸ.) 'ਤੇ ਸੋਨਾ 54,790 ਰੁਪਏ ਪ੍ਰਤੀ 10 ਗ੍ਰਾਮ ਹੈ, ਜਦੋਂ ਰੁਪਇਆ ਅਮਰੀਕੀ ਡਾਲਰ ਦੀ ਤੁਲਨਾ 'ਚ 83 ਦੇ ਕਰੀਬ ਹੈ। ਮਾਹਰਾਂ ਦਾ ਮੰਨਣਾ ਹੈ ਕਿ 2023 'ਚ ਸੋਨਾ 60,000 ਰੁਪਏ ਪ੍ਰਤੀ 10 ਗ੍ਰਾਮ ਦੇ ਪੱਧਰ ਨੂੰ ਛੂਹ ਸਕਦਾ ਹੈ। ਉੱਥੇ ਹੀ ਚਾਂਦੀ 80,000 ਰੁਪਏ ਪ੍ਰਤੀ ਕਿਲੋ 'ਤੇ ਪਹੁੰਚ ਜਾਏਗੀ। ਕੋਟਕ ਸਕਿਓਰਿਟੀਜ ਦੇ ਉੱਪ-ਪ੍ਰਧਾਨ ਅਤੇ ਜਿਣਸ ਖੋਜ ਦੇ ਮੁਖੀ ਰਵਿੰਦਰ ਵੀ. ਰਾਵ ਨੇ ਦੱਸਿਆ ਕਿ ਅਗਲੇ ਸਾਲ ਕੌਮਾਂਤਰੀ ਬਾਜਾਰ 'ਚ ਸੋਨੇ ਦੇ ਹਾਂਪੱਖੀ ਰੁਝਾਨ ਨਾਲ 1,670-2,000 ਡਾਲਰ ਦੇ ਘੇਰੇ 'ਚ ਕਾਰੋਬਾਰ ਕਰਨ ਦੀ ਉਮੀਦ ਹੈ। ਐੱਮ. ਸੀ. ਐਕਸ. 'ਤੇ ਸੋਨਾ 48,500-60,000 ਰੁਪਏ ਦੇ ਘੇਰੇ 'ਚ ਕਾਰੋਬਾਰ ਕਰ ਸਕਦਾ ਹੈ। ਬ੍ਰੋਕਰੇਜ ਹਾਊਸ ਆਈ. ਸੀ. ਆਈ. ਸੀ. ਆਈ. ਡਾਇਰੈਕਟ ਮੁਤਾਬਕ ਰੂਸ-ਯੂਕ੍ਰੇਨ ਜੰਗ ਦੇ ਬਾਵਜੂਦ ਕਰੂਡ ਆਇਲ ਮਾਰਕੀਟ ਨੂੰ 2022 'ਚ ਬਹੁਤ ਨੁਕਸਾਨ ਹੋਇਆ ਹੈ ਕਿਉਂਕਿ ਉਤਪਾਦਨ ਅਤੇ ਮੰਗ ਲਗਭਗ ਸੰਤੁਲਿਤ ਸੀ। 2023 'ਚ ਚੀਨ 'ਚ ਅਰਥਵਿਵਸਥਾ ਖੁੱਲ੍ਹਣ ਅਤੇ ਓਪੇਕ ਵਲੋਂ ਪ੍ਰੋਡਕਸ਼ਨ 'ਚ ਕਟੌਤੀ ਦੇ ਨਾਲ ਗਲੋਬਲੀ ਕੱਚੇ ਤੇਲ ਦੀ ਖਪਤ ਇਕ ਵਾਰ ਮੁੜ ਵਧਣ ਦਾ ਅਨੁਮਾਨ ਹੈ। ਅੱਗੇ ਮੋਬਿਲਿਟੀ ਵਧਣ ਦੀ ਉਮੀਦ ਹੈ। ਚੀਨ ਦਾ ਕਰੂਡ ਇੰਪੋਰਟ ਵੀ ਵਧਣ ਦਾ ਅਨੁਮਾਨ ਹੈ। ਅਜਿਹੇ 'ਚ ਐੱਮ. ਸੀ. ਐਕਸ. ਕਰੂਡ ਫਿਊਚਰ ਦੀ ਕੀਮਤ 7850 ਰੁਪਏ ਪ੍ਰਤੀ ਬੈਰਲ ਤੱਕ ਵਧਣ ਦਾ ਅਨੁਮਾਨ ਹੈ।



## ਵਿਦੇਸ਼ ਭੇਜਣ ਦੇ ਨਾਂ 'ਤੇ ਮਾਰੀ ਲੱਖਾਂ ਦੀ ਠੱਗੀ

ਫਰੀਦਕੋਟ 6 ਅਪ੍ਰੈਲ। ਪੰਜਾਬ 'ਚ ਅਕਸਰ ਹੀ ਟਰੈਵਲ ਏਜੰਟਾਂ ਵੱਲੋਂ ਵਿਦੇਸ ਭੇਜਣ ਦੇ ਨਾਂ ਤੇ ਠੱਗੀ ਮਾਰਨ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਅਜਿਹੀ ਹੀ ਇਕ ਘਟਨਾ ਫਿਰੋਜਪੁਰ ਜ਼ਿਲ੍ਹੇ ਤੋਂ ਸਾਹਮਣੇ ਆਈ ਹੈ ਜਿੱਥੇ ਇੱਕ ਟਰੈਵਲ ਏਜੰਟ ਨੇ ਕੈਨੇਡਾ ਭੇਜਣ ਦਾ ਝਾਂਸਾ ਦੇ ਕੇ ਚੀਮਾ ਪਿੰਡ ਦੇ ਰਹਿਣ ਵਾਲੇ 2 ਪਰਿਵਾਰਾਂ ਨਾਲ 17-17 ਲੱਖ ਦੀ ਠੱਗੀ ਮਾਰੀ ਹੈ। ਹੁਣ ਉਹ ਆਪਣਾ ਬਰਨਾਲਾ ਸਥਿਤ ਆਪਣਾ ਦਫਤਰ ਬੰਦ ਕਰ ਫਰੀਦਕੋਟ ਆਪਣੇ ਘਰ ਰਹਿ ਰਿਹਾ ਸੀ। ਫਰੀਦਕੋਟ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨਾਲ ਮਿਲ ਕੇ ਉਨ੍ਹਾਂ ਨੇ ਟਰੈਵਲ ਏਜੰਟ ਦੇ ਘਰ ਦੇ ਬਾਹਰ ਧਰਨਾ ਦਿੱਤਾ ਜਿਸ ਤੋਂ ਬਾਅਦ ਟਰੈਵਲ ਏਜੰਟ ਨੇ ਉਨ੍ਹਾਂ ਨੂੰ 50-50 ਹਜ਼ਾਰ ਰੁਪਏ ਦਿੱਤੇ ਅਤੇ ਬਾਕੀ ਪੈਸੇ 15 ਦਿਨਾਂ ਚ ਮੋੜਨ ਦੀ ਗੱਲ ਕਹਿ ਕੇ ਧਰਨਾ ਸਮਾਪਤ ਕਰਵਾਇਆ। ਇਸ ਮੌਕੇ ਭਾਰਤੀ ਕਿਸਾਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਜਸਪਾਲ ਸਿੰਘ ਨੇ ਦੱਸਿਆ ਕਿ ਫਰੀਦਕੋਟ ਦੇ ਰਹਿਣ ਵਾਲਾ ਟਰੈਵਲ ਏਜੰਟ ਜੋ ਬਰਨਾਲਾ ਵਿਖੇ ਦਫਤਰ ਚਲਾ ਰਿਹਾ ਸੀ ਅਤੇ ਉਸ ਵੱਲੋਂ ਕੈਨੇਡਾ ਸਟਡੀ ਵੀਜਾ ਲਗਵਾਉਣ ਦਾ ਨਾਂ ਤੇ ਉਹਨਾਂ ਦੇ ਦੋ ਸਾਥੀਆਂ ਦੇ ਪਰਿਵਾਰਾਂ ਨਾਲ ਠੱਗੀ ਮਾਰੀ ਹੈ ਅਤੇ ਉਨ੍ਹਾਂ ਵੱਲੋਂ ਉਸ ਦੇ ਘਰ ਦੇ ਬਾਹਰ ਸੰਕੇਤਿਕ ਧਰਨਾ ਦਿੱਤਾ ਗਿਆ ਹੈ ਤੇ ਜੇਕਰ ਉਹਨਾਂ ਦੇ ਪੈਸੇ ਨਹੀਂ ਦਿੰਦਾ ਤਾਂ ਉਹਨਾਂ ਵੱਲੋਂ ਪੱਕਾ ਧਰਨਾ ਸੁਰੂ ਕੀਤਾ ਜਾਵੇਗਾ।



ਟਰੈਵਲ ਏਜੰਟ ਨੇ ਗੱਲ ਕੀਤੀ ਅਤੇ ਦੋਵਾਂ ਪਰਿਵਾਰਾਂ ਨੂੰ 50-50 ਹਜਾਰ ਰੁਪਏ ਦਿੱਤੇ ਅਤੇ ਬਾਕੀ ਪੈਸੇ ਮੋੜਨ ਲਈ 15 ਦਿਨ ਮੰਗੇ ਹਨ ਜੇਕਰ ਆਉਣ ਵਾਲੇ ਦਿਨਾਂ ਵਿੱਚ ਉਹ ਪੈਸੇ ਨਹੀਂ ਦਿੱਤਾ ਤਾਂ ਉਸ ਦੇ ਘਰ ਦੇ ਬਾਹਰ ਪੱਕਾ ਧਰਨਾ ਦਿੱਤਾ ਜਾਵੇਗਾ। ਇਸ ਮੌਕੇ ਬਰਨਾਲਾ ਦੇ ਪਿੰਡ ਚੀਮਾ ਰਹਿਣ ਵਾਲੇ ਕੇਵਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਲੜਕੀ ਨੂੰ ਕੈਨੇਡਾ ਭੇਜਣ ਲਈ ਕੁਲਬੀਰ ਸਿੰਘ ਨੂੰ ਸਟੱਡੀ ਵੀਜਾ ਲਗਾਉਣ ਲਈ ਪੈਸੇ ਦਿੱਤੇ ਸਨ ਪਰ ਇਕ ਸਾਲ ਤੋਂ ਉਪਰ ਦਾ ਸਮਾਂ ਹੋ ਗਿਆ ਹੈ ਨਾ ਤਾਂ ਵੀਜਾ ਲੱਗਾ ਤੇ ਨਾ ਹੀ ਪੈਸੇ ਵਾਪਸ ਕੀਤੇ ਗਏ ਹਨ। ਇਸ ਮੌਕੇ ਫਰੀਦਕੋਟ ਦੇ ਰਹਿਣ ਵਾਲੇ ਟਰੈਵਲ ਏਜੰਟ ਕੁਲਬੀਰ ਸਿੰਘ ਨੇ ਕਿਹਾ ਕਿ ਉਹਨਾਂ ਵੱਲੋਂ ਦੋਵੇਂ ਪਰਿਵਾਰਾਂ ਨੂੰ 50-50 ਹਜਾਰ ਰੁਪਏ ਦਿੱਤੇ ਗਏ ਹਨ ਅਤੇ ਆਉਣ ਵਾਲੇ 15 ਦਿਨਾਂ ਦੇ ਵਿੱਚ ਬਾਕੀ ਰਹਿੰਦਾ ਪੈਸਾ ਵੀ ਉਹਨਾਂ ਨੂੰ ਦੇ ਦਿੱਤਾ ਜਾਵੇਗਾ।

# 2 ਮਹੀਨਿਆਂ ਦੇ ਨਿਕਾਸੀ ਦਾ ਦੌਰ ਤੋਂ ਬਾਅਦ ਮੁੜ ਵਧਿਆ ਵਿਦੇਸ਼ੀ ਨਿਵੇਸ਼ਕਾਂ ਦਾ ਭਰੋਸਾ, ਕੀਤਾ ਭਾਰੀ ਨਿਵੇਸ਼

ਨਵੀਂ ਦਿੱਲੀ 6 ਅਪ੍ਰੈਲ। ਵਿਦੇਸ਼ੀ ਨਿਵੇਸ਼ਕਾਂ ਨੇ ਭਾਰਤੀ ਇਕਵਟੀ ਬਾਜਾਰਾਂ 'ਚ ਨਵੰਬਰ ਮਹੀਨੇ 'ਚ ਹੁਣ ਤੱਕ ਲਗਭਗ 19,000 ਕਰੋੜ ਰੁਪਏ ਦਾ ਨਿਵੇਸ਼



ਕੀਤਾ ਹੈ, ਜਿਸ ਪਿੱਛੇ ਅਮਰੀਕਾ 'ਚ ਮਹਿੰਗਾਈ ਨਰਮ ਪੈਣ ਅਤੇ ਡਾਲਰ ਦੀ ਮਜਬੂਤੀ ਘੱਟ ਹੋਣ ਦਾ ਹੱਥ ਰਿਹਾ ਹੈ। ਡਿਪਾਜਟਰੀ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਨਵੰਬਰ 'ਚ ਵਿਦੇਸ਼ੀ ਨਿਵੇਸ਼ਕਾਂ ਦੇ ਅਨੁਕੂਲ ਰੁਖ ਰੱਖਣ ਤੋਂ ਪਹਿਲਾਂ ਲਗਾਤਾਰ 2 ਮਹੀਨਿਆਂ ਤੱਕ ਨਿਕਾਸੀ ਦਾ ਦੌਰ ਦੇਖਿਆ ਗਿਆ ਸੀ। ਸਤੰਬਰ 'ਚ ਵਿਦੇਸ਼ੀ ਨਿਵੇਸ਼ਕਾਂ ਨੇ ਭਾਰਤੀ ਬਾਜਾਰਾਂ 'ਚ 7,624 ਕਰੋੜ ਰੁਪਏ ਅਤੇ ਅਕਤੂਬਰ 'ਚ 8 ਕਰੋੜ ਰੁਪਏ ਦੀ ਸ਼ੁੱਧ ਨਿਕਾਸੀ ਕੀਤੀ ਸੀ। ਉਸ ਤੋਂ ਪਹਿਲਾਂ ਅਗਸਤ 'ਚ ਵਿਦੇਸ਼ੀ ਪੋਰਟਫੋਲੀਓ ਨਿਵੇਸ਼ਕਾਂ (ਐੱਫ. ਪੀ. ਆਈ.) ਨੇ 51,200 ਕਰੋੜ ਰੁਪਏ ਅਤੇ ਜੁਲਾਈ 'ਚ ਲਗਭਗ 5,000 ਕਰੋੜ ਰੁਪਏ ਦੀ ਸ਼ੁੱਧ ਖਰੀਦਦਾਰੀ ਕੀਤੀ ਸੀ। ਹਾਲਾਂਕਿ ਉਸ ਤੋਂ ਪਹਿਲਾਂ ਅਕਤੂਬਰ 2021 ਤੋਂ ਲੈ ਕੇ ਜੂਨ 2022 ਦੌਰਾਨ ਲਗਾਤਾਰ 9 ਮਹੀਨਿਆਂ ਤੱਕ ਵਿਦੇਸ਼ੀ ਨਿਵੇਸ਼ਕ ਸ਼ੁੱਧ ਬਿਕਵਾਲ ਬਣੇ ਹੋਏ ਸਨ। ਜਿਓਜੀਤ ਫਾਈਨਾਂਸ਼ੀਅਲ ਸਰਵਿਸਿਜ ਦੇ ਮੁੱਖ ਨਿਵੇਸ਼ ਰਣਨੀਤਕਾਰ ਵੀ. ਕੇ. ਵਿਜੇਕੁਮਾਰ ਦਾ ਮੰਨਣਾ ਹੈ ਕਿ ਐੱਫ. ਪੀ. ਆਈ. ਆਉਣ ਵਾਲੇ ਦਿਨਾਂ 'ਚ ਵੀ ਖਰੀਦਦਾਰੀ ਦਾ ਸਿਲਸਿਲਾ ਜਾਰੀ ਰੱਖ ਸਕਦੇ ਹਨ। ਉਨ੍ਹਾਂ ਕਿਹਾ ਕਿ ਅਮਰੀਕਾ 'ਚ ਮਹਿੰਗਾਈ ਦੇ ਅੰਕੜਿਆਂ 'ਚ ਨਰਮੀ ਦਾ ਰੁਖ ਰਹਿਣ ਅਤੇ ਡਾਲਰ ਅਤੇ ਬਾਂਡ ਪ੍ਰਤੀਫਲ ਘੱਟਣ ਨਾਲ ਵਿਦੇਸ਼ੀ ਨਿਵੇਸ਼ਕ ਭਾਰਤੀ ਬਾਜਾਰਾਂ ਪ੍ਰਤੀ ਦਿਲਚਸਪੀ ਦਿਖਾ ਸਕਦੇ ਹਨ। ਅੰਕੜੇ ਦੱਸਦੇ ਹਨ ਕਿ ਵਿਦੇਸ਼ੀ ਨਿਵੇਸ਼ਕਾਂ ਨੇ 1 ਨਵੰਬਰ ਤੋਂ ਲੈ ਕੇ 11 ਨਵੰਬਰ ਦੌਰਾਨ ਕੁੱਲ 18,979 ਕਰੋੜ ਰੁਪਏ ਦਾ ਨਿਵੇਸ਼ ਭਾਰਤੀ ਇਕਵਟੀ ਬਾਜਾਰਾਂ 'ਚ ਕੀਤਾ ਹੈ। ਸਾਲ 2022 'ਚ ਹੁਣ ਤੱਕ ਵਿਦੇਸ਼ੀ ਨਿਵੇਸ਼ਕਾਂ ਦੀ ਭਾਰਤੀ ਬਾਜਾਰ ਤੋਂ ਨਿਕਾਸੀ 1.5 ਲੱਖ ਕਰੋੜ ਰੁਪਏ ਰਹੀ ਹੈ। ਕੋਟਕ ਸਕਿਓਰਿਟੀਜ ਦੇ ਇਕਵਟੀ ਸੋਧ (ਪ੍ਰਚੂਨ) ਪ੍ਰਮੁੱਖ ਸ਼੍ਰੀਕਾਂਤ ਚੌਹਾਨ ਨੇ ਵਿਦੇਸ਼ੀ ਨਿਵੇਸ਼ਕਾਂ ਦੇ ਮੌਜੂਦਾ ਰੁਖ ਲਈ ਮਹਿੰਗਾਈ 'ਚ ਨਰਮੀ, ਗਲੋਬਲ ਬਾਂਡ ਪ੍ਰਤੀਫਲ ਘੱਟ ਹੋਣ ਅਤੇ ਡਾਲਰ ਦੀ ਮਜਬੂਤੀ ਦਰਸਾਉਣ ਵਾਲੇ ਡਾਲਰ ਇੰਡੈਕਸ 'ਚ ਗਿਰਾਵਟ ਨੂੰ ਜ਼ਿੰਮੇਵਾਰ ਦੱਸਿਆ। ਮਾਰਨਿੰਗਸਟਾਰ ਇੰਡੀਆ ਦੇ ਸਹਿ-ਨਿਦੇਸ਼ਕ ਹਿਮਾਂਸ਼ੂ ਸ਼੍ਰੀਵਾਸਤਵ ਨੇ ਕਿਹਾ ਕਿ ਹਾਲ ਦੇ ਦਿਨਾਂ 'ਚ ਇਕਵਟੀ ਬਾਜਾਰਾਂ ਦੇ ਤੇਜੀ ਫੜਨ ਨਾਲ ਵਿਦੇਸ਼ੀ ਨਿਵੇਸ਼ਕਾਂ ਨੇ ਵੀ ਸੰਭਾਵਿਤ ਰਿਟਰਨ ਦੀ ਉਮੀਦ 'ਚ ਇਸ ਦਾ ਹਿੱਸਾ ਬਣਨਾ ਪਸੰਦ ਕੀਤਾ ਹੈ। ਹਾਲਾਂਕਿ ਵਿਦੇਸ਼ੀ ਨਿਵੇਸ਼ਕਾਂ ਨੇ ਨਵੰਬਰ 'ਚ ਹੁਣ ਤੱਕ ਭਾਰਤੀ ਕਰਜਾ ਬਾਜਾਰ ਤੋਂ 2,784 ਕਰੋੜ ਰੁਪਏ ਦੀ ਨਿਕਾਸੀ ਵੀ ਕੀਤੀ ਹੈ।

## ਜਲੰਧਰ ਦੇ ਰੇਲਵੇ ਸਟੇਸ਼ਨ 'ਤੇ ਮਿਲਿਆ ਲਾਵਾਰਸ ਬੈਗ, ਜਦੋਂ ਖੋਲ੍ਹ ਕੇ ਦੇਖਿਆ ਤਾਂ ਉੱਡੇ ਹੋਸ਼

ਜਲੰਧਰ 6 ਅਪ੍ਰੈਲ। ਜਲੰਧਰ ਸ਼ਹਿਰ ਦੇ ਰੇਲਵੇ ਸਟੇਸ਼ਨ 'ਤੇ ਉਸ ਸਮੇਂ ਸਾਰਿਆਂ ਦੇ ਹੋਸ਼ ਉੱਡ ਗਏ ਜਦੋਂ ਸਟੇਸ਼ਨ ਦੇ ਬਾਹਰ ਇਕ ਲਾਲ ਰੰਗ ਦਾ ਬੈਗ ਲਾਵਾਰਸ ਹਾਲਤ ਵਿਚ ਪਿਆ ਮਿਲਿਆ। ਇਸ ਦੌਰਾਨ ਰੇਲਵੇ ਪੁਲਸ ਅਧਿਕਾਰੀਆਂ ਨੇ ਉਕਤ ਬੈਗ ਨੂੰ ਜਦੋਂ ਖੋਲ੍ਹ ਕੇ ਦੇਖਿਆ ਤਾਂ ਉਸ ਵਿਚ ਇਕ ਨੌਜਵਾਨ ਦੀ ਲਾਸ਼ ਪਈ ਦੇਖ ਕੇ ਸਾਰਿਆਂ ਦੇ ਪੈਰਾਂ ਹੇਠੋਂ ਜਮੀਨ ਖਿਸਕ ਗਈ। ਇਸ ਘਟਨਾ ਤੋਂ ਬਾਅਦ ਰੇਲਵੇ ਸਟੇਸ਼ਨ ਪੁਲਸ ਛਾਉਣੀ ਵਿਚ ਤਬਦੀਲ ਹੋ ਗਿਆ ਮਿਲੀ ਜਾਣਕਾਰੀ ਮੁਤਾਬਕ ਕਿਸੇ ਰਾਹਗਿਰ ਨੇ ਇਸ ਬੈਗ ਨੂੰ ਦੇਖਿਆ, ਜਿਸ ਵਿਚੋਂ ਲਾਸ਼ ਦੇ ਥੋੜ੍ਹੇ ਜਿਹੇ ਪੈਰ ਬਾਹਰੋਂ ਨਜਰ ਆ ਰਹੇ ਸਨ। ਇਸ ਦੌਰਾਨ ਤੁਰੰਤ ਇਸ ਦੀ ਸੂਚਨਾ ਰੇਲਵੇ ਪੁਲਸ



ਨੂੰ ਦਿੱਤੀ ਗਈ। ਫਿਲਹਾਲ ਪੁਲਸ ਨੇ ਬੈਗ ਅਤੇ ਨੌਜਵਾਨ ਦੀ ਲਾਸ਼ ਨੂੰ ਕਬਜੇ ਵਿਚੋਂ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਵਲੋਂ ਫਿੰਗਰ ਪ੍ਰਿੰਟ ਮਾਹਿਰਾਂ ਅਤੇ ਡਾਕ ਸਕੁਆਇਡ ਟੀਮਾਂ ਨੂੰ ਮੌਕੇ 'ਤੇ ਬੁਲਾਇਆ ਗਿਆ ਹੈ। ਸੂਤਰਾਂ ਮੁਤਾਬਕ ਮੁੱਢਲੀ ਵਿਚ ਪਤਾ ਲੱਗਾ ਹੈ ਕਿ ਮ੍ਰਿਤਕ ਨੌਜਵਾਨ ਦੇ ਸਰੀਰ 'ਤੇ ਸੱਟਾਂ ਦੇ ਵੀ ਨਿਸ਼ਾਨ ਪਾਏ ਗਏ ਹਨ। ਫਿਲਹਾਲ ਪੁਲਸ ਨੇ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਨੌਜਵਾਨ ਪਰਵਾਸੀ ਲੱਗ ਰਿਹਾ ਹੈ, ਜਿਸ ਦੀ ਫਿਲਹਾਲ ਅਜੇ ਤਕ ਪਛਾਣ ਨਹੀਂ ਹੋ ਸਕੀ ਹੈ।

## ਲੁਧਿਆਣਾ 'ਚ ਗੋਦਾਮ ਨੂੰ ਲੱਗੀ ਭਿਆਨਕ ਅੱਗ, ਇਲਾਕੇ 'ਚ ਮਚੀ ਹਫੜਾ-ਦਫੜੀ

ਲੁਧਿਆਣਾ 6 ਅਪ੍ਰੈਲ। ਸਥਾਨਕ ਟਿੱਬਾ ਰੋਡ ਸਥਿਤ ਮਾਇਆ ਨਗਰ ਇਲਾਕੇ 'ਚ ਹੌਜਰੀ ਵੇਸਟ ਦੇ ਇਕ ਗੋਦਾਮ 'ਚ ਭਿਆਨਕ ਅੱਗ ਲੱਗ ਗਈ। ਅੱਗ ਇੰਨੀ ਭਿਆਨਕ ਸੀ ਕਿ ਇਸ ਨੇ ਗੋਦਾਮ ਦੇ ਨਾਲ ਲੱਗਦਾ ਘਰ ਵੀ ਆਪਣੀ ਲਪੇਟ 'ਚ ਲੈ ਲਿਆ। ਇਸ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਮੌਕੇ 'ਤੇ ਪੁੱਜੀ ਫਾਇਰ ਬ੍ਰਿਗੇਡ ਦੀ ਟੀਮ ਅੱਗ ਬੁਝਾਉਣ ਦੀਆਂ ਕੋਸ਼ਿਸ਼ਾਂ 'ਚ ਲੱਗ ਗਈ। ਗੋਦਾਮ ਅੰਦਰ ਮਾਲਕ ਦੀਆਂ 2 ਗੱਡੀਆਂ ਖੜ੍ਹੀਆਂ ਸਨ, ਜੋ ਕਿ ਪੂਰੀ ਤਰ੍ਹਾਂ ਅੱਗ ਦੀ ਲਪੇਟ 'ਚ ਆ ਗਈਆਂ। ਅੱਗ ਲੱਗਣ ਨਾਲ ਇਲਾਕੇ 'ਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ। ਜਿੱਥੇ ਅੱਗ ਲੱਗੀ, ਉਹ ਸਾਰਾ ਇਲਾਕਾ ਹੌਜਰੀ ਵੇਸਟ ਦੇ ਗੋਦਾਮ ਨਾਲ ਭਰਿਆ ਪਿਆ ਹੈ।

## ਖੁਸ਼ੀਆਂ 'ਚ ਛਾਇਆ ਮਾਤਮ, ਇਕਲੌਤੇ ਜਵਾਨ ਪੁੱਤ ਦੀ ਮੌਤ ਨੇ ਚੀਰਿਆ ਕਾਲਜਾ

ਲੁਧਿਆਣਾ 6 ਅਪ੍ਰੈਲ। ਇੱਥੇ ਸਮਰਾਲਾ ਚੌਂਕ ਵਿਖੇ ਬੀਤੀ ਰਾਤ ਕਰੀਬ 10.30 ਵਜੇ ਤੇਜ ਰਫਤਾਰ ਟਿੱਪਰ ਨੇ ਇਕ ਮੋਟਰਸਾਈਕਲ ਸਵਾਰ ਨੌਜਵਾਨ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ ਦੌਰਾਨ ਨੌਜਵਾਨ ਟਰੱਕ ਹੇਠਾਂ ਕੁਚਲਿਆ ਗਿਆ, ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੀ ਪਛਾਣ ਗੁਰਜੰਟ ਸਿੰਘ (23) ਵਾਸੀ ਚੰਦਰ ਲੋਕ ਕਾਲੋਨੀ, ਸੁਭਾਸ਼ ਨਗਰ ਜੋਧੇਵਾਲ ਵਜੋਂ ਹੋਈ ਹੈ। ਮ੍ਰਿਤਕ ਰਾਤ ਨੂੰ ਚੀਮਾ ਚੌਂਕ ਤੋਂ ਆਪਣੇ ਘਰ ਵੱਲ ਨੂੰ ਜਾ ਰਿਹਾ ਸੀ ਕਿ ਸਮਰਾਲਾ ਚੌਂਕ 'ਤੇ ਉਸ ਨੂੰ ਟਿੱਪਰ ਨੇ ਟੱਕਰ ਮਾਰ ਦਿੱਤੀ, ਜਿਸ ਮਗਰੋਂ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਹ ਪਰਿਵਾਰ ਦਾ ਇਕਲੌਤਾ ਪੁੱਤਰ ਸੀ ਅਤੇ ਵਿਦੇਸ਼ ਜਾਣ ਦੀ ਤਿਆਰੀ ਕਰ ਰਿਹਾ ਸੀ। ਉਸ ਦੀ ਮੌਤ ਨੇ ਪਰਿਵਾਰ ਦਾ ਪੁੱਤ ਨੂੰ ਵਿਦੇਸ਼ ਭੇਜ ਕੇ ਸੈੱਟ ਕਰਨ ਦਾ ਵੱਡਾ ਸੁਫਨਾ ਟੁੱਟ ਗਿਆ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਮੋਗਾ 'ਚ ਕਾਂਗਰਸੀ ਸਰਪੰਚ ਸਮੇਤ ਦੋ ਦਾ ਗੋਲੀਆਂ ਮਾਰ ਕੇ ਕਤਲ, ਆਈ. ਜੀ. ਦਾ ਵੱਡਾ ਬਿਆਨ

ਮੋਗਾ 6 ਅਪ੍ਰੈਲ। ਮੋਗਾ ਦੇ ਪਿੰਡ ਖੋਸਾ ਕੋਟਲਾ ਵਿਚ ਕਾਂਗਰਸੀ ਸਰਪੰਚ ਅਤੇ ਉਸਦੇ ਸਾਥੀ ਦਾ ਗੋਲੀਆਂ ਮਾਰ ਕੇ ਕਤਲ ਕਰਨ ਤੋਂ ਬਾਅਦ ਫਰੀਦਕੋਟ ਰੇਂਜ ਦੇ ਆਈ. ਜੀ. ਗੁਰਸ਼ਰਨ ਦੀਪ ਸਿੰਘ ਸੰਧੂਵੱਲੋਂ ਮੌਕੇ 'ਤੇ ਪਹੁੰਚ ਕੇ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਦੋਵੇਂ ਧਿਰਾਂ



ਇੱਕੋ ਪਿੰਡ ਦੀਆਂ ਰਹਿਣ ਵਾਲੀਆਂ ਹਨ। ਆਪਸ ਵਿਚ ਮੱਤਭੇਦ ਹੋਣ ਕਾਰਨ ਇਨ੍ਹਾਂ ਦੀ ਝੜਪ ਹੋਈ ਜਿਸ ਵਿਚ ਗੋਲੀਆਂ ਚੱਲੀਆਂ ਅਤੇ ਦੋ ਵਿਅਕਤੀਆਂ ਦੀ ਮੌਤ ਹੋ ਗਈ। ਵਾਰਦਾਤ ਵਿਚ ਸਰਪੰਚ ਵੀਰ ਸਿੰਘ ਅਤੇ ਉਸਦੇ ਸਾਥੀ ਰਣਜੀਤ ਸਿੰਘ ਦੀ ਮੌਤ ਹੋਈ ਹੈ। ਉਨ੍ਹਾਂ ਕਿਹਾ ਕਿ ਅਸੀਂ ਮੁਦੱਈਆਂ ਦੇ ਬਿਆਨਾਂ ਦੇ ਆਧਾਰ 'ਤੇ ਬਿਆਨ ਦਰਜ ਕਰਕੇ ਅੱਗੇ ਦੀ ਕਾਰਵਾਈ ਸੁਰੂ ਕਰ ਦਿੱਤੀ ਹੈ ਅਤੇ ਤਫਤੀਸ ਵਿਚ ਕੀ-ਕੀ ਆਉਂਦਾ ਹੈ ਉਸੇ ਹਿਸਾਬ ਨਾਲ ਅੱਗੇ ਦੀ ਕਾਰਵਾਈ ਵੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਸੀਂ ਕਈ ਦੋਸੀਆਂ ਨੂੰ ਕਾਬੂ ਵੀ ਕਰ ਲਿਆ ਹੈ ਅਤੇ ਬਾਕੀ ਰਹਿੰਦੇ ਹੋਏ ਮੁਲਜਮਾਂ ਨੂੰ ਕਾਬੂ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# 10 ਹਜਾਰ ਮਹੀਨੇ 'ਤੇ ਰੱਖੀ ਨੌਕਰਾਣੀ ਤੋਂ ਕਮਾ ਲਏ ਕਰੋੜਾਂ

ਲੁਧਿਆਣਾ 6 ਅਪ੍ਰੈਲ। ਘਰੇਲੂ ਕੰਮ ਲਈ ਰੱਖੀ ਨੌਕਰਾਣੀ ਦੇ ਨਾਂ 'ਤੇ ਜੀ. ਐੱਸ. ਟੀ. ਨੰਬਰ ਜਾਰੀ ਕਰਵਾ ਕੇ ਲੁਧਿਆਣਾ ਦੇ ਇਕ ਕਾਰੋਬਾਰੀ ਨੇ ਉਸ ਦੇ ਨਾਂ 'ਤੇ 2 ਮਹੀਨਿਆਂ 'ਚ ਹੀ ਕਰੋੜਾਂ ਰੁਪਏ ਦੀ ਬੋਗਸ ਬਿਲਿੰਗ ਕਰ ਦਿੱਤੀ। ਜੀ. ਐੱਸ. ਟੀ. ਵਿਭਾਗ ਨੇ ਜਦੋਂ ਇਸ ਸਕੈਮ ਨੂੰ ਫੜ੍ਹ ਕੇ ਦਸਤਾਵੇਜ਼ਾਂ 'ਚ ਦਰਜ ਮੋਬਾਇਲ ਨੰਬਰ 'ਤੇ ਕਾਲ ਕੀਤੀ ਤਾਂ ਪਤਾ ਲੱਗਾ ਕਿ ਫਰਮ ਔਰਤ ਦੇ ਨਾਂ 'ਤੇ ਹੈ ਅਤੇ ਕਿਸੇ ਘਰ 'ਚ ਕੰਮ ਕਰਦੀ ਹੈ। ਦੂਜੇ ਪਾਸੇ ਔਰਤ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਕਿ ਉਸ ਦੇ ਨਾਂ 'ਤੇ ਕਰੋੜਾਂ ਦਾ ਕਾਰੋਬਾਰ ਹੋ ਰਿਹਾ ਹੈ ਤਾਂ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿ?ਸਕ ਗਈ, ਜਦੋਂ ਕਿ ਉਸ ਨੇ ਅਧਿਕਾਰੀਆਂ ਨੂੰ ਜਵਾਬ ਦਿੱਤਾ ਕਿ ਉਸ ਨੂੰ ਮਾਲਕ ਤੋਂ ਸਿਰਫ 10 ਹਜ਼ਾਰ ਰੁਪਏ ਮਹੀਨੇ ਦੇ ਮਿਲਦੇ ਹਨ। ਵਿਭਾਗ ਤੋਂ ਕਾਲ ਆਉਣ ਤੋਂ ਬਾਅਦ ਨੌਕਰਾਣੀ ਨੇ ਆਪਣਾ ਮੋਬਾਇਲ ਵੀ ਬੰਦ ਕਰ ਲਿਆ ਅਤੇ ਅੰਡਰਗਰਾਊਂਡ ਹੋ ਗਈ, ਜਦੋਂਕਿ ਵਿਭਾਗ ਵੱਲੋਂ ਉਸ ਦੀ ਭਾਲ ਕੀਤੀ ਜਾ ਰਹੀ ਹੈ। ਵਿਭਾਗ ਤੋਂ ਮਿਲੀ ਜਾਣਕਾਰੀ ਮੁਤਾਬਕ ਜੀ. ਐੱਸ. ਟੀ. ਦੀ ਟੀਮ ਨੇ ਵਿਭਾਗ ਦੇ ਡਾਟਾ ਮਾਈਨਿੰਗ ਸਾਫਟਵੇਅਰ ਰਾਹੀਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਕੰਮ ਕਰਦੇ ਹੋਏ 1 ਅਕਤੂਬਰ ਨੂੰ ਇਕ ਟਰੱਕ ਫੜ੍ਹਿਆ ਸੀ, ਜਿਸ 'ਚ 3 ਟਨ ਕਾਪਰ ਵੀ ਭਰਿਆ ਹੋਇਆ ਸੀ। ਵਿਭਾਗ ਨੇ ਕਾਰਵਾਈ ਕਰਦੇ ਹੋਏ ਟਰੱਕ ਦੇ ਮਾਲਕ ਨੂੰ 11.66 ਲੱਖ ਰੁਪਏ ਜੁਰਮਾਨਾ ਕੀਤਾ ਸੀ ਪਰ ਵਿਭਾਗ ਨੇ ਇਸ ਟਰੱਕ 'ਚੋਂ ਬਰਾਮਦ ਬਿੱਲਾਂ ਸਬੰਧੀ ਅਗਲੀ ਜਾਂਚ ਕੀਤੀ ਤਾਂ ਅਧਿਕਾਰੀ ਵੀ ਹੱਕੇ-ਬੱਕੇ ਰਹਿ ਗਏ। ਸਟੇਟ ਇੰਟੈਲੀਜੈਂਸ ਅਤੇ ਪ੍ਰੀਵੈਂਟਿਵ ਯੂਨਿਟ ਵੱਲੋਂ ਡਾਟਾ ਮਾਈਨਿੰਗ ਜ਼ਰੀਏ 15 ਦਿਨ ਦੀ ਜਾਂਚ ਤੋਂ ਬਾਅਦ ਪਤਾ ਲੱਗਾ ਕਿ ਇਸ 'ਚ ਲੱਗੇ ਇਕ ਬਿੱਲ ਦਾ ਜੀ. ਐੱਸ. ਟੀ. ਨੰਬਰ ਲੁਧਿਆਣਾ ਦੇ ਕੇ. ਟ੍ਰੇਡਰ ਦੀ ਫਰਮ ਨੇ 28 ਜੂਨ, 2023 ਨੂੰ ਜਾਰੀ ਕਰਵਾਇਆ ਸੀ ਅਤੇ ਇਸ ਫਰਮ 'ਚ ਉਨ੍ਹਾਂ ਨੇ ਨਮਕ, ਮਿਰਚ ਅਤੇ ਚਾਹਪੱਤੀ ਦਾ ਕਾਰੋਬਾਰ ਕਰਨ ਦੀ ਗੱਲ ਕੀਤੀ ਸੀ ਪਰ ਫਰਮ ਵੱਲੋਂ ਕਾਪਰ ਸਕ੍ਰੈਪ ਦੀ ਬਿਲਿੰਗ ਕੀਤੀ ਜਾ ਰਹੀ ਹੈ। ਫਰਮ ਵੱਲੋਂ ਕਾਪਰ ਸਕ੍ਰੈਪ ਦੀ ਬੋਗਸ ਬਿਲਿੰਗ ਕੀਤੀ ਜਾ ਰਹੀ ਹੈ। ਜਾਂਚ 'ਚ ਖੁਲਾਸਾ ਹੋਇਆ ਕਿ ਕਾਰੋਬਾਰੀ ਨੇ ਆਪਣੀ ਘਰੇਲੂ ਨੌਕਰਾਣੀ ਦੇ ਨਾਂ 'ਤੇ ਫਰਮ ਖੋਲ੍ਹੀ ਹੋਈ ਹੈ ਅਤੇ 2 ਮਹੀਨਿਆਂ 'ਚ ਹੀ ਉਸ ਨੇ 10 ਕਰੋੜ ਰੁਪਏ ਦੀ ਬੋਗਸ ਬਿਲਿੰਗ ਕਰ ਦਿੱਤੀ। ਜਾਂਚ ਤੋਂ ਬਾਅਦ ਪਤਾ ਲੱਗਾ ਕਿ ਜੀ. ਐੱਸ. ਟੀ. ਨੰਬਰ ਰਜਿਸਟ੍ਰੇਸ਼ਨ ਕਰਵਾਉਂਦੇ ਸਮੇਂ ਫਰਮ ਮਾਲਕ ਵੱਲੋਂ ਫਰਜ਼ੀ ਦਸਤਾਵੇਜ਼ਾਂ ਦੀ ਵਰਤੋਂ ਕੀਤੀ ਗਈ ਸੀ। ਇੱਥੋਂ ਤੱਕ ਕਿਰਾਇਆਨਾਮਾ ਵੀ ਪੁਰਾਣੇ ਅਸ਼ਟਾਮਾਂ 'ਤੇ ਲਿਖਵਾ ਕੇ ਜਮ੍ਹਾਂ ਕਰਵਾਇਆ ਗਿਆ ਸੀ, ਜਦੋਂਕਿ ਇਹ ਅਸ਼ਟਾਮ 2022 'ਚ ਸੂਬਾ ਸਰਕਾਰ ਵੱਲੋਂ ਬੰਦ ਕਰ ਦਿੱਤੇ ਗਏ ਸਨ। ਫਰਮ ਵੱਲੋਂ ਕਿਰਾਇਆਨਾਮਾ 2023 'ਚ ਤਿਆਰ ਕੀਤਾ ਗਿਆ ਸੀ। ਕਾਰਵਾਈ ਕਰਦੇ ਹੋਏ ਜਦੋਂ ਅਧਿਕਾਰੀਆਂ ਨੇ ਦਸਤਾਵੇਜ਼ਾਂ 'ਚ ਦਰਸਾਈ ਫਰਮ ਦੀ ਮਾਲਕਣ (ਘਰੇਲੂ ਨੌਕਰਾਣੀ) ਨਾਲ ਗੱਲ ਕੀਤੀ ਤਾਂ ਪਤਾ ਲੱਗਾ ਕਿ ਅਸਲ 'ਚ ਉਹ ਬਿਹਾਰ ਤੋਂ ਆਈ ਹੋਈ ਹੈ। ਉਹ ਅਤੇ ਉਸ ਦਾ ਪਤੀ ਲੇਬਰ ਦਾ ਕੰਮ ਕਰਦੇ ਹਨ। ਉਸ ਨੂੰ ਇਸ ਗੱਲ ਦਾ ਕੁੱਝ ਵੀ ਪਤਾ ਨਹੀਂ ਹੈ। ਉਸ ਨੇ ਦੱਸਿਆ ਕਿ ਉਸ ਦੇ ਮਾਲਕ ਨੇ ਪੱਕੇ ਤੌਰ 'ਤੇ ਕੰਮ 'ਤੇ ਰੱਖਣ ਲਈ ਪੁਲਸ ਤੋਂ ਵੈਰੀਫਿਕੇਸ਼ਨ ਕਰਵਾਉਣ ਲਈ ਆਧਾਰ ਕਾਰਡ ਵੀ ਲਿਆ ਸੀ। ਉਸ ਨੇ ਕੁੱਝ ਦਸਤਾਵੇਜ਼ਾਂ 'ਤੇ ਸਾਈਨ ਜ਼ਰੂਰ ਕਰਵਾਏ ਸਨ ਅਤੇ ਉਸ ਦੇ ਬਦਲੇ ਉਸ ਨੂੰ 10 ਹਜ਼ਾਰ ਰੁਪਏ ਦਿੱਤੇ ਸਨ ਅਤੇ ਹਰ ਮਹੀਨੇ 10 ਹਜ਼ਾਰ ਰੁਪਏ ਦੇਣ ਦੀ ਗੱਲ ਕਹੀ ਸੀ। ਜੀ. ਐੱਸ. ਟੀ. ਵਿਭਾਗ ਦੇ ਅਧਿਕਾਰੀਆਂ ਵੱਲੋਂ ਇਸ ਫਰਮ ਵੱਲੋਂ ਕੀਤੀ ਗਈ ਹਰ ਟ੍ਰਾਂਜ਼ੈਕਸ਼ਨ ਦੀ ਜਾਂਚ ਕੀਤੀ ਜਾ ਰਹੀ ਹੈ। ਜਾਂਚ ਦੌਰਾਨ ਹੋਰ ਕਈ ਫਰਮਾਂ ਸਬੰਧੀ ਪਤਾ ਲੱਗਾ ਹੈ, ਜੋ ਇਸ ਫਰਮ ਨਾਲ ਕਾਰੋਬਾਰ ਕਰ ਰਹੀਆਂ ਸਨ। ਅਧਿਕਾਰੀਆਂ ਦਾ ਮੰਨਣਾ ਹੈ ਕਿ ਜਾਂਚ ਦੌਰਾਨ ਵਿਭਾਗ ਨੂੰ ਕਰੋੜਾਂ ਰੁਪਏ ਦਾ ਟੈਕਸ ਅਤੇ ਜੁਰਮਾਨਾ ਆਉਣ ਦੀ ਸੰਭਾਵਨਾ ਹੈ। ਹਾਲ ਦੀ ਘੜੀ ਹੁਣ ਤੱਕ 2 ਹੋਰ ਫਰਮਾਂ ਸਬੰਧੀ ਪਤਾ ਲੱਗਾ ਹੈ।

## ਡੇਅਰੀ ਅੰਦਰ ਵੜੇ ਲੁਟੇਰਿਆਂ ਨੇ ਮਾਲਕ 'ਤੇ ਤਾਣ ਦਿੱਤੀ ਪਿਸਤੌਲ

ਮੋਗਾ 6 ਅਪ੍ਰੈਲ। ਮੋਗਾ ਜ਼ਿ?ਲ੍ਹੇ 'ਚ ਅੱਜ-ਕੱਲ੍ਹ ਲੁੱਟ-ਖੋਹ ਅਤੇ ਚੋਰੀ ਦੀਆਂ ਵਾਰਦਾਤਾਂ ਵੱਧ ਗਈਆਂ ਹਨ। ਇਸੇ ਤਹਿਤ ਮੋਗਾ ਦੇ ਚੁੰਗੀ ਨੰਬਰ-3 ਨੇੜੇ ਦੁੱਧ ਦੀ ਡੇਅਰੀ 'ਤੇ ਲੁੱਟ ਦੀ ਵਾਰਦਾਤ ਕੀਤੀ ਗਈ। ਹਥਿਆਰਾਂ ਨਾਲ ਲੈਸ ਲੁਟੇਰੇ ਡੇਅਰੀ ਅੰਦਰ ਵੜੇ ਅਤੇ 25-30 ਹਜਾਰ ਦੀ ਲੁੱਟ ਦੀ ਘਟਨਾ ਨੂੰ ਅੰਜਾਮ ਦੇ ਕੇ ਫਰਾਰ ਹੋ ਗਏ। ਇਹ ਘਟਨਾ ਬੀਤੀ ਰਾਤ 10 ਵਜੇ ਦੇ ਕਰੀਬ ਵਾਪਰੀ। ਇਹ ਸਾਰੀ ਘਟਨਾ ਸੀ. ਸੀ. ਟੀ. ਵੀ. ਕੈਮਰਿਆਂ 'ਚ ਕੈਦ ਹੋ ਗਈ। ਡੇਅਰੀ ਮਾਲਕ ਨੇ ਦੱਸਿਆ ਕਿ ਜਦੋਂ ਲੁਟੇਰਿਆਂ ਦਾ ਪਿੱਛਾ ਕੀਤਾ ਗਿਆ ਤਾਂ ਉਨ੍ਹਾਂ ਨੇ ਹਵਾਈ ਫਾਇਰ ਕਰ ਦਿੱਤੇ। ਫਿਲਹਾਲ ਮੌਕੇ 'ਤੇ ਪੁੱਜ ਕੇ ਪੁਲਸ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਦੱਸਣਯੋਗ ਹੈ ਕਿ ਲੁੱਟ-ਖੋਹ ਅਤੇ ਚੋਰੀ ਦੀਆਂ ਘਟਨਾਵਾਂ ਤੋਂ ਮੋਗਾ ਵਾਸੀ ਕਾਫੀ ਪਰੇਸ਼ਾਨ ਹਨ।

# ਪੰਜਾਬ ਦੇ ਬਰਨਾਲਾ ਜ਼ਿਲ੍ਹੇ ਨੂੰ ਮਿਲਿਆ ਮਾਣ, ਓ.ਡੀ.ਐੱਫ. ਪਲੱਸ ਦਰਜਾ ਹਾਸਲ ਕਰਨ 'ਤੇ ਮੰਤਰੀ ਜਿੰਪਾ ਨੇ ਦਿੱਤੀ ਵਧਾਈ

ਚੰਡੀਗੜ੍ਹ 6 ਅਪ੍ਰੈਲ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਤੇ ਗਤੀਸ਼ੀਲ ਅਗਵਾਈ ਹੇਠ ਸ਼ਾਨਦਾਰ ਪ੍ਰਾਪਤੀ ਕਰਦਿਆਂ, ਬਰਨਾਲਾ ਜ਼ਿਲ੍ਹੇ ਦੇ ਸਾਰੇ 122 ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਨੇ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਅਧੀਨ ਆਪਣੇ ਇਲਾਕੇ ਨੂੰ "ਓਪਨ ਡੀਫੀਕੇਸ਼ਨ ਫ੍ਰੀ ਪਲੱਸ (ਓ.ਡੀ.ਐੱਫ. ਪਲੱਸ) ਘੋਸ਼ਿਤ ਕੀਤਾ ਹੈ। ਬਰਨਾਲਾ ਇਹ ਮੀਲ ਪੱਥਰ ਹਾਸਲ ਕਰਨ ਵਾਲਾ ਸੂਬੇ ਦਾ ਪਹਿਲਾ ਜ਼ਿਲ੍ਹਾ ਬਣ ਗਿਆ ਹੈ। ਇਹ ਸਫ਼ਲਤਾ ਸਵੱਛਤਾ ਅਤੇ ਠੋਸ ਤੇ ਤਰਲ ਰਹਿੰਦ-ਖੂੰਹਦ ਪ੍ਰਬੰਧਨ ਲਈ ਜ਼ਿਲ੍ਹੇ ਵੱਲੋਂ ਕੀਤੀ ਮਹੱਤਵਪੂਰਨ ਪ੍ਰਗਤੀ ਨੂੰ ਦਰਸਾਉਂਦੀ ਹੈ। ਇਸ ਪ੍ਰਾਪਤੀ ਦੇ ਸਿੱਟੇ ਵਜੋਂ ਇਲਾਕਾ ਨਿਵਾਸੀਆਂ ਦਾ ਰਹਿਣ-ਸਹਿਣ ਹੋਰ ਬਿਹਤਰ ਬਣੇਗਾ। ਇਹ ਮੀਲ ਪੱਥਰ ਸਥਾਪਤ ਕਰਨ ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਜ਼ਿਲ੍ਹੇ ਦੇ ਸਮੂਹ ਅਧਿਕਾਰੀਆਂ, ਨਿਵਾਸੀਆਂ ਅਤੇ ਲੋਕ ਨੁਮਾਇੰਦਿਆਂ ਨੂੰ ਵਧਾਈ ਦਿੱਤੀ ਹੈ, ਜਿਨ੍ਹਾਂ ਨੇ ਇਸ ਟੀਚੇ ਦੀ ਪ੍ਰਾਪਤੀ ਲਈ ਨਿੱਠ ਕੇ ਕੰਮ ਕੀਤਾ । ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਪਹਿਲੇ ਦਿਨ ਤੋਂ ਹੀ ਪੰਜਾਬ ਦੇ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਦੇਣ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਹੀ ਹੈ। ਸਰਕਾਰ ਦਾ ਇਹ ਵੀ ਉਦੇਸ਼ ਹੈ ਕਿ ਲੋਕਾਂ ਨੂੰ ਸਹੂਲਤਾਂ ਪ੍ਰਾਪਤ ਕਰਨ ਲਈ ਕਿਸੇ ਵੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਉਨ੍ਹਾਂ ਨੂੰ ਸਾਰੀਆਂ ਸਹੂਲਤਾਂ ਉਨ੍ਹਾਂ ਦੇ ਘਰ ਨੇੜੇ ਬਿਨਾਂ ਕਿਸੇ



ਪਰੇਸ਼ਾਨੀ ਤੋਂ ਪ੍ਰਾਪਤ ਹੋਣ। ਜ਼ਿਕਰਯੋਗ ਹੈ ਕਿ ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਦਾ ਉਦੇਸ਼ ਪੇਂਡੂ ਖੇਤਰਾਂ ਵਿੱਚ ਸਵੱਛਤਾ, ਸਫ਼ਾਈ ਨੂੰ ਉਤਸ਼ਾਹਿਤ ਕਰਕੇ 'ਕਲੀਨ ਐਂਡ ਓਪਨ ਡੀਫੀਕੇਸ਼ਨ ਫ੍ਰੀ ਇੰਡੀਆ' ਨੂੰ ਯਕੀਨੀ ਬਣਾਉਣਾ ਹੈ। " ਓਡੀਐੱਫ ਪਲੱਸ" ਦਰਜਾ ਸਿਰਫ਼ ਖੁੱਲ੍ਹੇ ਵਿੱਚ ਸ਼ੌਚ-ਮੁਕਤ ਸਥਿਤੀ ਪ੍ਰਾਪਤ ਕਰਨਾ ਹੀ ਨਹੀਂ ਸਗੋਂ ਸਵੱਛਤਾ ਦੀ ਸਥਿਰਤਾ, ਠੋਸ ਅਤੇ ਤਰਲ ਰਹਿੰਦ-ਖੂੰਹਦ ਦੇ ਸੁਚੱਜੇ ਪ੍ਰਬੰਧਨ ਅਤੇ ਪਿੰਡਾਂ ਦੀ ਸੰਪੂਰਨ ਸਫਾਈ 'ਤੇ ਧਿਆਨ ਕੇਂਦਰਿਤ ਕਰਨਾ ਵੀ ਹੈ। ਜ਼ਿਲ੍ਹਾ ਬਰਨਾਲਾ ਵੱਲੋਂ ਓ.ਡੀ.ਐੱਫ. ਪਲੱਸ ਦਰਜਾ ਹਾਸਲ ਕਰਨ ਦੀ ਸਫ਼ਲਤਾ ਵਿੱਚ ਜ਼ਿਲ੍ਹਾ ਪ੍ਰਸ਼ਾਸਨ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਅਤੇ ਇੱਥੋਂ ਦੇ ਲੋਕਾਂ ਦੀ ਸਰਗਰਮ ਭਾਗੀਦਾਰੀ ਤੇ ਸਮਰਪਿਤ ਯਤਨਾਂ ਦਾ ਨਤੀਜਾ ਹੈ। ਜਿੰਪਾ ਨੇ ਅੱਗੇ ਕਿਹਾ ਕਿ ਓ.ਡੀ.ਐੱਫ. ਪਲੱਸ ਦਾ ਦਰਜਾ ਭਵਿੱਖ ਵਿੱਚ ਸਵੱਛਤਾ ਅਤੇ ਸਫਾਈ ਦੇ ਉੱਚੇ ਮਿਆਰਾਂ ਨੂੰ ਕਾਇਮ ਰੱਖਣ ਲਈ ਜ਼ਿਲ੍ਹਾ ਬਰਨਾਲਾ ਦੇ ਇਰਾਦਿਆਂ ਨੂੰ ਹੋਰ ਮਜਬੂਤੀ ਬਖਸ਼ੇਗਾ। ਇਹ ਪ੍ਰਾਪਤੀ ਬਿਨਾਂ ਸ਼ੱਕ ਇੱਥੋਂ ਦੇ ਲੋਕਾਂ ਨੂੰ ਬਿਹਤਰ ਜੀਵਨ ਪੱਧਰ ਵੱਲ ਲੈ ਕੇ ਜਾਵੇਗੀ ਅਤੇ ਇਸਦਾ ਜ਼ਿਲ੍ਹੇ ਦੇ ਸਰਵਪੱਖੀ ਵਿਕਾਸ ਵਿੱਚ ਵਡਮੁੱਲਾ ਯੋਗਦਾਨ ਹੋਵੇਗਾ।

# ਤਿੰਨ ਦਿਨਾਂ ਤੋਂ ਪੈ ਰਹੇ ਮੀਂਹ ਨੇ ਕਿਸਾਨਾਂ ਦੇ ਸਾਹ ਸੂਤੇ, ਫਸਲਾਂ ਦਾ ਨੁਕਸਾਨ ਹੋਣ ਦਾ ਖਦਸ਼ਾ

ਗੁਰਦਾਸਪੁਰ 6 ਅਪ੍ਰੈਲ। ਗੁਰਦਾਸਪੁਰ ਜ਼ਿਲ੍ਹੇ ਅੰਦਰ ਪਿਛਲੇ ਤਿੰਨ ਦਿਨਾਂ ਤੋਂ ਲਗਾਤਾਰ ਪੈ ਰਹੇ ਮੀਂਹ ਨੇ ਜਿਥੇ ਜਨਜੀਵਨ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ, ਨਾਲ ਹੀ ਜ਼ਿਲ੍ਹੇ ਅੰਦਰ ਦਿਨ ਦਾ ਤਾਪਮਾਨ 22 ਡਿਗਰੀ ਤੱਕ ਡਿੱਗ ਗਿਆ ਹੈ, ਜਦੋਂ ਕਿ ਰਾਤ ਦਾ ਤਾਪਮਾਨ ਵੀ 15-16 ਡਿਗਰੀ ਦੇ ਆਸਪਾਸ ਪਹੁੰਚ ਜਾਣ ਕਾਰਨ ਇਸ ਮੀਂਹ ਨੇ ਲੋਕਾਂ ਨੂੰ ਕੰਬਣੀ ਛੇੜ ਦਿੱਤੀ ਹੈ। ਗੁਰਦਾਸਪੁਰ ਇਲਾਕੇ ਵਿਚ ਕਈ ਲੋਕਾਂ ਨੇ ਠੰਡ ਤੋਂ ਬਚਾਅ ਕਰਨ ਲਈ ਗਰਮ ਕੱਪੜੇ ਪਾਉਣੇ ਵੀ ਸ਼ੁਰੂ ਕਰ ਦਿੱਤੇ ਹਨ। ਇਸ ਮੀਂਹ ਨਾਲ ਸਭ ਤੋਂ ਜ਼ਿ?ਆਦਾ ਨੁਕਸਾਨ ਕਿਸਾਨਾਂ ਤੇ ਗਰੀਬ ਵਰਗ ਨੂੰ ਹੋ ਰਿਹਾ ਹੈ। ਕਿਸਾਨ ਮੀਂਹ ਕਾਰਨ ਵੱਡੀ ਚਿੰਤਾ ਵਿਚ ਡੁੱਬੇ ਹੋਏ ਹਨ ਕਿਉਂਕਿ ਖੁੱਲ੍ਹੇ ਆਸਮਾਨ ਹੇਠ ਖੜ੍ਹੀ ਫਸਲ ਦਾ 5 ਫੀਸਦੀ ਹਿੱਸਾ ਵੀ ਅਜੇ ਤੱਕ ਕਟਾਈ ਉਪਰੰਤ ਮੰਡੀਆਂ ਵਿਚ ਨਹੀਂ ਪਹੁੰਚਿਆ ਅਤੇ ਇਕ ਅਨੁਮਾਨ ਅਨੁਸਾਰ 95 ਫੀਸਦੀ ਫਸਲ ਅਜੇ ਖੇਤਾਂ ਵਿਚ ਹੀ ਖੜ੍ਹੀ ਹੈ। ਇਸ ਫਸਲ 'ਤੇ ਪਿਛਲੇ 3 ਦਿਨਾਂ ਤੋਂ ਪੈ ਰਹੇ ਮੀਂਹ ਕਿਸੇ ਵੀ ਪੱਖ ਤੋਂ ਫਸਲ ਲਈ ਲਾਹੇਵੰਦ ਨਹੀਂ ਹੈ ਅਤੇ ਨਾ ਹੀ ਇਹ ਫਸਲ ਕਟਾਈ ਦੇ ਬਾਅਦ ਖਾਲੀ ਹੋਏ ਖੇਤਾਂ ਲਈ ਢੁੱਕਵੀਂ ਹੈ, ਕਿਉਂਕਿ ਖਾਲੀ



ਖੇਤਾਂ 'ਚੋਂ ਕਿਸਾਨਾਂ ਨੇ ਬੇਲਰ ਵਰਗੀਆਂ ਮਸ਼ੀਨਾਂ ਨਾਲ ਰਹਿੰਦ ਖੂੰਹਦ ਇਕੱਤਰ ਕਰਨੀ ਹੈ ਪਰ ਖੇਤਾਂ ਵਿਚ ਪਾਣੀ ਖੜ੍ਹਾ ਹੋਣ ਕਾਰਨ ਇਹ ਮਸ਼ੀਨਾਂ ਕਈ ਦਿਨਾਂ ਤੱਕ ਚਲ ਨਹੀਂ ਸਕਣਗੀਆਂ। ਮੌਸਮ ਵਿਭਾਗ ਅਨੁਸਾਰ ਆਉਣ ਵਾਲੇ 1-2 ਦਿਨ ਵੀ ਮੀਂਹ ਅਤੇ ਬੱਦਲਵਾਈ ਰਹਿਣ ਦੀ ਸੰਭਾਵਨਾ ਹੈ, ਜਿਸ ਕਾਰਨ ਝੋਨੇ ਦੀ ਕਟਾਈ ਤੇ ਮੰਡੀਕਰਨ ਦਾ ਕੰਮ ਹੋਰ ਪੱਛੜ ਸਕਦਾ ਹੈ। ਖੇਤੀ ਮਾਹਿਰਾਂ ਅਨੁਸਾਰ ਜਿਹੜੀ ਫਸਲ ਅਜੇ ਤੱਕ ਖੇਤਾਂ ਵਿਚ ਖੜ੍ਹੀ ਹੈ, ਉਸ ਦਾ ਜ਼ਿ?ਆਦਾ ਨੁਕਸਾਨ ਹੋਣ ਦਾ ਡਰ ਨਹੀਂ ਹੈ ਪਰ ਜੋ ਫਸਲ ਖੇਤਾਂ ਵਿਚ ਵਿਛ ਗਈ ਹੈ, ਉਸ ਦੀ ਪੈਦਾਵਾਰ ਅਤੇ ਗੁਣਵੱਤਾ 'ਤੇ ਮੀਂਹ ਦਾ ਅਸਰ ਜ਼ਿ?ਆਦਾ ਪੈਣ ਦੀ ਸੰਭਾਵਨਾ ਹੈ। ਇਸ ਮੀਂਹ ਕਾਰਨ ਇਲਾਕੇ ਅੰਦਰ ਤਾਪਮਾਨ 32 ਡਿਗਰੀ ਤੋਂ 22 ਡਿਗਰੀ ਤੱਕ ਡਿੱਗ ਗਿਆ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਤਾਪਮਾਨ ਹੋਰ ਹੇਠਾਂ ਡਿੱਗ ਸਕਦਾ ਹੈ। ਮੀਂਹ ਕਾਰਨ ਉਸਾਰੀ ਦੇ ਕੰਮ ਵੀ ਠੱਪ ਹੋ ਗਏ ਹਨ, ਜਿਸ ਕਾਰਨ ਦਿਹਾੜੀ ਲਗਾਉਣ ਆਏ ਮਿਸਤਰੀ ਤੇ ਮਜਦੂਰ ਵੀ ਕੰਮ ਨਾ ਮਿਲਣ ਕਾਰਨ ਮਾਯੂਸ ਹੋ ਕੇ ਵਾਪਸ ਚਲੇ ਗਏ ਜਦੋਂ ਕਿ ਰੇਹੜੀਆਂ ਲਗਾਉਣ ਵਾਲਿਆਂ ਸਮੇਤ ਦੁਕਾਨਦਾਰਾਂ ਦਾ ਕੰਮ ਵੀ ਮੰਦਾ ਰਿਹਾ।

## ਮਨੁੱਖੀ ਸਮੱਗਲਿੰਗ ਮਾਮਲੇ 'ਚ 2 ਔਰਤਾਂ ਸਮੇਤ 5 ਮੁਲਜ਼ਮ ਗ੍ਰਿਫ਼ਤਾਰ

ਮੋਹਾਲੀ 6 ਅਪ੍ਰੈਲ। ਬਲੌਂਗੀ ਥਾਣਾ ਪੁਲਸ ਵਲੋਂ ਦਰਜ ਕੀਤੇ ਗਏ ਮਨੁੱਖੀ ਸਮੱਗਲਿੰਗ ਨਾਲ ਸਬੰਧਤ ਕੇਸ ਵਿਚ ਪੁਲਸ ਨੇ 2 ਔਰਤਾਂ ਸਮੇਤ 5 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਦੀ ਪਛਾਣ ਜਲੰਧਰ ਨਿਵਾਸੀ ਸੋਨੀਆ (47), ਮਲਕੀਤ ਸਿੰਘ (29), ਵਿਨੈ ਸੇਠ (22), ਲੁਧਿਆਣਾ ਦੀ ਰਹਿਣ ਵਾਲੀ ਸਰਬਜੀਤ ਕੌਰ (43) ਤੇ ਗੌਰਵ ਸਹੋਤਾ (19) ਵਜੋਂ ਹੋਈ ਹੈ। ਪੁਲਸ ਨੇ ਮੁਲਜ਼ਮਾਂ ਦੀ ਨਿਸ਼ਾਨਦੇਹੀ 'ਤੇ ਉਨ੍ਹਾਂ ਕੋਲੋਂ 8 ਲੱਖ ਦੀ ਨਕਦੀ, 26 ਲੱਖ ਦੀਆਂ 2 ਕਾਰਾਂ, 2 ਲੱਖ ਦਾ ਮੋਟਰਸਾਈਕਲ ਅਤੇ 5 ਲੱਖ ਦਾ ਇਲੈਕਟ੍ਰੌਨਿਕ ਸਾਮਾਨ ਬਰਾਮਦ ਕੀਤਾ ਹੈ। ਪੁਲਸ ਜਾਂਚ ਦੌਰਾਨ ਸਾਹਮਣੇ ਆਇਆ ਕਿ ਮੁਲਜ਼ਮ ਭੋਲੇ-ਭਾਲੇ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹੋਏ ਉਨ੍ਹਾਂ ਨੂੰ ਅਮਰੀਕਾ ਸਥਿਤ ਮੈਕਸੀਕੋ ਭੇਜਣ ਦਾ ਝਾਂਸਾ ਦਿੰਦੇ ਸਨ। ਇਸ ਤੋਂ ਬਾਅਦ ਮੁਲਜ਼ਮ ਇਨ੍ਹਾਂ ਨੂੰ ਦਿੱਲੀ ਤੋਂ ਨੇਪਾਲ ਜਾਂ ਇੰਡੋਨੇਸ਼ੀਆ



ਲਿਜਾ ਕੇ ਉਨ੍ਹਾਂ ਦਾ ਸ਼ੋਸ਼ਣ ਕਰਦੇ ਹੋਏ ਉਨ੍ਹਾਂ ਨੂੰ ਗੰਨ ਪੁਆਇੰਟ 'ਤੇ ਲੈ ਕੇ ਉਨ੍ਹਾਂ ਦੇ ਪਰਿਵਾਰ ਤੋਂ 40 ਲੱਖ ਰੁਪਏ ਪ੍ਰਤੀ ਵਿਅਕਤੀ ਦੇ ਹਿਸਾਬ ਨਾਲ ਫਿਰੌਤੀ ਮੰਗਦੇ ਸਨ। ਜਾਂਚ ਵਿਚ ਸਾਹਮਣੇ ਆਇਆ ਕਿ ਹਾਲ ਹੀ ਵਿਚ ਮੁਲਜ਼ਮਾਂ ਨੇ 10 ਲੋਕਾਂ ਨੂੰ ਬੰਦੀ ਬਣਾ ਕੇ ਨੇਪਾਲ ਵਿਚ ਰੱਖਿਆ ਸੀ ਅਤੇ ਉਨ੍ਹਾਂ ਦੇ ਪਰਿਵਾਰਾਂ ਤੋਂ ਪ੍ਰਤੀ ਵਿਅਕਤੀ 70 ਲੱਖ ਰੁਪਏ ਵਸੂਲ ਕੀਤੇ ਸਨ। ਪੁਲਸ ਨੇ ਬਲੌਂਗੀ ਅਤੇ ਸਦਰ ਖਰੜ ਥਾਣੇ ਵਿਚ ਦਰਜ ਮਨੁੱਖੀ ਸਮੱਗਲਿੰਗ ਦੇ ਦੋਵਾਂ ਕੇਸਾਂ ਵਿਚ ਹੁਣ ਤਕ 10 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸਤੋਂ ਇਲਾਵਾ ਪੁਲਸ ਮੁਲਜ਼ਮਾਂ ਕੋਲੋਂ 9 ਕਰੋੜ, 39 ਲੱਖ 18 ਹਜ਼ਾਰ ਰੁਪਏ ਦਾ ਸਾਮਾਨ ਅਤੇ ਨਕਦੀ ਬਰਾਮਦ ਕਰ ਚੁੱਕੀ ਹੈ।

## ਬਿਨਾਂ ਟਿਕਟ ਦੇ ਯਾਤਰੀਆਂ ਤੋਂ ਕੇਂਦਰੀ ਰੇਲਵੇ ਦੀ 'ਚਾਂਦੀ', 46 ਲੱਖ ਯਾਤਰੀਆਂ ਨੂੰ ਲਾਏ ਜੁਰਮਾਨੇ

ਮੁੰਬਈ 6 ਅਪ੍ਰੈਲ। ਕੇਂਦਰੀ ਰੇਲਵੇ ਨੇ ਇਸ ਵਿੱਤੀ ਸਾਲ 'ਚ ਮੋਟੀ ਕਮਾਈ ਕੀਤੀ ਹੈ। ਇਕ ਅਧਿਕਾਰਤ ਬਿਆਨ 'ਚ ਕਿਹਾ ਗਿਆ ਹੈ ਕਿ ਕੇਂਦਰੀ ਰੇਲਵੇ ਨੇ ਵਿੱਤੀ ਸਾਲ 2022-23 'ਚ 46.32 ਲੱਖ ਮਾਮਲਿਆਂ 'ਚ ਜੁਰਮਾਨੇ ਲਾਏ। ਬਿਨਾਂ ਟਿਕਟ ਦੇ ਯਾਤਰਾ ਕਰ ਰਹੇ ਲੋਕਾਂ ਤੋਂ ਚੈਕਿੰਗ ਦੌਰਾਨ ਰੇਲਵੇ ਨੇ 300 ਕਰੋੜ ਰੁਪਏ ਕਮਾਏ। ਇਹ ਪਹਿਲੀ ਵਾਰ ਹੈ ਜਦੋਂ ਕਿਸੇ ਜੋਨਲ ਰੇਲਵੇ ਨੇ ਇਹ ਮੀਲ ਪੱਥਰ ਹਾਸਲ ਕੀਤਾ ਹੈ। ਇਕੱਲੇ ਮੁੰਬਈ ਡਿਵੀਜਨ ਨੇ 100 ਕਰੋੜ ਰੁਪਏ ਦਾ ਇਤਿਹਾਸਕ ਅੰਕੜਾ ਪਾਰ ਕੀਤਾ ਹੈ। ਪਿਛਲੇ ਵਿੱਤੀ ਸਾਲ 'ਚ ਵੀ ਕੇਂਦਰੀ ਰੇਲਵੇ ਨੇ 214.41 ਕਰੋੜ ਰੁਪਏ ਦੀ ਕਮਾਈ ਕੀਤੀ ਸੀ ਅਤੇ ਸਾਰੇ ਜੋਨਲ ਰੇਲਵੇ ਵਿਚੋਂ ਪਹਿਲੇ ਸਥਾਨ 'ਤੇ ਰਿਹਾ ਸੀ। ਮੁੰਬਈ ਡਿਵੀਜਨ ਨੇ ਵੀ 100 ਕਰੋੜ ਰੁਪਏ ਦਾ ਅੰਕੜਾ ਪਾਰ ਕਰ ਲਿਆ ਹੈ ਅਤੇ 19.57



ਲੱਖ ਮਾਮਲਿਆਂ ਤੋਂ 108.25 ਕਰੋੜ ਰੁਪਏ ਕਮਾਏ ਹਨ। ਪੁਣੇ ਡਿਵੀਜਨ ਨੇ 3.36 ਲੱਖ ਮਾਮਲਿਆਂ ਤੋਂ 24.27 ਕਰੋੜ ਰੁਪਏ ਕਮਾਏ ਹਨ। ਕੇਂਦਰੀ ਰੇਲਵੇ ਕੋਲ 20 ਟਿਕਟ ਚੈਕਰਾਂ ਦਾ ਵੀ ਮਾਣ ਹੈ, ਜਿਨ੍ਹਾਂ ਨੇ ਵਿਅਕਤੀਗਤ ਤੌਰ 'ਤੇ ਇਕ ਕਰੋੜ ਤੋਂ ਵੱਧ ਦੀਆਂ ਰਸੀਦਾਂ ਬਣਾਈਆਂ ਹਨ। ਅਧਿਕਾਰੀ ਨੇ ਅੱਗੇ ਕਿਹਾ ਕਿ ਅਸਲ ਵਿਚ ਸਾਰੇ ਰੇਲ ਉਪਯੋਗਤਾਵਾਂ ਲਈ ਆਰਾਮਦਾਇਕ ਯਾਤਰਾ ਅਤੇ ਬਿਹਤਰ ਸੇਵਾਵਾਂ ਨੂੰ ਯਕੀਨੀ ਬਣਾਉਣ ਲਈ ਕੇਂਦਰੀ ਰੇਲਵੇ ਬਿਨਾਂ ਟਿਕਟ ਅਤੇ ਅਨਿਯਮਿਤ ਯਾਤਰਾ 'ਤੇ ਰੋਕ ਲਗਾਉਣ ਲਈ ਆਪਣੇ ਸਾਰੇ ਡਿਵੀਜਨਾਂ ਵਿਚ ਉਪਨਗਰੀ, ਮੇਲ ਐਕਸਪ੍ਰੈਸ, ਯਾਤਰੀ ਸੇਵਾਵਾਂ ਅਤੇ ਵਿਸੇਸ ਰੇਲਾਂ ਵਿਚ ਟਿਕਟ ਚੈਕਿੰਗ ਕਰਦਾ ਹੈ।

# ਜਲੰਧਰ ਵਿਖੇ ਪ੍ਰੇਮੀ ਵੱਲੋਂ ਕਤਲ ਕੀਤੀ ਗਈ ਪ੍ਰੇਮਿਕਾ ਦੇ ਮਾਮਲੇ 'ਚ ਹੋਇਆ ਵੱਡਾ ਖੁਲਾਸਾ

ਜਲੰਧਰ 6 ਅਪ੍ਰੈਲ। ਸੰਤੋਖਪੁਰਾ ਦੇ ਸਰਾਭਾ ਨਗਰ ਵਿਚ ਸਕਿਓਰਿਟੀ ਗਾਰਡ ਔਰਤ ਦੇ ਕਤਲ ਕੇਸ ਵਿਚ ਵੱਡਾ ਖੁਲਾਸਾ



ਹੋਇਆ ਹੈ। ਮ੍ਰਿਤਕਾ ਦੇ ਪਰਿਵਾਰਕ ਮੈਂਬਰਾਂ ਨੇ ਦੋਸ਼ ਲਗਾਏ ਕਿ ਮਨਦੀਪ ਕੌਰ ਉਰਫ ਸੁਮਨ ਨਾਲ ਲਿਵ-ਇਨ-ਰਿਲੇਸ਼ਨ ਵਿਚ ਰਹਿ ਰਹੇ ਵਿਨੋਦ ਕੁਮਾਰ ਦਾ 3-4 ਔਰਤਾਂ ਨਾਲ ਚੱਕਰ ਹੋਣ ਅਤੇ ਤਲਾਕ ਨਾ ਲਏ ਹੋਣ ਦੀ ਗੱਲ ਦਾ ਪਤਾ ਚੱਲਦੇ ਹੀ ਲੜਾਈ-ਝਗੜਾ ਸ਼ੁਰੂ ਹੋ ਗਿਆ ਸੀ। ਇਸੇ ਕਾਰਨ ਸੁਮਨ ਨੇ ਵਿਨੋਦ ਨਾਲ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਉਸ ਨੇ ਖੁਦ ਲਈ ਕਮਰਾ ਵੀ ਵੇਖ ਲਿਆ ਸੀ, ਜਿਸ ਵਿਚ ਉਸ ਨੇ ਜਲਦ ਹੀ ਸ਼ਿਫਟ ਹੋ ਜਾਣਾ ਸੀ। ਖੁਦ ਦੀ ਬਦਨਾਮੀ ਦੇ ਚੱਕਰ ਵਿਚ ਵਿਨੋਦ ਨੇ ਪਹਿਲਾਂ ਤਾਂ ਮਿੰਨਤਾਂ ਕਰਕੇ ਉਸ ਨੂੰ ਰੋਕ ਲਿਆ ਅਤੇ ਫਿਰ ਮੌਤ ਦੇ ਘਾਟ ਉਤਾਰ ਦਿੱਤਾ। ਮੁਲਜਮ ਇਕ ਮਹੀਨੇ ਤੋਂ ਸੁਮਨ ਦੇ ਕਤਲ ਦੀ ਪਲਾਨਿੰਗ ਬਣਾ ਰਿਹਾ ਸੀ। ਜਾਂਚ ਵਿਚ ਪਤਾ ਲੱਗਾ ਕਿ ਸੁਮਨ ਦੀ ਮੌਤ ਗਲਾ ਘੁੱਟਣ ਨਾਲ ਹੋਈ ਹੈ। ਪੁਲਸ ਨੇ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤੀ ਹੈ। ਮੁਲਜਮ ਵਿਨੋਦ ਹਾਲੇ ਵੀ ਫਰਾਰ ਹੈ, ਜਿਸ ਦੀ ਤਲਾਸ਼ ਵਿਚ ਥਾਣਾ ਨੰਬਰ 8 ਦੀ ਪੁਲਸ ਨੇ ਬੁੱਧਵਾਰ ਨੂੰ ਕਾਫੀ ਥਾਵਾਂ 'ਤੇ ਛਾਪੇਮਾਰੀ ਕੀਤੀ ਪਰ ਉਸ ਦਾ ਕੋਈ ਸੁਰਾਗ ਨਹੀਂ ਮਿਲਿਆ। ਆਖਰੀ ਲੋਕੇਸ਼ਨ ਵੀ ਉਸ ਦੀ ਲੋਕਲ ਹੀ ਆਈ ਸੀ। ਥਾਣਾ ਨੰਬਰ 8 ਦੇ ਇੰਚਾਰਜ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਲਾਸ਼ ਮਿਲਣ ਤੋਂ ਬਾਅਦ ਉਨ੍ਹਾਂ ਦੀਆਂ ਟੀਮਾਂ ਨੇ ਕਈ ਸੀ. ਸੀ. ਟੀ. ਵੀ. ਕੈਮਰੇ ਖੰਗਾਲੇ ਪਰ ਵਿਨੋਦ ਦੀ ਕੋਈ ਫੁਟੇਜ ਨਹੀਂ ਆਈ। ਓਧਰ ਮਨਦੀਪ ਕੌਰ ਉਰਫ ਸੁਮਨ ਦੇ ਰਿਸ਼ਤੇਦਾਰਾਂ ਨੇ ਦੋਸ਼ ਲਗਾਏ ਕਿ ਜਦੋਂ ਸੁਮਨ ਨੂੰ ਵਿਨੋਦ ਦੇ ਚਰਿੱਤਰ ਬਾਰੇ ਪਤਾ ਲੱਗਾ ਤਾਂ ਉਹ ਉਸ ਨੂੰ ਛੱਡਣ 'ਤੇ ਆ ਗਈ ਸੀ। ਬਾਅਦ ਵਿਚ ਪਤਾ ਲੱਗਾ ਕਿ ਉਸ ਨੇ ਆਪਣੀ ਪਹਿਲੀ ਪਤਨੀ ਤੋਂ ਤਲਾਕ ਵੀ ਨਹੀਂ ਲਿਆ ਸੀ, ਜਿਸ ਕਾਰਨ ਸੁਮਨ ਨੇ 2 ਵਾਰ ਪੁਲਸ ਨੂੰ ਸ਼ਿਕਾਇਤ ਦੇਣ ਦੀ ਧਮਕੀ ਦਿੱਤੀ ਤਾਂ ਵਿਨੋਦ ਮੁਆਫੀ ਮੰਗ ਕੇ ਉਸ ਨੂੰ ਰੋਕ ਲੈਂਦਾ ਸੀ। ਇਹ ਵੀ ਦੋਸ਼ ਹੈ ਕਿ ਸੁਮਨ ਵਿਨੋਦ ਨੂੰ ਉਸ ਦੇ ਚਰਿੱਤਰ ਨੂੰ ਲੈ ਕੇ ਸਮਾਜ ਵਿਚ ਲਿਆਉਣ ਦੀ ਗੱਲ ਕਰਦੀ ਸੀ। ਵਿਨੋਦ ਨੂੰ ਡਰ ਸੀ ਕਿ ਸੁਮਨ ਉਸਦੀ ਪੋਲ ਖੋਲ੍ਹ ਦੇਵੇਗੀ। ਉਸਨੇ ਇਕ ਮਹੀਨੇ ਪਹਿਲਾਂ ਹੀ ਘਰ ਵਿਚ ਲੱਗੇ ਸੀ. ਸੀ. ਟੀ. ਵੀ. ਕੈਮਰੇ ਵੀ ਉਤਾਰ ਲਏ ਸਨ, ਜੋ ਮਕਾਨ ਮਾਲਕ ਨੇ ਲਗਵਾਏ ਸਨ। ਇਸਦੀ ਪੁਸ਼ਟੀ ਮਕਾਨ ਮਾਲਕ ਨੇ ਖੁਦ ਕੀਤੀ ਹੈ। ਸੁਮਨ ਨੇ ਆਪਣੇ ਅਤੇ ਆਪਣੇ ਬੇਟੇ ਲਈ ਕਮਰਾ ਵੀ ਦੇਖ ਲਿਆ ਸੀ, ਜਿਥੇ ਉਸਨੇ ਜਲਦ ਹੀ ਸ਼ਿਫਟ ਹੋ ਜਾਣਾ ਸੀ

## ਪੰਜਾਬ 'ਚ ਤਿਉਹਾਰਾਂ ਦੇ ਮੱਦੇਨਜਰ ਅਧਿਕਾਰੀਆਂ ਨੂੰ ਖਾਸ ਹੁਕਮ ਜਾਰੀ

ਜਲੰਧਰ 6 ਅਪ੍ਰੈਲ। ਸੂਬੇ ਦੇ ਸਾਰੇ ਜ਼ਿ?ਲ੍ਹਾ ਸਿਹਤ ਅਧਿਕਾਰੀ (ਡੈਜੀਗਨੇਟਿਡ ਆਫਿਸਰ ਫੂਡ ਸੇਫਟੀ) ਤੇ ਫੂਡ ਸੇਫਟੀ ਅਫਸਰ ਖੁਰਾਕ ਪਦਾਰਥਾਂ ਦੀ ਸਪੈਸ਼ਲ ਸੈਂਪਲਿੰਗ ਲਈ ਆਪਣੇ ਜ਼ਿ?ਲ੍ਹੇ ਦੀ ਬਜਾਏ ਹੋਰ ਜ਼ਿ?ਲ੍ਹੇ 'ਚ ਡਿਊਟੀ ਦੇਣਗੇ। ਤਿਉਹਾਰਾਂ ਦੇ ਮੱਦੇਨਜਰ ਅਤੇ ਵੱਖ-ਵੱਖ ਵਿਭਾਗਾਂ ਤੋਂ ਘਟੀਆ ਕਿਸਮ ਦੀਆਂ ਮਠਿਆਈਆਂ ਅਤੇ ਹੋਰ ਖੁਰਾਕ ਪਦਾਰਥਾਂ ਦੀ ਵਿਕਰੀ ਸਬੰਧੀ ਪ੍ਰਾਪਤ ਹੋਈਆਂ ਸ਼ਿਕਾਇਤਾਂ ਨੂੰ ਧਿਆਨ 'ਚ ਰੱਖਦੇ ਹੋਏ ਇਹ ਫੈਸਲਾ ਲਿਆ ਗਿਆ ਹੈ। ਲੋਕਾਂ ਨੂੰ ਮਿਲਾਵਟ ਰਹਿਤ ਖਾਣ-ਪੀਣ ਵਾਲੀਆਂ ਚੀਜਾਂ ਮੁਹੱਈਆ ਕਰਵਾਉਣ ਲਈ ਸਰਕਾਰ ਦੀ ਵਚਨਬੱਧਤਾ ਤਹਿਤ ਕਮਿਸ਼ਨਰ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਪੰਜਾਬ ਅਭਿਨਵ ਤ੍ਰਿਖਾ ਵੱਲੋਂ ਹੁਕਮ ਜਾਰੀ ਕੀਤੇ ਗਏ ਹਨ। ਇਨ੍ਹਾਂ ਹੁਕਮਾਂ ਮੁਤਾਬਕ ਜ਼ਿ?ਲ੍ਹਾ ਸਿਹਤ ਅਧਿਕਾਰੀਆਂ ਅਤੇ ਫੂਡ ਸੇਫਟੀ ਅਫਸਰਾਂ ਦੀ 20 ਤੋਂ 27 ਅਕਤੂਬਰ ਤੱਕ ਸਪੈਸ਼ਲ ਡਿਊਟੀ ਸੈਂਪਲਿੰਗ ਲਈ ਉਨ੍ਹਾਂ ਦੇ ਨਾਂ ਦੇ ਸਾਹਮਣੇ ਲਿਖੇ ਜ਼ਿ?ਲ੍ਹੇ 'ਚ ਲਾਈ ਗਈ ਹੈ। ਅੰਮ੍ਰਿਤਪਾਲ ਸਿੰਘ-ਸੰਗਰੂਰ, ਡਾ. ਜਸਪ੍ਰੀਤ ਸਿੰਘ-ਬਠਿੰਡਾ, ਡਾ. ਬਲਜੀਤ ਸਿੰਘ-ਸ੍ਰੀ ਮੁਕਤਸਰ ਸਾਹਿਬ, ਡਾ. ਹਰਕੀਰਤ ਸਿੰਘ-ਜਲੰਧਰ, ਡਾ. ਦੀਪੇਂਦਰ ਕੁਮਾਰ-ਲੁਧਿਆਣਾ, ਡਾ. ਗੁਰਪ੍ਰੀਤ ਸਿੰਘ ਪੰਨੂ-ਗੁਰਦਾਸਪੁਰ, ਡਾ. ਸੰਜੇ ਕਤਿਆਲ-ਪਠਾਨਕੋਟ, ਡਾ. ਲਖਬੀਰ ਸਿੰਘ-ਤਰਨਤਾਰਨ, ਡਾ. ਸੁਖਬੀਰ ਕੌਰ-ਫਿ?ਰੋਜਪੁਰ, ਡਾ. ਸੁਖਵਿੰਦਰ ਸਿੰਘ-ਹੁਸ਼ਿ?ਆਰਪੁਰ, ਡਾ. ਜਗਜੀਤ ਕੌਰ-ਵਧੀਕ ਚਾਰਜ, ਸ੍ਰੀ ਫਤਿਹਗੜ੍ਹ ਸਾਹਿਬ, ਡਾ. ਰਿਪੂਦਮਨ ਕੌਰ-ਬਰਨਾਲਾ ਸੰਦੀਪ ਸਿੰਘ ਸੰਧੂ-ਸੰਗਰੂਰ-1 ਅਤੇ 2, ਅਮਰਿੰਦਰ ਚਾਹਲ-ਬਠਿੰਡਾ-2, ਦਿਵਿਆ ਗੋਸਵਾਮੀ-ਬਠਿੰਡਾ-3, ਨੇਹਾ ਸਰਮਾ-ਲੁਧਿਆਣਾ-3, ਜਸਵਿੰਦਰ ਸਿੰਘ-ਲੁਧਿਆਣਾ-4 ਅਤੇ 5, ਲਵਦੀਪ ਸਿੰਘ-ਮੋਗਾ-1 ਅਤੇ 2, ਯੋਗੇਸ ਗੋਇਲ-ਜਲੰਧਰ-1, ਪ੍ਰਭਜੋਤ ਕੌਰ-ਜਲੰਧਰ-2 ਅਤੇ 3, ਰਮਨ ਵਿਰਦੀ-ਜਲੰਧਰ-4, ਮੁਕੁਲ ਗਿੱਲ-ਹੁਸ਼ਿ?ਆਰਪੁਰ-1, ਰਾਸੂ ਮਹਾਜਨ-ਹੁਸ਼ਿ?ਆਰਪੁਰ-3, ਸਤਨਾਮ ਸਿੰਘ-ਕਪੂਰਥਲਾ-1 ਅਤੇ 2, ਸਤਵਿੰਦਰ ਸਿੰਘ-ਪਟਿਆਲਾ-1 ਅਤੇ 2, ਨਵਦੀਪ ਸਿੰਘ-ਮਾਨਸਾ-1, ਵਿਕਰਮਜੀਤ ਸਿੰਘ-ਰੂਪਨਗਰ-1, ਰਾਜਦੀਪ ਕੌਰ-ਬਰਨਾਲਾ, ਚਰਨਜੀਤ ਸਿੰਘ-ਮਾਲੇਰਕੋਟਲਾ, ਦਿਵਯਜੋਤ ਕੌਰ-ਪਟਿਆਲਾ-3 ਅਤੇ 4, ਸਰਬਜੀਤ ਕੌਰ-ਫਿਰੋਜਪੁਰ-2


**NAME CHANGE**

I, RIYAZ KHAN S/O RAIES KHAN R/o JHUGGI NO-W-158/122 1st FLOOR, TALL NO-238/5, SADAR BAZAR, DELHI CANTT, SOUTH WEST DELHI, DELHI-110010, declare that name of my father and my mother has been wrongly written as RAHISUDDIN and RUKHSANA in my 10th class certificate and mark-sheet. The actual name of my father and my mother are RAIES KHAN

**NAME CHANGE**

I Pramod Prasad S/o Sateshwar Prasad Dobhal R/o Flat No-191,Rose Apartment,Sector-18B,Dwarka,Delhi-110078,Have Changed My Name To Pramod Dobhal For All Purpose

**NAME CHANGE**

I, INDU BALA ARORA W/O CHANDAN ARORA residing at B-2/82 2ND FLOOR SECTOR -16 ROHINI DELHI-110089 have changed my name to INDU BALA for all future purpose.

**NAME CHANGE**

I Satender Singh S/o Sajjan Singh R/o RZ-5 Block-O New Roshan Pura Najafgarh New Delhi-110043 have changed my name to Satender Malik for all future purposes.

**NAME CHANGE**

I, GAURAV S/O GOPI CHAND residing at T-1 WARD NO-1 MEHRAULI DELHI-110030 have changed my name to GAURAV BHIWANIA for all future purpose.

**NAME CHANGE**

I, Manjeet Singh s/o Avtar Singh Saini R/o H. No. 92, Khasra No. 32/20, 3rd Floor, Vikas Puri Extn., Nilothi, New Delhi-110041, have changed my name to Manjeet Singh Saini for all future purposes

**NAME CHANGE**

I, MEENA W/o JC-769997X SUB RAJESH SINGH R/o VILL-BASELA, PO-MANINABALU, TEH-MANT, DIST-MATHURA, UTTAR PRADESH-281204, have changed my name from MEENA to MEENA DEVI for all future purposes and in my husband's service records my date of birth wrongly mentioned as 15/04/1982 instead of my correct date of birth as 05/04/1982 vide affidavit dated 28/12/2022 before Notary Public, Delhi.

**NAME CHANGE**

I, PRATUSH KUMAR SHARMA S/O RAJESH KUMAR SHARMA residing at D-118 GALI NO-2 SWAROOP NAGAR OUTER DELHI-110042 have changed my name to PRATYUSH SHARMA for all future purpose.

**NAME CHANGE**

I, hitherto known as SARABJEET SINGH Alias SARABJEET SINGH ARORA S/O SH. JOGINDER SINGH R/O DE-91, TAGORE GARDEN, WEST DELHI, DELHI-110027 have changed my name and shall hereafter be known as SARABJEET SINGH ARORA.

**PUBLIC NOTICE**

It is for general information that I, SANJAY KINDO son of SANTOSH KINDO Residing at F-116, Near Kali Mata Mandir, Lado Sarai, New Delhi-110030, declare that name of mine and my wife has been wrongly written as SANJAY and MARY DUNG DUNG in my minor son namely NAMAN KINDO aged 13Years in his Birth Certificate No.4867. The actual name of mine and my wife are SANJAY KINDO and FERESHKA KINDO respectively, which may be amended accordingly

**NAME CHANGE**

I Nidhi Aggarwal W/o Suneet Gupta R/o Flat-502,Tower-17,The Close South,Sector-50,Nirvana Country,Gurgaon,Haryana-122018,Have Changed My Name To Nidhi Aggarwal Gupta For All Purpose

**NAME CHANGE**

I Surender Singh S/o Prem Singh R/o 1080 First Floor, Block c-2, Near Gems International School, Palam Vihar Gurgaon Haryana-122001,Have Changed My Name To Surinder Verma For All Purpose

**NAME CHANGE**

I, TARUN KUMAR S/O SURAJ BHAN residing at 320 DHEERPUR NIRANKARI COLONY DR MUKERJEE NAGAR DELHI-110009 have changed my name to TARUN KUMAR SHARMA for all future purpose.

**PUBLIC NOTICE**

Information is given to general public at large that our client Sh. Varun Bhutani is the owners of Freehold Residential Property bearing No. 1/5169, Plot No. 15, area measuring 160 sq. yds., out of Khasra No. 231 & 224, situated at the area of Village Sikdarpur, in the abadi of Gali No. 7 & 8, Balbir Nagar, Shahdara, Delhi. vide Sale Deed dated 12.11.2021 as Document No. 7419, in Book No. I, Volume No. 3873, on pages 77-90, SRO-IV-A In the chain Document Probate Order of Regd. Will dated 17.07.2008 & SMC of Late Smt. Suman Latanot available, Our client is declaring that that any other Person does not have any right over the said property. and Built on Third Floor, with roof rights to be sold to Sh. Ritu Kumar Garg which is to be financed by Piramal Capital & Housing Finance Ltd., Branch Aggarwal Metro Mall, Unit No. 107, First Floor,Station Box at Dilshad Garden Metro Station, New Delhi 110095. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

I Anjali W/o Satender Malik R/o RZ-5 Block-O New Roshan Pura Najafgarh New Delhi-110043 have changed my name to Anjali Malik for all future purposes.

**NAME CHANGE**

I MOLIKUTTY THOMAS D/O KURIAN PAPPAN R/O 20/374,DDA FLAT,DAKSHIN PURI EXT,NEW DELHI 110062 HAVE CHANGE MY NAME TO MOLI THOMAS FOR ALL FUTURE PURPOSE.

**NAME CHANGE**

I, HARPREET SINGH S/O MOHINDER SINGH residing at H NO-52/53, GALI NO-14, INDRA PARK, CHANDER NAGAR, KRISHNA NAGAR, DELHI-110051 have changed my name to HARPREET SINGH SIKKA for all future purpose.

**PUBLIC NOTICE**

Information is given to general public at large that our clients Sh. Praveen Kumar Bansal & Smt. Meenu Garg are the owners of Freehold Residential Property bearing No. B-5, part of Plot No. 16, area measuring 142.13 sq. mtrs. (170 sq. yds.), out of Khasra No. 335-336, situated at Village Chandrawali @ Shahdara, in the abadi of Mansarover Park, G.T. Road, Shahdara, Delhi. vide Sale Deed dated Sale Deed dated 25.09.2021 as Document No. 6211, in Book No. I, Volume No. 3814, on pages 1-10, SRO-IV-A. In the chain Document Probate Order of Regd. Will dated 27.01.1967 & SMC of Late Smt. Shanti Devi & Sh. Inderjeet Singh are not available, Our client is declaring that that any other Person does not have any right over the said property. and Built on Second Floor without Roof Right to be sold to Sh. Ram Gopal which is to be financed by Piramal Capital & Housing Finance Ltd., Branch Aggarwal Metro Mall, Unit No. 107, First Floor, Station Box at Dilshad Garden Metro Station, New Delhi 110095. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

# ਬੈਂਕਾਂ ਨਾਲ ਜੁੜੀਆਂ ਗੱਲਾਂ




**ਪੈਸਾ ਕਿਸਨੂੰ ਪਸੰਦ ਨਹੀਂ ਹੁੰਦਾ? ਪੈਸੇ ਤਾਂ ਅੱਜ ਕੱਲ੍ਹ ਸਾਹਾਂ ਤੋਂ ਵੀ ਜ਼ਿਆਦਾ ਜ਼ਰੂਰੀ ਹਨ, ਇਸੇ ਕਾਰਨ ਲੋਕ ਮਸ਼ੀਨਾਂ ਵਾਂਗ ਕੰਮ ਕਰਦੇ ਹਨ। ਖ਼ੈਰ ਇਹ ਆਮ ਜ਼ਿੰਦਗੀ ਹੈ। ਤੁਹਾਡੀ ਹਰ ਵਿੱਤੀ ਜ਼ਰੂਰਤ ਨੂੰ ਪੂਰਾ ਕਰਨ ਵਾਲੇ ਬੈਂਕਾਂ ਬਾਰੇ ਤੁਸੀਂ ਕਿੰਨਾ ਕੁ ਜਾਣਦੇ ਹੋ? ਬੈਂਕ ਤੁਹਾਡੀ ਹਰ ਛੋਟੀ ਵੱਡੀ ਜ਼ਰੂਰਤ ਦਾ ਧਿਆਨ ਰੱਖਦਾ ਹੈ, ਤਾਂ ਤੁਹਾਨੂੰ ਵੀ ਬੈਂਕਾਂ ਬਾਰੇ ਕੁਝ ਗੱਲਾਂ ਜ਼ਰੂਰ ਪਤਾ ਹੋਣੀਆਂ ਚਾਹੀਦੀਆਂ ਹਨ...**

ਬੈਂਕ ਖਾਤਾ ਕਿਸੇ ਦੀ ਵੀ ਜ਼ਿੰਦਗੀ ਦਾ ਇਕ ਅਹਿਮ ਹਿੱਸਾ ਹੈ। ਹੁਣ ਤਾਂ ਸਰਕਾਰ ਨੇ ਵੀ ਇਸ ਨੂੰ ਆਪਣੀ ਜ਼ਿੰਦਗੀ ਨਾਲ ਜੋੜਨ ਲਈ ਕਮਰ ਕੱਸ ਲਈ ਹੈ। ਸਰਕਾਰ ਨੇ ਅਜਿਹੀਆਂ ਕਈ ਯੋਜਨਾਵਾਂ ਬਣਾਈਆਂ ਹਨ, ਜਿਸ ਦਾ ਫ਼ਾਇਦਾ ਚੁੱਕਣ ਲਈ ਤੁਹਾਡੇ ਕੋਲ ਬੈਂਕ ਖਾਤਾ ਹੋਣਾ ਚਾਹੀਦਾ ਹੈ। ਸਰਕਾਰ ਨੇ ਜਦੋਂ ਜਨ-ਧੰਨ ਯੋਜਨਾ ਲਿਆ ਕੇ ਗ਼ਰੀਬਾਂ ਨੂੰ ਇਕ ਮੌਕਾ ਦਿੱਤਾ ਕਿ ਉਹ ਆਪਣਾ ਬੈਂਕ ਖਾਤਾ ਖੁਲ੍ਹਵਾ ਲੈਣ, ਪਰ ਉਨ੍ਹਾਂ ਖਾਤਿਆਂ 'ਚ ਵੀ ਜਮ੍ਹਾਂਖੋਰੀ ਦੀਆਂ ਕਈ ਘਟਨਾਵਾਂ ਸਾਹਮਣੇ ਆਉਂਦੀਆਂ ਹਨ। ਨੋਟਬੰਦੀ ਤੋਂ ਬਾਅਦ ਇਹ ਕਾਲੇ ਕਾਰਨਾਮੇ ਸਾਹਮਣੇ ਆਏ ਹਨ। ਬੈਂਕ ਖਾਤੇ ਕਿਸੇ ਵਿਅਕਤੀ ਲਈ ਉਨੇ ਹੀ ਜ਼ਰੂਰੀ ਹਨ ਜਿਨੇ ਕਿ ਪੈਸੇ...

ਅੱਜ ਕੱਲ੍ਹ ਬੈਂਕ ਬਹੁਤ ਸਾਰੀਆਂ ਸੇਵਾਵਾਂ ਮੁਹੱਈਆ ਕਰਦੇ ਹਨ ਪਰ ਬੈਂਕ ਦੇ ਮੁੱਖ ਤੌਰ 'ਤੇ ਦੋ ਕੰਮ ਹੁੰਦੇ ਹਨ।

- ਲੋਕਾਂ ਤੋਂ ਪੈਸੇ ਲੈ ਕੇ ਉਸ ਨੂੰ ਸੁਰੱਖਿਅਤ ਰੱਖਣਾ ਅਤੇ ਜ਼ਰੂਰਤ ਪੈਣ 'ਤੇ ਜਮ੍ਹਾਂਕਰਤਾ ਨੂੰ ਪੈਸੇ ਦੇਣਾ।
- ਜ਼ਰੂਰਤਮੰਦ ਅਤੇ ਕਰਜ਼ ਵਾਪਸ ਕਰਨ ਦੀ ਕਾਬਲੀਅਤ ਰੱਖਣ ਵਾਲੇ ਲੋਕਾਂ ਨੂੰ ਉਚਿਤ ਵਿਆਜ 'ਤੇ ਕਰਜ਼ ਦੇਣਾ।

ਨਿਯਮਾਂ ਦੀ ਰੀੜ ਦੀ ਹੱਡੀ 'ਤੇ ਖੜ੍ਹੇ ਅਤੇ ਪੈਸਿਆਂ ਨਾਲ ਭਰੇ ਬੈਂਕ ਦਾ ਇਤਿਹਾਸ ਵੀ ਬਹੁਤ ਦਿਲਚਸਪ ਹੈ। ਤੁਸੀਂ 500, 2000 ਅਤੇ ਇਤਿਹਾਸ ਦੇ ਪੰਨਿਆਂ 'ਚ ਦਰਜ 1000 ਦੇ ਨਕਲੀ ਨੋਟਾਂ ਨੂੰ ਤਾਂ ਖ਼ੂਬ ਪਛਾਣਦੇ ਹੋਵੋਗੇ ਪਰ ਕੀ ਤੁਸੀਂ ਬੈਂਕਾਂ ਬਾਰੇ ਕੁਝ ਹੋਰ ਅਨੋਖੇ ਪਹਿਲੂਆਂ ਨੂੰ ਜਾਣਦੇ ਹੋ? ਆਓ ਜਾਣੀਏ ਬੈਂਕਾਂ ਨਾਲ ਜੁੜੀਆਂ ਕੁਝ ਦਿਲਚਸਪ ਗੱਲਾਂ...

### ਸਭ ਤੋਂ ਪਹਿਲਾ ਬੈਂਕ

ਮਿਸਰ ਅਤੇ ਗ੍ਰੀਸ ਦੇ ਲੋਕ ਬੈਂਕਿੰਗ ਨਾਲ ਜੁੜੇ ਸਨ। ਉਸ ਜ਼ਮਾਨੇ 'ਚ ਲੋਕ ਮੰਦਰਾਂ 'ਚ ਪੈਸੇ ਜਮ੍ਹਾਂ ਰੱਖਦੇ ਸੀ। ਜ਼ਿਕਰਯੋਗ ਹੈ ਕਿ ਹਿੰਦੋਸਤਾਨ 'ਚ ਲੋਕ ਅੱਜ ਵੀ ਆਪਣੇ ਨਿੱਜੀ ਪੈਸਿਆਂ ਦੀ ਸਲਾਮਤੀ ਲਈ ਮੰਦਿਰ 'ਚ ਪੈਸੇ ਰੱਖਦੇ ਹਨ। ਮੱਧ ਕਾਲ 'ਚ ਕਰਜ਼ ਲੈਣਾ ਪਾਪ ਸਮਝਿਆ ਜਾਂਦਾ ਸੀ। ਇਸ ਲਈ ਕੁਝ ਦੇਸ਼ਾਂ ਨੇ ਬੈਂਕਾਂ ਦੀ ਸਥਾਪਨਾ 'ਤੇ ਰੋਕ ਲਗਾ ਦਿੱਤੀ ਸੀ।

### ਬੈਂਕ ਸ਼ਬਦ ਦੀ ਸਥਾਪਨਾ

ਮੱਧ ਕਾਲ 'ਚ ਕਰਜ਼ ਲੈਣਾ ਗੁਨਾਹ ਸੀ ਪਰ ਜਿਸ 'ਤੇ ਰੋਕ ਹੋਵੇ ਉਹ ਨਾ ਕੀਤਾ ਤਾਂ ਕੀ ਕੀਤਾ? ਇਟਲੀ ਦੇ ਕੁਝ ਪੈਸੇ ਬਦਲਣ ਵਾਲਿਆਂ ਨੇ ਆਪਣਾ ਬਿਜ਼ਨਸ ਰਾਹਾਂ 'ਤੇ ਹੀ ਚਲਾਉਣਾ ਸ਼ੁਰੂ ਕਰ ਦਿੱਤਾ। ਇਹ ਲੋਕ ਬੈਂਚ 'ਤੇ ਹੀ ਪੈਸੇ ਬਦਲਣ ਦਾ ਕਾਰੋਬਾਰ ਕਰਦੇ ਸੀ। ਇਟਾਲਵੀ 'ਚ ਬੈਂਚ ਨੂੰ 'ਬੈਂਕੋ' ਕਿਹਾ ਜਾਂਦਾ ਹੈ ਅਤੇ ਇਸ ਨੂੰ 'ਬੈਂਕੋ' ਨਾਲ ਬੈਂਕ ਸ਼ਬਦ ਆਇਆ ਹੈ।

### ਦੁਨੀਆ ਦੀ ਪਹਿਲੀ ਬੈਂਕ

ਦੁਨੀਆ ਦੀ ਪਹਿਲੀ ਆਧੁਨਿਕ ਬੈਂਕ, 'ਬੈਂਕੋ ਡੇਅ ਰਿਆਲਟੀ' ਦੀ ਸਥਾਪਨਾ 16ਵੀ ਸਦੀ 'ਚ ਵੇਨਿਸ 'ਚ ਕੀਤੀ ਗਈ। ਇਸ ਬੈਂਕ 'ਚ ਚੈੱਕ ਸਿਸਟਮ ਵੀ ਸੀ।

ਹੁੰਡੀ ਨਾਲ ਹੁੰਦਾ ਸੀ ਪੈਸਿਆਂ ਦਾ ਲੈਣ-ਦੇਣ ਭਾਰਤ 'ਚ ਬੈਂਕਾਂ ਨੇ 18ਵੀ ਸਦੀ 'ਚ ਸ਼ੁਰੂਆਤ ਕੀਤੀ। ਉਸ ਤੋਂ ਪਹਿਲਾਂ 'ਹੁੰਡੀ' ਨਾਲ ਪੈਸਿਆਂ ਦਾ ਲੈਣ-ਦੇਣ ਕੀਤਾ ਜਾਂਦਾ ਸੀ। ਹੁੰਡੀ ਇਕ ਤਰ੍ਹਾਂ ਦਾ ਮਹਾਜਨੀ ਚੈੱਕ ਜਾਂ ਹੈਂਡ ਨੋਟ ਹੈ। ਇਹ ਇਕ ਅਜਿਹਾ ਪੱਤਰ ਹੈ ਜੋ ਕਿਸੇ ਮਹਾਜਨ ਕਿਸੇ ਤੋਂ ਕਰਜ਼ ਲੈਂਦੇ ਸਮੇਂ ਉਸ ਦੇ ਪ੍ਰਮਾਣ ਦੇ ਤੌਰ 'ਤੇ ਕਰਜ਼ ਲੈਣ ਵਾਲੇ ਨੂੰ ਲਿਖ ਕੇ ਦਿੰਦਾ ਸੀ ਜਿਸ 'ਤੇ ਧੰਨ ਨੂੰ ਵਿਆਜ ਸਮੇਤ ਚੁਕਾਉਣ ਦਾ ਸਮਾਂ ਲਿਖਿਆ ਹੁੰਦਾ ਸੀ।

### ਭਾਰਤ 'ਚ ਬੈਂਕਿੰਗ ਦੀ ਸ਼ੁਰੂਆਤ

ਭਾਰਤ 'ਚ ਬੈਂਕਿੰਗ ਦੀ ਸ਼ੁਰੂਆਤ 18ਵੀਂ ਸਦੀ ਦੇ ਅੰਤ 'ਚ 1786 'ਚ 'ਦਿ ਜਨਰਲ ਬੈਂਕ ਆਫ ਇੰਡੀਆ' ਦੀ ਸਥਾਪਨਾ ਨਾਲ ਹੋਈ। 1790 'ਚ ਬੈਂਕ ਆਫ ਹਿੰਦੋਸਤਾਨ ਦੀ ਸਥਾਪਨਾ ਕੀਤੀ ਗਈ। ਹੁਣ ਇਹ ਦੋਵੇਂ ਬੈਂਕ ਬੰਦ ਹੋ ਚੁੱਕੇ ਹਨ।

### ਭਾਰਤੀਆਂ ਦਾ ਪਹਿਲਾ ਬੈਂਕ

1895 'ਚ ਲਾਹੌਰ 'ਚ ਪੰਜਾਬ ਨੈਸ਼ਨਲ ਬੈਂਕ ਦੀ ਸਥਾਪਨਾ ਕੀਤੀ ਗਈ। ਕ੍ਰਾਂਤੀਕਾਰੀ ਲਾਲਾ ਲਾਜਪਤ ਰਾਏ ਨੇ ਇਸ ਬੈਂਕ ਦੀ ਸਥਾਪਨਾ ਕੀਤੀ ਸੀ। ਇਸ ਬੈਂਕ ਦੀ ਵਾਂਗਡੋਰ ਪੂਰੀ ਤਰ੍ਹਾਂ ਭਾਰਤੀਆਂ ਦੇ ਹੱਥਾਂ 'ਚ ਸੀ। ਵੰਡ ਤੋਂ ਪਹਿਲਾਂ ਇਹ ਦੇਸ਼ ਦਾ ਪਹਿਲਾ ਬੈਂਕ ਸੀ, ਜਿਸ ਨੂੰ ਭਾਰਤੀ ਹੀ ਚਲਾਉਂਦੇ ਸੀ। 122 ਸਾਲ ਪੁਰਾਣੇ ਇਸ ਬੈਂਕ 'ਚ ਅੱਜ ਵੀ ਕੰਮ ਹੁੰਦਾ ਹੈ।

### ਆਰਬੀਆਈ ਦੀ ਸਥਾਪਨਾ

1935 'ਚ ਦੇਸ਼ ਦੇ ਕੇਂਦਰੀ ਬੈਂਕ ਦੇ ਰੂਪ 'ਚ ਆਰਬੀਆਈ ਦੀ ਸਥਾਪਨਾ ਕੀਤੀ ਗਈ। 1949 'ਚ ਆਰਬੀਆਈ ਦਾ ਰਾਸ਼ਟਰੀਕਰਨ ਕੀਤਾ ਗਿਆ। ਸਰ ਜਾਨ ਆਸਬਾਰਨ ਸਮਿੱਥ ਆਰਬੀਆਈ ਦੇ ਪਹਿਲੇ ਗਵਰਨਰ ਸੀ। 1943 'ਚ ਸੀ.ਡੀ ਦੇਸ਼ਮੁੱਖ ਨੂੰ ਆਰਬੀਆਈ ਦਾ ਪਹਿਲਾ ਭਾਰਤੀ ਗਵਰਨਰ ਬਣਾਇਆ ਗਿਆ ਸੀ।

### ਚਲਦੇ ਸੀ 5,000 ਅਤੇ 10,000 ਦੇ ਨੋਟ

ਅੱਜ 2000 ਦੇ ਨੋਟਾਂ ਨੂੰ ਲੈ ਕੇ ਇੰਨਾ ਸ਼ੋਰ-ਸ਼ਰਾਬਾ ਹੈ ਇਕ ਪਾਸੇ ਤਾਂ ਲੋਕ ਛੁੱਟੇ ਨਹੀ ਦਿੰਦੇ ਅਤੇ ਦੂਜੇ ਪਾਸੇ ਚੂਰਨ ਵਾਲੇ ਨੋਟ ਵੀ ਛੱਪਣ ਲੱਗੇ ਹਨ ਪਰ 1954-1978 'ਚ 5,000 ਅਤੇ 10,000 ਦੇ ਨੋਟ ਵੀ ਚਲਨ 'ਚ ਸੀ।

### ਆਰਬੀਆਈ ਨਹੀਂ ਛਾਪਦਾ ਇਕ ਰੁਪਏ ਦਾ ਨੋਟ

ਆਰਬੀਆਈ 2, 10, 20, 50, 100, 2000 ਦੇ ਨੋਟ ਛਾਪਦਾ ਹੈ ਪਰ ਇਕ ਰੁਪਏ ਦਾ ਨੋਟ ਨਹੀ ਛਾਪਦਾ। ਇਕ ਰੁਪਏ ਦਾ ਨੋਟ ਵਿੱਤੀ ਸੈਕਟਰ ਦੁਆਰਾ ਜਾਰੀ ਕੀਤੇ ਜਾਂਦੇ ਹਨ ਜਿਸ 'ਤੇ ਫਾਈਨਾਂਸ ਸੈਕਟਰੀ ਦੇ ਦਸਤਖ਼ਤ ਹੁੰਦੇ ਹਨ। ਇਸ ਦੀ ਇਕ ਵਜ੍ਹਾ ਹੈ ਕਿ ਇਕ ਰੁਪਏ ਦੇ ਨੋਟ ਨੂੰ ਇਕ ਰੁਪਏ ਦਾ ਸਿੱਕਾ ਸਮਝਿਆ ਜਾਂਦਾ ਹੈ। 1934 ਦੇ ਆਰਬੀਆਈ ਐਕਟ ਤਹਿਤ ਆਰਬੀਆਈ ਸਿੱਕੇ ਜਾਰੀ ਨਹੀ ਕਰ ਸਕਦਾ। ਤੁਹਾਨੂੰ ਕਿਸੇ ਵੀ ਸਿੱਕੇ 'ਤੇ ਆਰਬੀਆਈ ਦਾ ਚਿੰਨ੍ਹ ਨਹੀ ਦਿਖੇਗਾ।

### ਇਤਿਹਾਸਕ ਪਛਾਣ

ਜੇ ਤੁਸੀਂ ਕਦੇ ਧਿਆਨ ਦਿੱਤਾ ਹੈ ਤਾਂ ਤੁਹਾਨੂੰ ਹਰ ਨੋਟ 'ਤੇ ਭਾਰਤ ਦੀ ਇਕ ਪਛਾਣ ਦਿਖੇਗੀ। ਭਾਰਤ 'ਚ ਆਰਬੀਆਈ ਦੁਆਰਾ ਛਾਪੇ ਗਏ ਹਰ ਨੋਟ 'ਤੇ ਕਿਸੇ ਇਤਿਹਾਸਕ ਇਮਾਰਤ ਜਾਂ ਭਾਰਤ ਦੀ ਕੋਈ ਜਗ੍ਹਾ ਦਾ ਚਿੱਤਰ ਨਹੀ ਛਾਪਿਆ ਜਾਂਦਾ। ਮਿਸਾਲ ਦੇ ਤੌਰ 'ਤੇ 500 ਦੇ ਨਵੇਂ ਨੋਟ 'ਤੇ ਲਾਲ ਕਿਲਾ ਛਪਿਆ ਹੈ ਉੱਥੇ 20 ਰੁਪਏ ਦੇ ਨੋਟ 'ਤੇ ਅੰਡੇਮਾਨ ਦੀਪ ਦੀ ਤਸਵੀਰ ਛਾਪੀ ਗਈ ਹੈ। •






**ਤੁਹਾਡੇ ਸਜੇ-ਸੰਵਾਰੇ ਘਰ ਨੂੰ ਵੇਖ ਕੇ ਜਦ ਕੋਈ ਮਹਿਮਾਨ ਤੁਹਾਡੀ ਤਾਰੀਫ਼ ਕਰਦਾ ਹੈ ਤਾਂ ਇਸ ਨਾਲ ਤੁਹਾਨੂੰ ਜੋ ਖ਼ੁਸ਼ੀ ਹਾਸਲ ਹੁੰਦੀ ਹੈ, ਉਹ ਲਫ਼ਜ਼ਾਂ ਤੋਂ ਪਰੇ ਹੈ। ਇਹੀ ਕਾਰਨ ਹੈ ਕਿ ਬਿਹਤਰ ਇੰਟੀਰੀਅਰ ਡਿਜ਼ਾਈਨ ਸਬੰਧੀ ਜ਼ਿਆਦਾਤਰ ਪਰਿਵਾਰਾਂ ਦੀ ਖ਼ਾਸ ਰੁਚੀ ਰਹਿੰਦੀ ਹੈ। ਜੇ ਤੁਸੀਂ ਵੀ ਆਪਣੇ ਘਰ ਦੇ ਇੰਟੀਰੀਅਰ ਨੂੰ ਖ਼ਾਸ ਦਿੱਖ ਦੇਣੀ ਚਾਹੁੰਦੇ ਹੋ ਤਾਂ ਇਹ ਐਪ ਤੁਹਾਡੇ ਲਈ ਬੇਹੱਦ ਮਦਦਗਾਰ ਸਿੱਧ ਹੋ ਸਕਦੇ ਹਨ...**

# ਘਰ ਦੀ ਸੁੰਦਰਤਾ ਨਿਖਾਰਨ ਡਿਜ਼ਾਈਨਿੰਗ ਐਪ

ਇੰਟੀਰੀਅਰ ਡਿਜ਼ਾਈਨਿੰਗ ਸ਼ੌਕ ਦੇ ਨਾਲ-ਨਾਲ ਕ੍ਰਿਏਟੀਵਿਟੀ ਦੇ ਖੇਤਰ 'ਚ ਵਿਲੱਖਣ ਪਛਾਣ ਬਣਾਉਣ ਵਾਲਾ ਕਰੀਅਰ ਆਪਸ਼ਨ ਹੈ। ਵੈਸੇ ਤਾਂ ਇਸ ਖੇਤਰ ਸਬੰਧੀ ਵੱਖ-ਵੱਖ ਸੰਸਥਾਵਾਂ ਵੱਲੋਂ ਕਈ ਤਰ੍ਹਾਂ ਦੇ ਕੋਰਸ ਚਲਾਏ ਜਾ ਰਹੇ ਹਨ ਪਰ ਟੈਕਨਾਲੋਜੀ ਦੇ ਇਸ ਦੌਰ 'ਚ ਕਈ ਐਪ ਵੀ ਲਾਂਚ ਕੀਤੇ ਗਏ ਹਨ, ਜੋ ਇੰਟੀਰੀਅਰ ਡਿਜ਼ਾਈਨਿੰਗ 'ਚ ਰੁਚੀ ਰੱਖਣ ਵਾਲੇ ਵਿਦਿਆਰਥੀਆਂ ਦੀ ਕ੍ਰਿਏਟੀਵਿਟੀ ਵਧਾਉਣ 'ਚ ਅਹਿਮ ਭੂਮਿਕਾ ਨਿਭਾ ਰਹੇ ਹਨ। ਜੇ ਤੁਸੀਂ ਲੋਕਾਂ ਦੇ ਘਰਾਂ ਨੂੰ ਸੰਵਾਰਨ ਦੇ ਕੰਮ ਨੂੰ ਆਪਣਾ ਪੇਸ਼ਾ ਬਣਾਉਣਾ ਚਾਹੁੰਦੇ ਹੋ ਤਾਂ ਇਹ ਐਪ ਤੁਹਾਡੇ ਲਈ ਕਾਫੀ ਮਦਦਗਾਰ ਸਿੱਧ ਹੋ ਸਕਦੇ ਹਨ।

### ਹੋਮ ਸਟਾਈਲਰ ਕਰੇਗਾ ਸਜਾਵਟ 'ਚ ਮਦਦ

ਇੰਟੀਰੀਅਰ ਡਿਜ਼ਾਈਨ ਕਰਨ ਵਾਲੇ ਇਸ ਐਪ ਜ਼ਰੀਏ ਤੁਸੀ ਘਰ ਜਾਂ ਦਫ਼ਤਰ ਦੀ ਡਿਜ਼ਾਈਨਿੰਗ ਬਹੁਤ ਆਸਾਨ ਤਰੀਕੇ ਨਾਲ ਕਰ ਸਕਦੇ ਹੋ। ਇਸ ਲਈ ਘਰ ਦੇ ਜਿਸ ਹਿੱਸੇ ਦੀ ਤੁਸੀ ਸਜਾਵਟ ਕਰਨੀ ਚਾਹੁੰਦੇ ਹੋ, ਉਸ ਹਿੱਸੇ ਦੀ ਫੋਟੋ ਅਤੇ ਸਜਾਵਟ ਲਈ ਇਸਤੇਮਾਲ ਕੀਤੇ ਜਾਣ ਵਾਲੇ ਸਾਮਾਨ, ਜਿਵੇਂ ਲਾਈਟਾਂ, ਫਲੋਰਿੰਗ ਅਤੇ ਪੇਂਟਿੰਗ ਆਦਿ ਦੀਆਂ ਫੋਟੋਆਂ ਐਪ 'ਤੇ ਅਪਲੋਡ ਕਰਨੀਆਂ ਪੈਣਗੀਆਂ। ਹੋਮ ਸਟਾਈਲਰ ਐਪ ਤੁਹਾਨੂੰ ਇਹ ਦੱਸੇਗਾ ਕਿ ਤੁਸੀ ਜਿਸ ਜਗ੍ਹਾ ਦੀ ਸਜਾਵਟ ਕਰਨੀ ਚਾਹੁੰਦੇ ਹੋ, ਉੱਥੇ ਕਿਹੜਾ-ਕਿਹੜਾ ਸਾਮਾਨ, ਕਿੱਥੇ-ਕਿੱਥੇ ਰੱਖਣਾ ਹੈ ਅਤੇ ਕਿਹੜਾ-ਕਿਹੜਾ ਸਮਾਨ ਇੱਥੇ ਚੰਗਾ ਨਹੀਂ ਲੱਗੇਗਾ।

### 3 ਡੀ ਹੋਮ ਡਿਜ਼ਾਈਨ ਨਾਲ ਸਜਾਓ ਘਰ

ਇਹ ਐਪ ਇਕ ਆਰਕੀਟੈਕਟ ਦੇ ਤੌਰ 'ਤੇ ਕੰਮ ਕਰਦਾ ਹੈ। ਇਸ ਜ਼ਰੀਏ ਘਰ ਦੇ ਕਿਸੇ ਵੀ ਕਮਰੇ ਦੀ ਤਸਵੀਰ ਵੇਖ ਕੇ ਡਿਜ਼ਾਈਨ ਦੇ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਦੇ ਲਈ ਤੁਹਾਨੂੰ ਇਸ ਵਿਚ ਪਲਾਟ ਦਾ ਸਾਈਜ਼ ਜਾਂ ਘਰ ਦੇ ਏਰੀਏ ਬਾਰੇ ਜਾਣਕਾਰੀ ਦਰਜ ਕਰਨੀ ਪਵੇਗੀ। ਇਸ ਤੋਂ ਬਾਅਦ ਇਹ ਐਪ ਘਰ ਦੇ ਵੱਖ-ਵੱਖ ਡਿਜ਼ਾਈਨਾਂ ਦੀ ਲੇਅ-ਆਊਟ ਬਣਾ ਕੇ ਤੁਹਾਨੂੰ ਦੇਵੇਗਾ। ਤੁਸੀ ਇਸ 'ਚ ਰੂਮ, ਫਲੋਰ, ਕਿਚਨ, ਬਾਥਰੂਮ ਆਦਿ ਦੀ ਵੀ ਆਪਣੇ ਹਿਸਾਬ ਨਾਲ ਲੇਅ-ਆਊਟ ਪਲਾਨ ਕਰ ਸਕਦੇ ਹੋ।

### ਘਰ ਦੀ ਰੌਣਕ ਵਧਾਏ ਨੈਰੋਲੈਕ ਕਲਰ ਸਟਾਈਲ ਐਪ

ਘਰ ਦੀ ਸਜਾਵਟ 'ਚ ਦੀਵਾਰਾਂ ਦੀ ਬੇਹੱਦ ਅਹਿਮ ਭੂਮਿਕਾ ਹੁੰਦੀ ਹੈ। ਦੀਵਾਰਾਂ ਦਾ ਰੰਗ ਘਰ ਨੂੰ ਆਮ ਤੋਂ ਖ਼ਾਸ ਬਣਾ ਦਿੰਦਾ ਹੈ। ਇਸ ਤੋਂ ਉਲਟ ਜੇ ਗ਼ਲਤ ਰੰਗ ਦੀ ਚੋਣ ਕਰ ਲਈ ਜਾਵੇ ਤਾਂ ਚੰਗੀ ਭਲੀ ਸਜਾਵਟ ਵੀ ਫਿੱਕੀ ਪੈ ਜਾਂਦੀ ਹੈ। ਘਰ ਦੀਆਂ ਦੀਵਾਰਾਂ 'ਤੇ ਕਿਹੜਾ ਰੰਗ ਜਚੇਗਾ, ਇਹ ਜਾਣਨ ਲਈ ਨੈਰੋਲੈਕ ਕਲਰ ਸਟਾਈਲ ਐਪ ਦੀ ਮਦਦ ਲਈ ਜਾ ਸਕਦੀ ਹੈ। ਇਹ ਐਪ ਤੁਹਾਨੂੰ ਰੰਗਾਂ ਦੇ 1500 ਸ਼ੇਡਜ਼ ਵਿਖਾਉਂਦਾ ਹੈ। ਇਨ੍ਹਾਂ ਵਿਚ ਵਰਚੁਅਲ ਪੇਂਟਸ ਵੀ ਹਨ, ਜਿਸ ਨੂੰ ਤੁਸੀ ਆਪਣੀ ਦੀਵਾਰ 'ਤੇ ਸੈੱਟ ਕਰ ਕੇ ਵੀ ਵੇਖ ਸਕਦੇ ਹੋ।

### ਇਨੋਵੇਸ਼ਨ 'ਚ ਮਦਦ ਕਰੇਗਾ ਹੋਮ ਡੇਕੋਰ

ਜੇ ਤੁਹਾਨੂੰ ਘਰ ਦੀ ਡੈਕੋਰੇਸ਼ਨ 'ਚ ਕੁਝ ਨਵੇਂ ਇਨੋਵੇਸ਼ਨ ਚਾਹੀਦੇ ਹਨ ਤਾਂ ਇਹ ਐਪ ਤੁਹਾਡੇ ਬਹੁਤ ਕੰਮ ਆ ਸਕਦਾ ਹੈ। ਹੋਮ ਡੇਕੋਰ 'ਚ ਤੁਹਾਨੂੰ ਫੈਸ਼ਨ ਅਤੇ ਟ੍ਰੈਂਡ ਨਾਲ ਸਬੰਧਤ ਬਹੁਤ ਸਾਰੇ ਆਈਡੀਆਜ਼ ਮਿਲ ਜਾਣਗੇ। ਤੁਸੀ ਇਸ ਐਪ ਦੀ ਮਦਦ ਨਾਲ ਆਪਣੇ ਬਜਟ ਦੇ ਅਨੁਸਾਰ ਹੋਮ ਡੈਕੋਰੇਸ਼ਨ ਨਾਲ ਜੁੜੀਆਂ ਬਹੁਤ ਸਾਰੀਆਂ ਜ਼ਰੂਰੀ ਗੱਲਾਂ, ਜਿਵੇਂ ਬੈੱਡਰੂਮ ਡੈਕੋਰੇਸ਼ਨ 'ਚ ਕੈਬਨਿਟ, ਹੈੱਡਬੋਰਡ, ਵਾਰਡਰੋਬ, ਪਰਦੇ, ਡੈਕੋਰੇਟਿਵ ਆਈਟਮਜ਼ ਬਾਰੇ ਵੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

### ਡਿਜ਼ਾਈਨ ਦਾ ਵਿਕੀਪੀਡੀਆ ਹੈ ਹਾਊਸ ਐਪ

ਹਾਊਸ ਐਪ ਨੂੰ ਘਰ ਡਿਜ਼ਾਈਨ ਕਰਨ ਲਈ ਕਾਫੀ ਉੱਤਮ ਮੰਨਿਆ ਜਾਂਦਾ ਹੈ। ਇਸ ਦੀ ਮਦਦ ਨਾਲ ਤੁਸੀਂ ਇੰਟੀਰੀਅਰ ਅਤੇ ਐਕਸਟੀਰੀਅਰ, ਦੋਵਾਂ ਦੀ ਡਿਜ਼ਾਈਨਿੰਗ ਕਰ ਸਕਦੇ ਹੋ। ਇਸ ਦੀਆਂ ਖ਼ੂਬੀਆਂ ਕਾਰਨ ਇਸ ਨੂੰ ਇੰਟੀਰਅਰ ਅਤੇ ਐਕਸਟੀਰੀਅਰ ਡਿਜ਼ਾਈਨਿੰਗ ਦਾ ਵਿਕੀਪੀਡੀਆ ਵੀ ਕਿਹਾ ਜਾਂਦਾ ਹੈ। ਇਹ ਇਕ ਤਰ੍ਹਾਂ ਨਾਲ ਡਿਜ਼ਾਈਨਾਂ ਦੀ ਆਈਡੀਆ-ਬੁੱਕ ਹੈ, ਜਿਸ ਵਿਚ ਤੁਹਾਨੂੰ ਮਾਡਰਨ ਅਪਾਰਟਮੈਂਟ ਅਤੇ ਘਰ ਨੂੰ ਸਾਧਾਰਨ ਤਰੀਕੇ ਨਾਲ ਫਰਨਿਸ਼ ਕਰਨ ਦੇ ਟਿਪਸ ਮਿਲ ਜਾਣਗੇ। ਘਰ ਦੀ ਰਸੋਈ, ਡਰਾਇੰਗ ਰੂਮ, ਬਾਲਕਨੀ ਅਤੇ ਬਾਥਰੂਮ ਦੀ ਸਜਾਵਟ ਤੁਸੀ ਇਸ ਐਪ ਦੀ ਮਦਦ ਨਾਲ ਕਰ ਸਕਦੇ ਹੋ। •

---

*ਘਰ ਅਤੇ ਕਾਰੋਬਾਰੀ ਥਾਂ 'ਤੇ ਅਕਸਰ ਨਿਰਮਾਣ ਸਮੇਂ ਕੁਝ ਵਾਸਤੂ ਦੋਸ਼ ਰਹਿ ਜਾਂਦੇ ਹਨ, ਜਿਨ੍ਹਾਂ ਤੋਂ ਪੈਦਾ ਹੋਣ ਵਾਲੀ ਨਕਾਰਾਤਮਿਕ ਊਰਜਾ ਸਾਡੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਦੀ ਹੈ। ਜਿਸ ਨਾਲ ਉਤਪਾਦਨ ਅਤੇ ਘਰ ਦਾ ਮਾਹੌਲ ਖ਼ਰਾਬ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੋ ਜਾਂਦੀਆਂ ਹਨ। ਜਿਨ੍ਹਾਂ ਨੂੰ ਫੈਂਗਸ਼ੂਈ ਨਾਲ ਦੂਰ ਕੀਤਾ ਜਾ ਸਕਦਾ ਹੈ...*

**ਫੈਂਗਸ਼ੂਈ**

# ਜ਼ਿੰਦਗੀ ਬਦਲ ਦਿੰਦੇ ਨੇ ਪੌਦੇ



ਵਾਸਤੂ-ਸ਼ਾਸਤਰ ਦੀ ਤਰ੍ਹਾਂ ਫੈਂਗਸ਼ੂਈ 'ਚ ਵੀ ਪੌਦਿਆਂ ਦਾ ਮਹੱਤਵ ਹੈ। ਫੈਂਗਸ਼ੂਈ ਅਨੁਸਾਰ ਜੇ ਪੌਦਿਆਂ ਨੂੰ ਸਹੀ ਤਰੀਕੇ ਨਾਲ ਲਗਾਇਆ ਜਾਵੇ ਜਾਂ ਗਮਲਿਆਂ ਨੂੰ ਰੱਖਿਆ ਜਾਵੇ ਤਾਂ ਉਸ 'ਤੋਂ ਕਈ ਲਾਭ ਪ੍ਰਾਪਤ ਕੀਤੇ ਜਾ ਸਕਦੇ ਹਨ।

- ਘਰ ਦੇ ਮੈਂਬਰਾਂ ਦੀ ਸਿਹਤ ਦੀ ਸਲਾਮਤੀ ਲਈ ਘਰ ਦੇ ਹਰ ਕਮਰੇ 'ਚ ਘੱਟ ਤੋਂ ਘੱਟ ਇਕ ਪੌਦਾ ਗਮਲੇ 'ਚ ਲਗਾ ਕੇ ਰੱਖੋ।
- ਘਰ ਦੇ ਦੱਖਣੀ-ਪੂਰਬੀ ਹਿੱਸੇ 'ਚ ਨਿੰਬੂ ਭਾਵ ਨਾਰੰਗੀ ਰੰਗ ਦਾ ਪੌਦਾ ਲਗਾਉਣ ਨਾਲ ਸਕਾਰਾਤਮਿਕ ਊਰਜਾ ਅਤੇ ਪੈਸਿਆਂ ਦੀ ਪ੍ਰਾਪਤੀ ਹੁੰਦੀ ਹੈ। ਜੇ ਦੱਖਣ-ਪੂਰਬੀ ਹਿੱਸੇ 'ਚ ਪੌਦਾ ਲਗਾਉਣਾ ਸੰਭਵ ਨਾ ਹੋਵੇ ਤਾਂ ਇਹ ਪੌਦਾ ਘਰ ਦੇ ਦਰਵਾਜ਼ੇ 'ਤੇ ਵੀ ਲਗਾਇਆ ਜਾ ਸਕਦਾ ਹੈ।
- ਫੈਂਗਸ਼ੂਈ 'ਚ ਬਾਂਸ ਦਾ ਪੌਦਾ ਤੰਦਰੁਸਤੀ ਦਾ ਚਿੰਨ੍ਹ ਹੈ। ਬਾਂਸ ਦੇ ਚਿੱਤਰ ਨੂੰ ਘਰ 'ਚ ਲਗਾਉਣਾ ਵਧੀਆ ਹੁੰਦਾ ਹੈ।
- ਕਾਰੋਬਾਰ 'ਚ ਠੀਕ ਕੰਮਕਾਰ ਅਤੇ ਸਫਲਤਾ ਪ੍ਰਾਪਤੀ ਲਈ ਬਾਂਸ ਦੇ ਅੱਠ ਤੋਂ ਦਸ ਇੰਚ ਦੇ ਲੰਬੇ ਟੁਕੜੇ ਦੁਕਾਨ ਜਾਂ ਦਫ਼ਤਰ 'ਚ ਲਗਾਉਣੇ ਵਧੀਆ ਮੰਨੇ ਜਾਂਦੇ ਹਨ। ਇਨ੍ਹਾਂ ਨੂੰ ਇਕ ਡੋਰੀ ਦੀ ਸਹਾਇਤਾ ਨਾਲ ਬੰਨ੍ਹ ਕੇ ਟੰਗਣ ਨਾਲ ਸਫਲਤਾ ਮਿਲਦੀ ਹੈ।
- ਘਰ ਦੀ ਪੂਰਬੀ ਦਿਸ਼ਾ ਵਾਲੇ ਭਾਗ 'ਚ ਬਾਂਸ ਦੇ ਪੌਦੇ ਦਾ ਚਿੱਤਰ ਲਗਾਉਣ ਨਾਲ ਪਰਿਵਾਰ ਦੇ ਮੈਂਬਰਾਂ ਦੀ ਸਿਹਤ, ਕਾਮਯਾਬੀ ਅਤੇ ਤਣਾਅ ਮੁਕਤ ਜ਼ਿੰਦਗੀ ਵਧੀਆ ਗੁਜ਼ਰਦੀ ਹੈ।
- ਦਫਤਰ ਜਾਂ ਘਰ 'ਚ ਬੋਨਸਾਈ ਤੇ ਕੈਕਟਸ ਦੇ ਪੌਦੇ ਨਹੀ ਲਗਾਉਣੇ ਚਾਹੀਦੇ। ਫੈਂਗਸ਼ੂਈ ਅਨੁਸਾਰ ਬੋਨਸਾਈ ਦੇ ਪੌਦੇ ਨੂੰ ਕਾਮਯਾਬੀ ਰੋਕਣ ਵਾਲਾ ਅਤੇ ਕੈਕਟਸ ਪੌਦੇ ਨੂੰ ਨਾਕਾਰਾਤਮਿਕ ਪ੍ਰਭਾਵ ਪਾਉਣ ਵਾਲੇ ਮੰਨਿਆ ਜਾਂਦਾ ਹੈ।
- ਇਕ ਪੌਦਾ ਅਜਿਹਾ ਵੀ ਹੈ ਜਿਸ ਨੂੰ ਲਗਾਉਣ ਨਾਲ ਤਰੱਕੀ ਦੇ ਰਸਤੇ ਖੁਲ੍ਹ ਜਾਂਦੇ ਹਨ । ਇਸ ਪੌਦੇ ਦਾ ਨਾਂ ਹੈ 'ਕਰਸੁਲਾ'। ਇਸ ਪੌਦੇ ਦੀਆਂ ਪੱਤੀਆਂ ਮੋਟੀਆਂ ਅਤੇ ਚਿਕਨੀਆਂ ਹੁੰਦੀਆਂ ਹਨ। ਇਸ ਪੌਦੇ ਦਾ ਰੰਗ ਗਹਿਰਾ ਹਰਾ ਹੁੰਦਾ ਹੈ। ਇਸ ਦੀ ਖ਼ਾਸੀਅਤ ਇਹ ਹੈ ਕਿ ਇਸ ਪੌਦੇ ਦੀ ਜ਼ਿਆਦਾ ਸਾਂਭ-ਸੰਭਾਲ ਦੀ ਜ਼ਰੂਰਤ ਨਹੀ ਹੁੰਦੀ। ਇਸ ਪੌਦੇ ਨੂੰ ਘਰ ਦੀ ਅਜਿਹੀ ਜਗ੍ਹਾ ਰੱਖਣਾ ਚਾਹੀਦਾ ਹੈ ਜਿੱਥੇ ਸੂਰਜ ਦੀ ਰੋਸ਼ਨੀ ਪੈਂਦੀ ਹੋਵੇ। ਇਸ ਨੂੰ ਘਰ ਦੇ ਦਰਵਾਜ਼ੇ ਕੋਲ ਰੱਖਣਾ ਚਾਹੀਦਾ ਹੈ। ਇਸ ਨਾਲ ਘਰ 'ਚ ਬਰਕਤ ਹੁੰਦੀ ਹੈ।
- ਇਹ ਇਕ ਫੈਲਾਵਦਾਰ ਪੌਦਾ ਹੈ, ਜਿਸ ਦੀਆਂ ਪੱਤੀਆਂ ਚੌੜੀਆਂ ਹੁੰਦੀਆਂ ਹਨ ਤੇ ਹੱਥ ਲਗਾਉਣ ਨਾਲ ਮੱਖਮਲੀ ਅਹਿਸਾਸ ਹੁੰਦਾ ਹੈ। ਇਸ ਪੌਦੇ ਦੀਆਂ ਪੱਤੀਆਂ ਦਾ ਰੰਗ ਨਾ ਤਾਂ ਪੂਰਾ ਹਰਾ ਹੁੰਦਾ ਹੈ ਅਤੇ ਨਾ ਹੀ ਪੀਲਾ। ਇਹ ਦੋਵਾਂ ਰੰਗਾਂ ਦੇ ਮਿਸ਼ਰਣ ਹੁੰਦਾ ਹੈ। ਬਾਕੀ ਪੌਦਿਆਂ ਵਾਂਗ ਇਸ ਪੌਦੇ ਦੀਆਂ ਪੱਤੀਆਂ ਕਮਜ਼ੋਰ ਨਹੀ ਹੁੰਦੀਆਂ। ਇਸ ਦੇ ਲਗਾਉਣ ਨਾਲ ਘਰ 'ਚ ਤਣਾਅ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਤੋਂ ਨਿਜਾਤ ਪਾਈ ਜਾ ਸਕਦੀ ਹੈ। •

---

# ਪੈਨ ਕਾਰਡ ਕਿਉਂ ਜ਼ਰੂਰੀ?

**ਪੈਨ ਕਾਰਡ ਮੌਜੂਦਾ ਸਮੇਂ 'ਚ ਪੈਸਿਆਂ ਅਤੇ ਲੈਣ-ਦੇਣ ਨਾਲ ਜੁੜੇ ਹਰ ਛੋਟੇ ਮੋਟੇ ਕੰਮਾਂ 'ਚ ਜ਼ਰੂਰੀ ਹੈ। ਜੇ ਤੁਹਾਡੇ ਕੋਲ ਪੈਨ ਕਾਰਡ ਨਹੀਂ ਹੈ ਤਾਂ ਕਈ ਕੰਮ ਰੁਕ ਸਕਦੇ ਹਨ। ਪਿਛੇ ਜਿਹੇ ਸਰਕਾਰ ਨੇ ਆਈਟੀ ਰਿਟਰਨ ਫਾਈਲ ਕਰਨ ਲਈ ਇਕ ਜੁਲਾਈ ਤੋਂ ਆਧਾਰ ਕਾਰਡ ਜ਼ਰੂਰੀ ਕਰ ਦਿੱਤਾ। ਇਹ ਕਈ ਵਿੱਤੀ ਸਮੱਸਿਆ ਸੁਲਝਾਉਣ ਦੀ ਚਾਬੀ ਹੈ...**

ਅੱਜ ਦੇ ਕੈਸ਼ਲੈੱਸ ਸਮੇਂ 'ਚ ਡੈਬਿਟ ਕਾਰਡ ਅਤੇ ਕ੍ਰੈਡਿਟ ਕਾਰਡ ਹਰ ਕਿਸੇ ਦੇ ਕੰਮ ਆ ਰਹੇ ਹਨ ਪਰ ਇਹ ਹੀ ਉਹ ਕਾਰਡ ਹਨ, ਜੋ ਬਟੂਏ 'ਚ ਹੋਣੇ ਚਾਹੀਦੇ ਹਨ। ਪਰਮਾਨੈਂਟ ਅਕਾਊਂਟ ਨੰਬਰ ਭਾਵ ਪੈਨ ਕਾਰਡ ਵੀ ਬਰਾਬਰ ਦੀ ਅਹਿਮੀਅਤ ਰੱਖਦਾ ਹੈ। ਖ਼ਾਸ ਤੌਰ 'ਤੇ ਨੋਟਬੰਦੀ ਤੋਂ ਬਾਅਦ ਇਸ ਦੀ ਜ਼ਰੂਰਤ ਵੱਧ ਗਈ ਹੈ। ਇਸ ਕਾਰਡ ਦੇ ਕਈ ਇਸਤੇਮਾਲ ਹਨ।

### ਟੈਕਸ ਛੋਟ

ਪੈਨ ਕਾਰਡ ਦਾ ਮੁੱਖ ਮਕਸਦ ਟੈਕਸ ਨਾਲ ਜੁੜਿਆ ਹੈ। ਜੇ ਤੁਸੀਂ ਆਪਣੇ ਬੱਚਤ ਬੈਂਕ ਖ਼ਾਤੇ 'ਚ ਪੈਨ ਨੰਬਰ ਨਹੀ ਦੱਸਦੇ ਤਾਂ ਤੁਹਾਨੂੰ ਟੀਡੀਐੱਸ ਦੇਣਾ ਪਵੇਗਾ। ਇਸ ਮਾਮਲੇ 'ਚ ਜ਼ਿਆਦਾਤਰ ਲਿਮਿਟ ਦਾ ਟੈਕਸ ਲਗਦਾ ਹੈ। ਜੇ ਤੁਹਾਡਾ ਸਾਲ ਭਰ ਦਾ ਵਿਆਜ 10 ਹਜ਼ਾਰ ਰੁਪਏ ਤੋਂ ਜ਼ਿਆਦਾ ਹੈ ਤਾਂ ਬੈਂਕ 30 ਫ਼ੀਸਦੀ ਟੀਡੀਐੱਸ ਕੱਟ ਸਕਦਾ ਹੈ।

### ਐੱਚਆਰਏ

ਜੋ ਲੋਕ ਸਾਲਾਨਾ ਕਿਰਾਇਆ ਇਕ ਲੱਖ ਤੋਂ ਜ਼ਿਆਦਾ ਭਰਦੇ ਹਨ, ਉਨ੍ਹਾਂ ਦੇ ਮਕਾਨ ਮਾਲਕ ਦਾ ਪੈਨ ਨੰਬਰ ਜ਼ਰੂਰੀ ਹੁੰਦਾ ਹੈ। ਇਸ ਨੂੰ ਐੱਚਆਰ ਟੈਕਸ ਦਾ ਫ਼ਾਇਦਾ ਉਠਾਉਂਦੇ ਸਮੇਂ ਭਰਨਾ ਜ਼ਰੂਰੀ ਹੈ। ਜੇ ਤੁਸੀਂ ਮਕਾਨ ਮਾਲਕ ਹੋ ਤਾਂ ਤੁਹਾਡਾ ਪੈਨ ਕਾਰਡ ਬਹੁਤ ਜ਼ਰੂਰੀ ਹੈ।

### ਕਾਰੋਬਾਰ

ਜੇ ਤੁਸੀਂ ਕੋਈ ਕਾਰੋਬਾਰ ਸ਼ੁਰੂ ਕਰ ਰਹੇ ਹੋ ਤਾਂ ਤੁਹਾਡੇ ਲਈ ਪੈਨ ਨੰਬਰ ਬਹੁਤ ਜ਼ਰੂਰੀ ਹੈ। ਤੁਹਾਡੀ ਸਾਲਾਨਾ ਵਿਕਰੀ ਪੰਜ ਲੱਖ ਤੋਂ ਜ਼ਿਆਦਾ ਹੈ ਤਾਂ ਤੁਹਾਨੂੰ ਇਸ ਕਾਰਡ ਦੀ ਜ਼ਰੂਰਤ ਪੈਂਦੀ ਹੈ।

### ਵਿਦੇਸ਼ੀ ਕਰੰਸੀ ਖ਼ਰੀਦਣਾ

ਆਮਦਨ ਵਿਭਾਗ ਨੇ ਨਿਯਮਾਂ ਮੁਤਾਬਕ ਜੇ ਤੁਸੀ ਵਿਦੇਸ਼ ਜਾ ਰਹੇ ਹੋ ਅਤੇ ਤੁਹਾਨੂੰ ਭਾਰਤੀ ਰੁਪਿਆ ਨੂੰ ਕਿਸੇ ਵਿਦੇਸ਼ੀ ਕਰੰਸੀ 'ਚ ਬਦਲਨਾ ਹੈ ਤਾਂ ਇਸ ਲਈ ਪੈਨ ਕਾਰਡ ਜ਼ਰੂਰੀ ਹੋਵੇਗਾ। ਜੇ ਤੁਸੀ 50 ਹਜ਼ਾਰ ਰੁਪਏ ਤੋਂ ਜ਼ਿਆਦਾ ਰਕਮ ਵਿਦੇਸ਼ੀ ਮੁਦਰਾ 'ਚ ਬਦਲਣਾ ਚਾਹੁੰਦੇ ਹੋ ਤਾਂ ਪੈਨ ਕਾਰਡ ਨੰਬਰ ਦੇਣਾ ਹੋਵੇਗਾ।

### ਡੀਮੈਟ ਖਾਤਾ

ਜੇ ਤੁਸੀਂ ਸ਼ੇਅਰਾਂ 'ਚ ਨਿਵੇਸ਼ ਦੀ ਯੋਜਨਾ ਬਣਾ ਰਹੇ ਹੋ ਤਾਂ ਡੀਮੈਟ ਖਾਤਾ ਖੁਲ੍ਹਵਾਉਣ ਲਈ ਪੈਨ ਕਾਰਡ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ ਰਿਜ਼ਰਵ ਬੈਂਕ ਦੇ ਬਾਂਡ 'ਚ 50 ਹਜ਼ਾਰ ਤੋਂ ਜ਼ਿਆਦਾ ਦਾ ਨਿਵੇਸ਼ ਕਰਨ 'ਤੇ ਪੈਨ ਕਾਰਡ ਦਿਖਾਉਣਾ ਹੋਵੇਗਾ।

### ਕਾਰ ਖ਼ਰੀਦਣ ਲਈ

ਜੇ ਤੁਸੀਂ ਕਾਰ ਖ਼ਰੀਦਣ ਜਾ ਰਹੇ ਹੋ ਅਤੇ ਤੁਹਾਡੇ ਕੋਲ ਪੈਨ ਕਾਰਡ ਨਹੀਂ ਹੈ ਤਾਂ ਪਹਿਲਾਂ ਇਸ ਦਾ ਇੰਤਜ਼ਾਮ ਕਰ ਲਓ। ਤੁਹਾਡੇ ਲਈ ਕਾਰ ਖ਼ਰੀਦਣ ਲਈ ਲਿਆ ਗਿਆ ਕਰਜ਼ਾ ਹੀ ਕਾਫ਼ੀ ਨਹੀ ਹੈ। ਬਲਕਿ ਤੁਹਾਨੂੰ ਕਾਰ ਖ਼ਰੀਦਣ ਸਮੇਂ ਪੈਨ ਕਾਰਡ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਤੋਂ ਰਾਹਤ ਦਿਲਾ ਸਕਦਾ ਹੈ। ਇਹ ਨਿਯਮ ਦੋ-ਪਹੱਈਆ ਵਾਹਨ ਦੀ ਖ਼ਰੀਦ 'ਤੇ ਲਾਗੂ ਨਹੀ ਹੁੰਦਾ।




### ਬੈਂਕ ਖਾਤਾ

ਜੇ ਤੁਸੀ ਬੈਂਕ 'ਚ ਖਾਤਾ ਖੁਲ੍ਹਵਾਉਣ ਜਾ ਰਹੇ ਹੋ ਤਾਂ ਇਸ ਲਈ ਪੈਨ ਕਾਰਡ ਬਹੁਤ ਜ਼ਰੂਰੀ ਹੈ। ਆਈਟੀ ਵਿਭਾਗ ਦੀ ਵੈੱਬਸਾਈਟ ਮੁਤਾਬਕ ਬੈਂਕ ਖਾਤਾ ਖੋਲ੍ਹਣ ਲਈ ਪੈਨ ਨੰਬਰ ਜ਼ਰੂਰੀ ਹੈ।

### ਨਿਵੇਸ਼

ਤੁਸੀ ਮਿਊਚਲ ਫੰਡ, ਬਾਂਡ ਅਤੇ ਡਿਵੇਂਚਰ 'ਚ ਨਿਵੇਸ਼ ਕਰਦੇ ਹੋ ਤਾਂ ਇਸ ਲਈ ਪੈਨ ਕਾਰਡ ਜ਼ਰੂਰੀ ਹੈ। ਇਸ 'ਚ ਕੇਵਾਈਸੀ (ਆਪਣੇ ਗਾਹਕ ਨੂੰ ਜਾਨਣ) ਬਾਰੇ ਦਸਤਾਵੇਜ਼ ਦਿੰਦੇ ਸਮੇਂ ਤੁਹਾਡਾ ਪੈਨ ਕਾਰਡ ਕੰਮ ਆ ਸਕਦਾ ਹੈ। ਇਸ ਨੂੰ ਤੁਸੀ ਆਪਣੇ ਆਈਡੀ ਪਰੂਫ਼ ਦੇ ਤੌਰ 'ਤੇ ਇਸਤੇਮਾਲ ਕਰ ਸਕਦੇ ਹਨ। ਘਰ ਦੀ ਖ਼ਰੀਦਦਾਰੀ ਜਾਂ ਕਿਸੇ ਤਰ੍ਹਾਂ ਦੇ ਨਿਵੇਸ਼ ਸਾਧਨਾਂ 'ਚ ਪੈਨ ਕਾਰਡ ਜ਼ਰੂਰੀ ਹੋ ਗਿਆ ਹੈ।

### ਜਮ੍ਹਾਂ ਪੂੰਜੀ ਖਾਤਾ

ਜੇ ਤੁਸੀਂ 50 ਹਜ਼ਾਰ ਤੋਂ ਉਪਰ ਦਾ ਐੱਫਡੀ ਅਕਾਊਂਟ ਖੋਲ੍ਹ ਰਹੇ ਹੋ ਤਾਂ ਤੁਹਾਨੂੰ ਪੈਨ ਨੰਬਰ ਦੇਣਾ ਹੋਵੇਗਾ। ਤੁਹਾਡਾ ਸਾਲ ਭਰ 'ਚ ਡਿਪਾਜ਼ਿਟ ਪੰਜ ਲੱਖ ਤੋਂ ਜ਼ਿਆਦਾ ਹੈ ਤਾਂ ਤੁਹਾਨੂੰ ਬੈਂਕ ਜਾਂ ਪੋਸਟ ਆਫ਼ਿਸ 'ਚ, ਜਿੱਥੇ ਵੀ ਤੁਹਾਡਾ ਖਾਤਾ ਹੈ ਉੱਥੇ ਪੈਨ ਕਾਰਡ ਨੰਬਰ ਦੱਸਣਾ ਹੋਵੇਗਾ।

### ਸਕਿਓਰਿਟੀ ਦਾ ਟ੍ਰਾਂਜ਼ੈਕਸ਼ਨ

ਨਿਯਮ 114-ਬੀ ਦੇ ਤਹਿਤ ਸ਼ੇਅਰ ਤੋਂ ਇਲਾਵਾ ਕਿਸੇ ਹੋਰ ਸਕਿਓਰਿਟੀ ਜਿਵੇਂ ਬਾਂਡ, ਡਿਵੇਂਚਰਸ ਜਾਂ ਕਿਸੇ ਹੋਰ ਬਾਜ਼ਾਰ ਦੀ ਸਕਿਓਰਿਟੀ 'ਚ ਇਕ ਲੱਖ ਤੋਂ ਜ਼ਿਆਦਾ ਲੈਣ-ਦੇਣ ਕਰਨ 'ਤੇ ਪੈਨ ਕਾਰਡ ਦੇਣਾ ਹੋਵੇਗਾ।

### ਪ੍ਰੀਮੀਅਮ ਅਤੇ ਡਿਪਾਜ਼ਿਟ

ਜੇ ਤੁਸੀਂ ਸੈਕਸ਼ਨ 80-ਸੀ ਦੇ ਤਹਿਤ ਈਕੁਇਟੀ ਲਿੰਕਡ ਸੇਵਿੰਗ ਸਕੀਮ ਜਾਂ ਲਾਈਫ਼ ਇੰਸ਼ੋਰੈਂਸ ਦਾ ਪ੍ਰੀਮੀਅਮ 50 ਹਜ਼ਾਰ ਰੁਪਏ ਤੋਂ ਜ਼ਿਆਦਾ ਭਰ ਰਹੇ ਹੋ ਤਾਂ ਤੁਹਾਨੂੰ ਪੈਨ ਕਾਰਡ ਦੇਣਾ ਹੋਵੇਗਾ। ਇਸ ਤਰ੍ਹਾਂ ਬੈਂਕ ਖਾਤੇ 'ਚ 50 ਹਜ਼ਾਰ ਤੋਂ ਜ਼ਿਆਦਾ ਨਕਦ ਜਮ੍ਹਾਂ ਕਰਾਉਣ 'ਤੇ ਵੀ ਪੈਨ ਦਿਖਾਉਣਾ ਹੁੰਦਾ ਹੈ।

### ਬਿਨਾ ਲਿਸਟ ਹੋਏ ਸ਼ੇਅਰ 'ਚ ਟ੍ਰਾਂਜੈਕਸ਼ਨ

ਕੋਈ ਵੀ ਕੰਪਨੀ ਜਿਸ ਦੇ ਸ਼ੇਅਰ ਲਿਸਟ ਨਹੀਂ ਹਨ, ਜੇ ਉਸ ਦੇ ਸ਼ੇਅਰ ਇਕ ਲੱਖ ਰੁਪਏ ਤੋਂ ਜ਼ਿਆਦਾ ਖ਼ਰੀਦੇ ਜਾਂ ਵੇਚੇ ਜਾਂਦੇ ਤਾਂ ਅਜਿਹੇ ਮਾਮਲਿਆਂ 'ਚ ਪੈਨ ਕਾਰਡ ਦਾ ਨੰਬਰ ਦੇਣਾ ਬਹੁਤ ਜ਼ਰੂਰੀ ਹੈ।

### ਸਮਾਨ ਦੀ ਖ਼ਰੀਦ-ਫਰੋਖ਼ਤ

ਹੁਣੇ ਜਿਹੇ ਸਰਕਾਰ ਨੇ ਦੋ ਲੱਖ ਰੁਪਏ ਤੋਂ ਜ਼ਿਆਦਾ ਨਕਦ ਲੈਣ-ਦੇਣ 'ਤੇ ਪੈਨਲਟੀ ਲਗਾਉਣ ਦਾ ਫ਼ੈਸਲਾ ਲਿਆ ਹੈ। ਜੇ ਕੋਈ ਦੋ ਲੱਖ ਤੋਂ ਜ਼ਿਆਦਾ ਦੇ ਸਾਮਾਨ ਜਾਂ ਸੇਵਾ ਖ਼ਰੀਦਦਾ ਹੈ ਤਾਂ ਅਜਿਹੇ ਟ੍ਰਾਂਜ਼ੈਕਸ਼ਨ 'ਚ ਪੈਨ ਕਾਰਡ ਦਿਖਾਉਣਾ ਜ਼ਰੂਰੀ ਹੈ। ਕੁਲ ਮਿਲਾ ਕੇ ਪੈਨ ਕਾਰਡ ਬਹੁਤ ਜ਼ਰੂਰੀ ਦਸਤਾਵੇਜ਼ ਹੋ ਗਿਆ ਹੈ। ਇਸ ਲਿਹਾਜ਼ ਨਾਲ ਜੇ ਤੁਹਾਡੇ ਕੋਲ ਪੈਨ ਕਾਰਡ ਨਹੀ ਹੈ ਅਤੇ ਕੋਈ ਬਹੁਤ ਜ਼ਰੂਰੀ ਟ੍ਰਾਂਜ਼ੈਕਸ਼ਨ ਕਰਨੀ ਹੋਵੇ ਤਾਂ ਤੁਸੀਂ ਫਾਰਮ 60 ਭਰ ਕੇ ਆਪਣਾ ਕੰਮ ਕਰ ਸਕਦੇ ਹੋ।

### ਕਿਵੇਂ ਬਣਾਈਏ ਪੈਨ ਕਾਰਡ?

ਤੁਸੀ ਆਸਾਨੀ ਨਾਲ ਆਨਲਾਈਨ ਜਾਂ ਆਫਲਾਈਨ ਪੈਨ ਕਾਰਡ ਬਣਵਾ ਸਕਦੇ ਹੋ। ਇਸ ਲਈ ਤੁਹਾਨੂੰ ਫਾਰਮ 49-ਏ ਭਰਨਾ ਹੋਵੇਗਾ। ਤੁਹਾਨੂੰ ਪਛਾਣ ਪੱਤਰ, ਘਰ ਦਾ ਪਤਾ, ਜਨਮ ਤਾਰੀਕ ਵਰਗੇ ਦਸਤਾਵੇਜ਼ ਵੀ ਦੇਣੇ ਹੋਣਗੇ। ਇਕ ਵਿਅਕਤੀ ਸਿਰਫ਼ ਇਕ ਹੀ ਪੈਨ ਕਾਰਡ ਬਣਵਾ ਸਕਦਾ ਹੈ। ਇਸ ਤੋਂ ਜ਼ਿਆਦਾ ਪੈਨ ਕਾਰਡ ਬਣਵਾਉਣ 'ਤੇ 10 ਹਜ਼ਾਰ ਰੁਪਏ ਦੀ ਸਜ਼ਾ ਹੈ।

ਤੁਸੀ ਐੱਨਐੱਸਡੀਐੱਲ ਦੀ ਵੈੱਬਸਾਈਟ 'ਤੇ ਜਾ ਕੇ ਪੈਨ ਕਾਰਡ ਬਣਵਾਉਣ ਲਈ ਆਨਲਾਈਨ ਅਰਜ਼ੀ ਦੇ ਸਕਦੇ ਹੋ। ਇਸ ਤੋਂ ਇਲਾਵਾ ਐੱਨਐੱਸਡੀਐੱਲ ਦੇ ਟੀਆਈਐੱਨ ਦੇ ਸਰਵਿਸ ਸੈਂਟਰ 'ਤੇ ਵੀ ਪੈਨ ਕਾਰਡ ਬਣਵਾਇਆ ਜਾ ਸਕਦਾ ਹੈ। ਆਪਣੇ ਫਾਰਮ 'ਚ ਆਪਣੀ ਈ-ਮੇਲ ਆਈਡੀ ਅਤੇ ਫੋਨ ਨੰਬਰ ਜ਼ਰੂਰ ਲਿਖੋ। •



# ਨਾਂਦੇੜ ਸਾਹਿਬ ਦੀ ਜ਼ਿਆਰਤ

• ਡਾ. ਸੁਖਪਾਲ ਕੌਰ ਸਮਰਾਲਾ
83606-83823

ਮਨਾਲੀ ਵਿਖੇ ਯੂਥ ਲੀਡਰਸ਼ਿਪ ਟਰੇਨਿੰਗ ਕੈਂਪ ਦੇ ਕੋਆਰਡੀਨੇਟਰ ਰਘਬੀਰ ਸਿੰਘ ਮਾਨ ਬਠਿੰਡਾ ਨੇ ਸਾਰੀ ਟੀਮ ਨਾਲ ਵਾਅਦਾ ਕੀਤਾ ਕਿ ਤੁਹਾਨੂੰ ਸਾਰਿਆਂ ਨੂੰ ਇਕ ਵਾਰ ਐਨ.ਵਾਈ.ਪੀ ਦਾ ਕੈਂਪ ਜ਼ਰੂਰ ਲਗਵਾਉਣਾ ਹੈ। ਫਰਵਰੀ ਦੇ ਸ਼ੁਰੂ ਵਿਚ ਫੋਨ ਆਇਆ ਕਿ ਨਾਂਦੇੜ ਵਿਖੇ ਕਿਨਵਟ ਨਾਂ ਦੀ ਇਕ ਕਬਾਇਲੀ ਇਲਾਕੇ ਵਿਚ ਐਨ.ਵਾਈ.ਪੀ ਦਾ ਕੈਂਪ ਹੈ, ਜਾਣਾ ਹੈ ਤਾਂ ਫਾਈਨਲ ਕਰੋ। ਨਾਂਦੇੜ ਦਾ ਨਾਂ ਸੁਣਦਿਆਂ ਹੀ ਮੇਰੀਆਂ ਅੱਖਾਂ ਅੱਗੇ ਸੱਚਖੰਡ ਹਜ਼ੂਰ ਸਾਹਿਬ ਦਾ ਦ੍ਰਿਸ਼ ਆ ਗਿਆ ਤੇ ਨਾਲ ਹੀ ਮੇਰੀ ਸਵਰਗਵਾਸੀ ਮਾਂ ਦਾ ਚਿਹਰਾ ਵੀ। ਮੈਂ ਤੇ ਮੰਮੀ ਬੜੇ ਸਾਲਾਂ ਤੋਂ ਸੋਚ ਰਹੇ ਸੀ ਕਿ ਹਜ਼ੂਰ ਸਾਹਿਬ ਜਾਣਾ ਹੈ ਪਰ ਸ਼ਾਇਦ ਅਜੇ ਵਕਤ ਨਹੀਂ ਆਇਆ ਸੀ ਅਤੇ ਫਿਰ 2016 ਵਿਚ ਉਹ ਸਦੀਵੀ ਵਿਛੋੜਾ ਦੇ ਗਏ ਤੇ ਉਨ੍ਹਾਂ ਦੀ ਇਹ ਇੱਛਾ ਅਧੂਰੀ ਹੀ ਰਹਿ ਗਈ। ਮੇਰੇ ਮਨ ਵਿਚ ਖ਼ਿਆਲ ਆਇਆ ਕਿ ਚਲ ਮਨਾਂ ਤੂੰ ਹੀ ਚਲ। ਨਾਲੇ ਪੁੰਨ ਤੇ ਨਾਲੇ ਫਲੀਆਂ, ਨਾਲੇ ਤਾਂ ਹਜ਼ੂਰ ਸਾਹਿਬ ਦੇ ਦਰਸ਼ਨ ਹੋਣਗੇ ਤੇ ਨਾਲੇ ਕੈਂਪ ਲਗਾ ਲਵਾਂਗੇ। ਮੈਂ ਹਾਮੀ ਭਰ ਦਿੱਤੀ।

11 ਫਰਵਰੀ ਨੂੰ ਲੁਧਿਆਣਾ ਰੇਲਵੇ ਸਟੇਸ਼ਨ ਤੋਂ ਸ਼ਾਮ ਨੂੰ 7.30 ਵਜੇ ਛੱਤੀਸਗੜ੍ਹ ਐਕਸਪ੍ਰੈਸ ਲਈ ਅਤੇ ਕਿਨਵਟ (ਨਾਂਦੇੜ) ਲਈ ਚਲ ਪਏ। ਸਾਰੇ ਰਸਤੇ ਧਰਤੀ ਦੇ ਸੁਹੱਪਣ ਦੀਆਂ ਵੰਨਗੀਆਂ ਨੂੰ ਬਹੁਤ ਮਾਣੀਆਂ। ਕਿੱਧਰੇ ਮੈਦਾਨ, ਅਰਧ ਪਹਾੜੀ ਇਲਾਕਾ, ਪਠਾਰ, ਚੱਟਾਨ, ਮਿੱਟੀ ਦੀਆਂ ਵੱਖ-ਵੱਖ ਕਿਸਮਾਂ ਬਾਰੇ ਜੋ ਪੜ੍ਹਿਆ ਸੀ ਉਨ੍ਹਾਂ ਨੂੰ ਵੱਖ-ਵੱਖ ਰਾਜਾਂ ਵਿੱਚੋਂ ਗੁਜ਼ਰਦੇ ਹੋਏ ਇਨ੍ਹਾਂ ਨੂੰ ਦੇਖਿਆ। ਰਸਤੇ ਵਿਚ ਕੇਸੂ ਦੇ ਫੁੱਲ ਪੂਰੀ ਬਹਾਰ 'ਤੇ ਸਨ ਜਿਨ੍ਹਾਂ ਨੂੰ ਦੇਖ ਕੇ ਮਨ ਖਿੜ-ਖਿੜ ਜਾਂਦਾ ਸੀ। ਕੇਸੂ ਦੇ ਫੁੱਲਾਂ ਦੀ ਸੁੰਦਰਤਾ ਨਿਹਾਰਦੇ ਹੋਏ, ਅਸੀ 13 ਫਰਵਰੀ ਨੂੰ ਦੁਪਹਿਰ ਵੇਲੇ ਕਿਨਵਟ ਦੇ ਰੇਲਵੇ ਸ਼ਟੇਸਨ 'ਤੇ ਪਹੁੰਚੇ। ਕਿਨਵਟ ਇਕ ਛੋਟਾ ਕਸਬਾ ਹੈ।

ਰੇਲਵੇ ਸ਼ਟੇਸਨ 'ਤੇ ਪਹੁੰਚ ਕੇ ਪਤਾ ਚੱਲਿਆ ਕਿ ਇਹ ਸੋਲ੍ਹਵੀਂ ਟੀਮ ਸੀ ਜੋ ਕਿਨਵਟ ਪਹੁੰਚੀ ਸੀ 15 ਰਾਜਾਂ ਤੋਂ ਵੱਖ-ਵੱਖ ਟੀਮਾਂ ਪਹਿਲਾਂ ਹੀ ਪਹੁੰਚ ਚੁੱਕੀਆਂ ਸਨ। ਰੇਲਵੇ ਸ਼ਟੇਸਨ ਤੇ ਕਿਨਵਟ ਵਿਖੇ ਨੈਸ਼ਨਲ ਯੂਥ ਪ੍ਰਜੈਕਟ (ਐਨ.ਵਾਈ.ਪੀ) ਦੇ ਆਰਗੇਨਾਈਜ਼ਰ ਡਾ. ਅਸ਼ੋਕ ਬੇਲਖੋੜੇ ਤੇ ਉਨ੍ਹਾਂ ਦੀ ਟੀਮ ਦੇ ਬਾਕੀ ਮੈਂਬਰ ਐਨ.ਵਾਈ.ਪੀ ਦੇ ਡਾਇਰੈਕਟਰ ਡਾ.ਐਸ.ਐਨ. ਸੁਬਾਰਾਓ ਨੂੰ ਲੈਣ ਲਈ ਪਹੁੰਚੇ ਹੋਏ ਸਨ। ਉਹ ਸਾਡੇ ਤੋਂ ਥੋੜ੍ਹੀ ਦੇਰ ਪਹਿਲਾਂ ਹੀ ਉੱਥੇ ਪਹੁੰਚੇ ਸਨ।

ਮਨ ਵਿਚ ਉਤਸ਼ਾਹ ਦੇ ਨਾਲ-ਨਾਲ ਸਵਾਲ ਵੀ ਸਨ ਕਿ ਕਿਹੋ ਜਿਹਾ ਸ਼ਹਿਰ ਹੈ, ਇਹ ਕਿਨਵਟ? ਐਨ.ਵਾਈ.ਪੀ ਕੀ ਹੈ, ਕੀ ਉਦੇਸ਼ ਨੇ ਇਸਦੇ, ਕਿਵੇਂ ਦਾ ਕੈਂਪ ਲੱਗੇਗਾ, ਕੀ ਨਵਾਂ ਸਿੱਖਾਂਗੇ, ਕੀ ਨਵਾਂ ਦੇਖਾਂਗੇ? ਸਭ ਸਵਾਲ ਮਨਾਂ ਵਿਚ ਲੈ ਅਸੀਂ ਕਿਨਵਟ ਦੇ ਇਕ ਪੋਲੀਟੈਕਨਿਕ ਕਾਲਜ ਤੇ ਉਸ ਦੇ ਨਾਲ ਹੀ ਜੁੜੇ ਇਕ ਸਕੂਲ ਵਿਚ ਪਹੁੰਚੇ। ਇਹ ਸਕੂਲ ਮਹਾਂਰਾਸ਼ਟਰ ਸਰਕਾਰ ਦੁਆਰਾ ਕਬਾਇਲੀ ਇਲਾਕੇ ਦੇ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਨ ਲਈ ਚਲਾਇਆ ਜਾ ਰਿਹਾ ਇਕ ਰਿਹਾਇਸ਼ੀ ਸਕੂਲ ਸੀ। ਸਾਰੇ ਕੈਂਪਰਜ਼ ਦੀ ਰਿਹਾਇਸ਼ ਦਾ ਪ੍ਰਬੰਧ ਇੱਥੇ ਸੀ। ਕਿਨਵਟ ਇਕ ਆਦਿਵਾਸੀ ਕਬਾਇਲੀ ਇਲਾਕਾ ਹੈ। ਜਿੱਥੇ ਕਿ ਗੋਂਡ, ਪ੍ਰਧਾਨ, ਮਥੁਰਾ ਤੇ ਕੋਲਮ ਆਦਿਵਾਸੀ ਕਬੀਲੇ ਰਹਿੰਦੇ ਹਨ। ਕੈਂਪ ਦੇ ਪਹਿਲੇ ਦਿਨ ਹੀ ਡਾ. ਸ਼ੋਭਾ ਸ਼ਿਰੋਡਕਰ ਨਾਲ ਮੁਲਾਕਾਤ ਹੋਈ। ਉਨ੍ਹਾਂ ਨੇ ਇਸ ਕਬਾਇਲੀ ਇਲਾਕੇ 'ਤੇ ਖੋਜ ਕੰਮ ਵੀ ਕੀਤਾ ਹੋਇਆ ਸੀ। ਇਸ ਇਲਾਕੇ ਬਾਰੇ ਚਰਚਾ ਕਰਦਿਆਂ ਉਨ੍ਹਾਂ ਦੱਸਿਆ ਕਿ ਚਾਰ ਕਬੀਲਿਆਂ ਦੀ ਇਹ ਧਰਤੀ ਚਾਰ ਰਾਜਾਂ ਦੀ ਹੱਦ ਨਾਲ ਲਗਦੀ ਹੈ। ਇਸ ਵਿਚ ਮਹਾਂਰਾਸ਼ਟਰ,ਆਂਧਰਾ,ਮੱਧ ਪ੍ਰਦੇਸ਼ ਅਤੇ ਕਰਨਾਟਕ ਰਾਜ ਸ਼ਾਮਲ ਹਨ।

ਕਿਨਵਟ ਵਿਚ ਮੁੱਖ ਤੌਰ 'ਤੇ ਗੋਂਡ ਕਬੀਲੇ ਨਾਲ ਸਬੰਧਿਤ ਲੋਕ ਹਨ ਜੋ ਕਿ ਗੋਡਾਵਾਨ ਸਾਮਰਾਜ ਨਾਲ ਜੁੜਿਆ ਮੰਨਿਆ ਜਾਂਦਾ ਹੈ। ਇਸਤਰੀ ਪ੍ਰਧਾਨ ਇਨ੍ਹਾਂ ਕਬੀਲਿਆਂ ਵਿਚ ਕਿਰਤ ਦੀ ਪ੍ਰਧਾਨਤਾ ਹੈ ਤੇ ਇਹ ਚੋਰੀ ਕਰਨ, ਭੀਖ ਮੰਗਣ ਤੋਂ ਗੁਰੇਜ ਕਰਦੇ ਹਨ। ਇਹ ਆਪਣੇ ਕਬੀਲੇ ਵਿਚ ਹੀ ਵਿਆਹ ਕਰਨਾ ਪਸੰਦ ਕਰਦੇ ਹਨ ਤੇ ਦੂਸਰਿਆਂ ਨਾਲ ਰੋਟੀ ਬੇਟੀ ਦੀ ਸਾਂਝ ਨਹੀਂ ਰੱਖਦੇ। ਗੋਂਡ ਕਬੀਲੇ ਵਿਚ (ਗੋਟੁਲ) ਨਾਂ ਦੇ ਯੂਥ ਕਲੱਬ ਬਣੇ ਹੁੰਦੇ ਹਨ ਜਿੱਥੇ ਕਬੀਲੇ ਦੇ ਨੌਜਵਾਨ ਆਪਣੇ ਜੀਵਨ ਸਾਥੀ ਦੀ ਚੋਣ ਕਰਦੇ ਹਨ।

ਇਸ ਕਬੀਲੇ ਦੀਆਂ ਇਸਤਰੀਆਂ ਆਪਣੇ ਜੀਵਨ ਨਾਲ ਜੁੜੇ ਸਾਰੇ ਮਹੱਤਵਪੂਰਨ ਫ਼ੈਸਲੇ ਖ਼ੁਦ ਕਰਦੀਆਂ ਹਨ। ਅਜੇ ਤਕ ਇਨ੍ਹਾਂ ਕਬੀਲਿਆਂ ਦੇ ਲੋਕ ਸਰਕਾਰਾਂ ਦੀ ਦਖ਼ਲ ਅੰਦਾਜ਼ੀ ਪਸੰਦ ਨਹੀਂ ਕਰਦੇ ਅਤੇ ਆਪਣੇ ਝਗੜਿਆਂ ਦੇ ਫ਼ੈਸਲੇ ਆਪਣੀਆਂ ਪੰਚਾਇਤਾਂ ਵਿਚ ਹੀ ਕਰਦੇ ਹਨ। ਜੇ ਕੋਈ ਅਦਾਲਤੀ ਪ੍ਰਕਿਰਿਆ ਵਿਚ ਪੈਣ ਦੀ ਕੋਸ਼ਿਸ਼ ਕਰਦਾ ਹੈ ਉਹਦਾ ਸਮਾਜਕ ਤੌਰ 'ਤੇ ਬਾਈਕਾਟ ਕੀਤਾ ਜਾਂਦਾ ਹੈ। ਇਹ ਬਾਂਸ ਤੋਂ ਵੱਖ-ਵੱਖ ਚੀਜ਼ਾਂ ਬਣਾਉਣ ਦੇ ਵਧੀਆ ਕਾਰੀਗਰ ਹਨ। ਕਬੀਲਿਆਂ ਦੇ ਮਰਦ ਜ਼ਿਆਦਾਤਰ ਨਸ਼ਿਆਂ ਦੇ ਆਦੀ ਹਨ ਪਰ ਔਰਤਾਂ ਬਹੁਤ ਮਿਹਨਤੀ ਹਨ ਪਰ ਫਿਰ ਵੀ ਗ਼ਰੀਬੀ ਦੀ ਮਾਰ ਹੇਠ ਹਨ। ਜੰਗਲ ਨੂੰ ਆਪਣਾ ਘਰ ਮੰਨਣ ਵਾਲੇ ਇਹ ਆਦਿਵਾਸੀ ਸਰਕਾਰਾਂ ਨਾਲ ਨਾਰਾਜ਼ਗੀ ਜ਼ਾਹਿਰ ਕਰਦੇ ਹਨ ਕਿ ਉਹ ਉਨ੍ਹਾਂ ਨੂੰ ਕੁਦਰਤ ਨਾਲੋਂ, ਜੰਗਲ ਨਾਲੋਂ ਤੋੜ ਰਹੀ ਹੈ, ਆਪਣੇ ਹੀ ਘਰ ਵਿਚ ਉਨ੍ਹਾਂ ਨੂੰ ਪਰਾਇਆ ਕਰ ਰਹੀ ਹੈ। ਇਸੇ ਕਰਕੇ ਕੁਝ ਆਦਿਵਾਸੀ ਨਾਰਾਜ਼ ਚੱਲ ਰਹੇ ਹਨ ਤੇ ਸਰਕਾਰ ਵਲੋਂ ਇਨ੍ਹਾਂ ਆਦਿਵਾਸੀਆਂ ਨੂੰ ਮੁੱਖਧਾਰਾ ਵਿਚ ਸ਼ਾਮਿਲ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਨੂੰ ਸਿੱਖਿਅਤ ਕਰਨ ਲਈ ਪ੍ਰੇਰਿਆ ਜਾ ਰਿਹਾ ਹੈ। ਅਜਿਹਾ ਹੀ ਯਤਨ ਇਹ ਸਕੂਲ ਸੀ ਜਿੱਥੇ ਆਦਿਵਾਸੀ ਬੱਚੇ ਸਿੱਖਿਆ ਪ੍ਰਾਪਤ ਕਰ ਰਹੇ ਸਨ।

ਐਨ ਵਾਈ ਪੀ (ਰਾਸ਼ਟਰੀ ਯੁਵਾ ਪ੍ਰਗੋਰਾਮ) ਤਹਿਤ ਭਾਰਤ ਦੀ ਏਕਤਾ ਅਖੰਡਤਾ ਲਈ ਲਗਾਏ ਜਾ ਰਹੇ ਇਸ ਕੈਂਪ ਵਿਚ 17 ਰਾਜਾਂ ਤੋਂ ਨੌਜਵਾਨ ਪਹੁੰਚੇ। ਜੋਸ਼, ਜਨੂੰਨ ਨਾਲ ਭਰੇ ਲੜਕੇ ਲੜਕੀਆਂ ਦੇ ਇਸ ਕੈਂਪ ਦੀ ਅਗਵਾਈ ਡਾ. ਐਸ. ਐਨ. ਸੁਬਾਰਾਓ ਕਰ ਰਹੇ ਸਨ। ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਿਕ 'ਭਾਈ ਜੀ' (ਡਾ.ਐਸ. ਐਨ. ਸੁਬਾਰਾਓ, ਜਿਹਨਾਂ ਨੂੰ ਪਿਆਰ ਅਤੇ ਸਤਿਕਾਰ ਨਾਲ ਸਾਰੇ ਇਸੇ ਨਾਂ ਨਾਲ ਬੁਲਾਉਂਦੇ ਸਨ। 94 ਸਾਲ ਦੀ ਉਮਰ ਦੇ ਉਹ ਅਜਿਹੇ ਨੌਜਵਾਨ ਹਨ ਜੋ ਭਾਰਤ ਦੀ ਏਕਤਾ ਅਤੇ ਅਖੰਡਤਾ ਦੀ ਮਸ਼ਾਲ ਨੌਜਵਾਨਾਂ ਦੇ ਦਿਲਾਂ ਵਿਚ ਜਗਾਉਣ ਅਤੇ ਦੇਸ਼ ਭਗਤੀ ਦੇ ਨਾਲ-ਨਾਲ ਉਨ੍ਹਾਂ ਨੂੰ ਜ਼ਿੰਮੇਵਾਰੀ ਦੀ ਭਾਵਨਾ ਸਿਖਾਉਣ ਲਈ ਤਨੋਂ-ਮਨੋਂ ਇਸ ਮਿਸ਼ਨ ਨੂੰ ਸਮਰਪਿਤ ਸਨ। 'ਭਾਰਤ ਜੋੜੋ' ਦੇ ਨਾਅਰੇ ਨੂੰ ਲੈ ਕੇ ਚੱਲਣ ਵਾਲੀ ਇਸ ਸ਼ਖ਼ਸੀਅਤ ਦੀ ਸੰਗਤ ਨੂੰ ਮਾਣਨ ਅਤੇ ਜਾਣਨ ਦਾ ਜੋ ਮੌਕਾ ਇਸ ਕੈਂਪ ਵਿੱਚ ਮਿਲਿਆ ਇਹ ਜ਼ਿੰਦਗੀ ਦਾ ਇਕ ਬਿਹਤਰੀਨ ਅਨੁਭਵ ਸੀ।

*ਵਾਪਸੀ ਸਮੇਂ ਅਸੀਂ ਸਭ ਤੋਂ ਪਹਿਲਾਂ ਹੀ ਚੱਲ ਪਏ। ਨਾਂਦੇੜ ਵਿਖੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕਰਨ ਲਈ ਜਾਣਾ ਸੀ। ਸਾਡੇ ਨਾਲ ਨਾਂਦੇੜ ਤੋਂ ਅੱਗੇ ਜਾਣ ਵਾਲੇ ਕਈ ਵਿਦਿਆਰਥੀ ਸਨ। ਨਾਂਦੇੜ ਪਹੁੰਚ ਕੇ ਅਸੀਂ ਗੁਰਦੁਆਰਾ ਸਾਹਿਬ ਵੱਲ ਚਾਲੇ ਪਾ ਦਿੱਤੇ। ਉਥੇ ਪਹੁੰਚ ਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕੀਤੇ, ਮੱਥਾ ਟੇਕਿਆ ...*



ਕਿਨਵਟ 'ਚ ਇਸ ਕੈਂਪ ਦੇ ਇੰਚਾਰਜ ਡਾ. ਅਸ਼ੋਕ ਬੇਲਖੋੜੇ ਸਨ ਜਿਨ੍ਹਾਂ ਨੇ ਬਾਬਾ ਆਮਟੇ ਦੀ ਪ੍ਰੇਰਨਾ ਸਦਕਾ ਕਿਨਵਟ ਦੇ ਇਨ੍ਹਾਂ ਆਦਿਵਾਸੀਆਂ ਦੀ ਸੇਵਾ ਨੂੰ ਆਪਣਾ ਮਿਸ਼ਨ ਬਣਾ ਲਿਆ ਸੀ। ਇਕ ਮਾਹਿਰ ਸਰਜਨ ਹੋਣ ਦੇ ਨਾਤੇ ਉਹ ਦੇਸ਼-ਵਿਦੇਸ਼ ਕਿਤੇ ਵੀ ਬਿਹਤਰ ਜੀਵਨ ਸਹੂਲਤਾਂ ਮਾਣਦੇ ਹੋਏ ਆਪਣਾ ਜੀਵਨ ਗੁਜ਼ਾਰ ਸਕਦੇ ਸਨ ਪਰ ਉਨ੍ਹਾਂ ਨੇ ਕਿਨਵਟ ਵਾਸੀਆਂ ਦੇ ਲਈ ਇਹ ਸਭ ਤਿਆਗ ਇੱਥੇ ਆ ਕੇ ਇਸ ਇਲਾਕੇ ਨੂੰ ਅਪਣਾ ਲਿਆ। ਕੈਂਪ ਦੀ ਸ਼ੁਰੂਆਤ ਸਵੇਰੇ 4 ਵਜੇ ਸਮੂਹ ਗਾਨ ਨਾਲ ਹੁੰਦੀ ਜਿਸ ਦੀ ਅਗਵਾਈ ਭਾਈ ਜੀ ਕਰਦੇ। ਸਰੀਰਕ ਕਸਰਤਾਂ, ਝੰਡੇ ਦੀ ਰਸਮ, ਚਾਹ ਦੀ ਬਰੇਕ, ਫਿਰ ਦੋ ਘੰਟੇ ਦੀ ਸਰੀਰਕ ਮਿਹਨਤ ਫਿਰ ਨਹਾ ਧੋ ਕੇ ਕਲਾਸ, ਫਿਰ ਦੁਪਹਿਰ ਦਾ ਖਾਣਾ, ਖੇਡਾਂ ਦਾ ਸਮਾਂ, ਸਿੱਖਿਆ ਸਬੰਧੀ ਵਿਚਾਰ ਚਰਚਾ, ਰੋਜ਼ ਕਿਸੇ ਨਵੀਂ ਸ਼ਖ਼ਸੀਅਤ ਦਾ ਲੈਕਚਰ ਤੇ ਉਸ ਨਾਲ ਵਾਰਤਾ, ਗੱਲ ਕੀ ਬਸ ਸਾਰਾ ਦਿਨ ਹੀ ਰੁਝੇ ਰਹਿਣਾ। ਸ਼ਾਮ ਨੂੰ ਫੇਰ ਸਰਬ ਧਰਮ ਪ੍ਰਾਥਨਾ ਤੇ ਫਿਰ ਰਾਤ ਨੂੰ ਕੈਂਪ ਫਾਇਰ। ਰਾਤ ਦਾ ਖਾਣਾ ਅਤੇ 10 ਵਜੇ ਬੱਤੀਆਂ ਬੰਦ ਸਭ ਬੜਾ ਨਿਯਮਬੱਧ। ਕਈ ਵਾਰ ਸਾਡੀ ਟੀਮ ਦੇ ਲਈ ਸੁਨੇਹੇ ਵੀ ਆਉਂਦੇ, ਝਿੜਕਾਂ ਵੀ ਪੈਂਦੀਆਂ ਕਿਉਂਕਿ ਲੜਕੀਆਂ ਪੂਰੀ ਰਾਤ ਘੁੰਮਦੀਆਂ, ਗੱਲਾਂ ਕਰਦੀਆਂ ਹੀ ਲੰਘਾ ਦਿੰਦੀਆਂ ਜਿਵੇਂ ਨੀਂਦ ਕਿਸੇ ਦੇ ਨੇੜੇ ਹੀ ਨਾ ਆਉਂਦੀ। ਅਕੈਡਮਿਕ ਸੈਸ਼ਨ ਦੌਰਾਨ ਵੱਖ-ਵੱਖ ਰਾਜਾਂ ਦੀਆਂ ਭਾਸ਼ਾਵਾਂ ਸਿੱਖਣ ਲਈ ਕਲਾਸ ਲਗਾਈ ਜਾਂਦੀ। ਪੰਜਾਬੀ ਭਾਸ਼ਾ ਸਿੱਖਣ ਲਈ ਦੂਸਰੇ ਰਾਜਾਂ ਦੇ ਨੌਜਵਾਨਾਂ ਵਿਚ ਬੜਾ ਜੋਸ਼ ਸੀ। ਅਸੀਂ ਵੀ ਕੁੱਝ ਨਵੀਆਂ ਭਾਸ਼ਾਵਾਂ ਮਰਾਠੀ, ਕਸ਼ਮੀਰੀ, ਸਿੱਖਣ ਦੀ ਕੋਸ਼ਿਸ਼ ਕੀਤੀ। ਕਸ਼ਮੀਰੀ ਕਾਫੀ ਔਖੀ ਹੈ ਜਦ ਕਿ ਮਰਾਠੀ ਪੰਜਾਬੀ ਭੈਣਾਂ-ਭੈਣਾਂ ਹੀ ਲਗਦੀਆਂ। ਪੰਜਾਬੀ ਭੰਗੜੇ ਦੇ ਵੀ ਸਾਰੇ ਬੜੇ ਸ਼ੌਕੀਨ ਸਨ। ਜਦੋਂ ਭਾਰਤੀ ਨਾਚ ਸਿੱਖਣ ਦੀ ਕਲਾਸ ਲਗਦੀ ਤਾਂ ਸਭ ਭੰਗੜੇ ਵੱਲ ਦੌੜਦੇ। ਬੜਾ ਮਜ਼ਾ ਆਇਆ ਭੰਗੜਾ ਸਿੱਖ ਕੇ ਅਤੇ ਬੀਹੂ ਸਿੱਖ ਕੇ ਜੋ ਅਸਾਮੀ ਨ੍ਰਿਤ ਸੀ। ਕੈਂਪ 'ਚ ਮੁੱਖ ਤੌਰ 'ਤੇ ਖਾਣੇ ਵਿਚ ਚਾਵਲ, ਰਸਮ ਸਾਂਬਰ, ਉਪਮਾ, ਪੋਹਾ ਆਦਿ ਹੀ ਖਾਣ ਨੂੰ ਮਿਲਦਾ ਸੀ ਅਤੇ ਸਾਡੀ ਪੰਜਾਬ ਟੀਮ ਦਾ ਇਹ ਸਭ ਖਾ ਬੁਰਾ ਹਾਲ ਸੀ। ਫਿਰ ਇਕ ਦਿਨ ਝਕਦਿਆਂ ਹੋਇਆਂ 'ਭਾਈ ਜੀ' ਨੂੰ ਬੇਨਤੀ ਕੀਤੀ ਫਿਰ ਮੈਸ ਵਾਲਿਆਂ ਨੇ ਪੂਰੀਆਂ ਛੋਲੇ ਬਣਾ ਦਿੱਤੇ ਸਾਰਿਆਂ ਲਈ।

ਕਿਨਵਟ ਵਿਚ ਇਕ ਹੀ ਪੰਜਾਬੀ ਪਰਿਵਾਰ ਰਹਿੰਦਾ ਹੈ ਜਿਸ ਦੇ ਮੁਖੀ ਜਸਵੰਤ ਸਿੰਘ ਸੋਖੀ ਜੀ ਹਨ। ਉਨ੍ਹਾਂ ਨਾਲ ਗੱਲਬਾਤ ਕਰਦਿਆਂ ਪਤਾ ਲੱਗਿਆ ਕਿ ਉਨ੍ਹਾਂ ਦੇ ਦਾਦਾ ਜੀ 1955 ਵਿਚ ਕਿਨਵਟ ਵਿਖੇ ਆਏ ਸਨ ਤੇ ਬਸ ਇਥੇ ਹੀ ਰਹਿ ਗਏ। ਹੁਣ ਅੱਗੇ ਉਨ੍ਹਾਂ ਦਾ ਪਰਿਵਾਰ ਇੱਥੇ ਹੈ ਜਿਸ ਵਿਚ ਸ. ਜਸਵੰਤ ਸਿੰਘ, ਉਨ੍ਹਾਂ ਦੀ ਪਤਨੀ, ਉਨ੍ਹਾਂ ਦੇ ਬੇਟੇ ਅਤੇ ਉਨ੍ਹਾਂ ਦਾ ਪਰਿਵਾਰ ਸ਼ਾਮਲ ਹੈ।

ਪੂਰੀ ਪੰਜਾਬ ਦੀ ਟੀਮ ਨੂੰ ਮਿਲ ਕੇ ਉਹ ਬਹੁਤ ਖ਼ੁਸ਼ ਹੋਏ ਅਤੇ ਕਹਿਣ ਲੱਗੇ ਕਿ ਉਨ੍ਹਾਂ ਨੂੰ ਪਤਾ ਹੀ ਨਹੀਂ ਸੀ ਕਿ ਪੰਜਾਬ ਤੋਂ ਆਏ ਹਨ ਨਹੀਂ ਤਾਂ ਮਹਿਮਾਨ ਨਿਵਾਜ਼ੀ ਪੰਜਾਬੀਆਂ ਵਾਲੀ ਕਰਨੀ ਸੀ ਪਰ ਫਿਰ ਵੀ ਹੁਣ ਜੇ ਤੁਹਾਡੀ ਕੋਈ ਖ਼ਾਤਿਰਦਾਰੀ ਕਰ ਸਕੀਏ ਤਾਂ। ਮੇਰਾ ਮਨ ਤਾਂ ਕੇਸੂ ਦੇ ਫੁੱਲਾਂ ਨੂੰ ਦੇਖਣ ਲਈ ਲਲਚਾ ਰਿਹਾ ਸੀ, ਮੈਂ ਕਿਹਾ ਮੈਨੂੰ ਤਾਂ ਕੇਸੂ ਦੇ ਫੁੱਲ ਹੀ ਮੰਗਵਾ ਦਿਉ। ਉਹ ਹੱਸਣ ਲੱਗੇ ਕਹਿੰਦੇ ਲਉ ਇਹ ਕੀ ਗੱਲ ਹੈ। ਅਗਲੇ ਹੀ ਦਿਨ ਉਨ੍ਹਾਂ ਨੇ ਕੇਸੂ ਦੇ ਫੁੱਲਾਂ ਦਾ ਇਕ ਵੱਡਾ ਸਾਰਾ ਲਿਫ਼ਾਫ਼ਾ ਭਰ ਕੇ ਭੇਜ ਦਿੱਤਾ। ਇੰਨੇ ਫੁੱਲ ਦੇਖਦਿਆਂ ਹੀ ਮੇਰੀ ਰੂਹ ਖਿੜ ਗਈ। ਪਰ ਉਨ੍ਹਾਂ ਨੂੰ ਨਾਲ ਨਾ ਲਿਆ ਸਕੀ ਕਿਉਂਕਿ ਉਨ੍ਹਾਂ ਵਿਚ ਛੋਟੇ-ਛੋਟੇ ਕਾਫੀ ਜੀਵ, ਜਿਹੇ ਸਨ। ਪਰ ਉਨ੍ਹਾਂ ਦਾ ਰੰਗ ਦੇਖ ਕੇ ਮਨ ਖ਼ੁਸ਼ ਹੋ ਗਿਆ। ਇਕ ਦਿਨ ਤਾਂ ਮੈਂ ਪੂਰਾ ਉਨ੍ਹਾਂ ਦੀ ਸੁੰਦਰਤਾ ਨੂੰ ਮਾਣਿਆ ਨਾਲ ਵਾਲੇ ਮੇਰੇ 'ਤੇ ਹੱਸ ਵੀ ਰਹੇ ਸਨ। ਅਗਲੇ ਦਿਨ ਜਸਵੰਤ ਸਿੰਘ ਜੀ ਤੇ ਉਨ੍ਹਾਂ ਦੇ ਪਰਿਵਾਰ ਵਲੋਂ ਸਾਰੇ ਕੈਂਪਰਜ਼ ਲਈ ਦੇਗ਼ ਬਣਾ ਕੇ ਵਰਤਾਈ ਗਈ। ਸਾਰਿਆਂ ਨੇ ਬੜਾ ਮਜ਼ਾ ਲਿਆ ਤੇ ਖਾ ਕੇ ਅਸ਼-ਅਸ਼ ਕਰ ਉਠੇ। ਜਿਸ ਦਿਨ ਮਹਾਰਾਸ਼ਟਰ ਦੀ ਖ਼ਾਸ ਡਿਸ਼ 'ਪੂਰਨ ਪੋਲੀ' ਬਣਾਈ, ਉਸ ਦਿਨ ਵੀ ਸਭ ਨੇ ਬੜਾ ਅਨੰਦ ਮਾਣਿਆ। ਜਿਸ ਦਿਨ ਸਾਡੀ ਮੈਸ ਡਿਊਟੀ ਸੀ, ਉਸ ਦਿਨ ਅਸੀਂ 'ਪੰਗਤ' ਲਵਾ ਕੇ ਲੰਗਰ ਵਰਤਾਇਆ।

ਕੈਂਪ ਦੀ ਸਮਾਪਤੀ ਤੋਂ ਇਕ ਦਿਨ ਪਹਿਲਾਂ ਪੂਰੇ ਭਾਰਤ ਤੋਂ ਵੱਖ-ਵੱਖ ਰਾਜਾਂ ਤੋਂ ਆਏ ਸਾਰੇ ਕੈਂਪਰਜ਼ ਨੇ ਕਿਨਵਟ ਵਿਚ ਆਪੋ-ਆਪਣੇ ਰਾਜ ਦੇ ਸੱਭਿਆਚਾਰ ਨੂੰ ਦਰਸਾਉਂਦੀ ਝਾਕੀ ਬਣਾ ਕੇ ਦੇਸ਼ ਦੀ ਏਕਤਾ ਦੀ ਮਿਸਾਲ ਬਣਦਿਆਂ ਅਤੇ ਅਨੇਕਤਾ ਵਿਚ ਏਕਤਾ ਦਿਖਾਉਂਦਿਆਂ ਇਕ ਰੈਲੀ ਕੱਢੀ। ਉਸੇ ਰਾਤ ਕਿਨਵਟ ਦੇ ਕਬੀਲਿਆਂ ਵੱਲੋਂ ਸਾਰੇ, ਕੈਂਪਰਜ਼ ਦੇ ਸਨਮਾਨ ਵਿਚ ਆਪਣੇ ਨ੍ਰਿਤ ਪੇਸ਼ ਕੀਤੇ ਗਏ ਜੋ ਉਨ੍ਹਾਂ ਦੇ ਸੱਭਿਆਚਾਰ ਨੂੰ ਪ੍ਰਗਟਾਉਂਦੇ ਸਨ। ਸੋਖੀ ਸਰ ਤੇ ਉਨ੍ਹਾਂ ਦਾ ਸਾਰਾ ਪਰਿਵਾਰ ਵੀ ਇਸ ਵਿਚ ਸ਼ਾਮਿਲ ਹੋਣ ਲਈ ਆਇਆ।

ਰਾਤ ਨੂੰ ਨ੍ਰਿਤ ਪੇਸ਼ਕਾਰੀ ਦੌਰਾਨ ਪੰਜਾਬ ਦੇ ਰੰਗ ਪੇਸ਼ ਕਰਦਿਆਂ ਇਕ ਵਾਰ ਤਾਂ ਇੰਝ ਲੱਗਾ ਜਿਵੇਂ ਪੰਜਾਬ ਹੀ ਆ ਗਿਆ ਹੋਵੇ। ਅਖੀਰਲੇ ਦਿਨ ਹਰ ਰਾਜ ਵਿੱਚੋਂ ਕਿਸੇ ਇਕ ਨੂੰ ਇਸ ਕੈਂਪ ਦੇ ਦੌਰਾਨ ਆਪਣੇ ਤਜਰਬਿਆਂ ਨੂੰ ਸਾਂਝਾ ਕਰਨ ਲਈ ਮੰਚ 'ਤੇ ਸੱਦਾ ਦਿੱਤਾ ਗਿਆ। ਪੰਜਾਬ ਬਾਰੇ ਮੈਂ ਵੀ ਆਪਣਾ ਤਜਰਬਾ ਸਾਂਝਾ ਕੀਤਾ। ਪੂਰੀ ਟੀਮ ਵਲੋਂ ਭਾਈ ਜੀ ਬਾਰੇ, ਉਨ੍ਹਾਂ ਦੇ ਮਿਸ਼ਨ ਬਾਰੇ, ਡਾ. ਬੇਲਖੋੜੇ ਬਾਰੇ, ਸ੍ਰੀ ਨਰਿੰਦਰ ਵਡਗਾਉਂਕਰ ਜੀ ਜੋ 'ਭਾਰਤ ਕੀ ਸੰਤਾਨ' ਪ੍ਰੋਗਰਾਮ ਕਰਵਾਉਂਦੇ ਸਨ, ਉਨ੍ਹਾਂ ਬਾਰੇ ਅਤੇ ਬਾਕੀ ਟੀਮ ਮੈਂਬਰਜ਼ ਬਾਰੇ ਜਿਨ੍ਹਾਂ ਨੇ ਪੂਰੇ ਕੈਂਪ ਦੌਰਾਨ ਸਭ ਨੂੰ ਇਕ ਮਾਲਾ ਵਿਚ ਪਰੋਇਆਂ ਭਾਰਤ, ਭਾਰਤੀ ਅਤੇ ਭਾਰਤੀਅਤਾ ਨੂੰ ਬਚਾਉਣ, ਜਗਾਉਣ ਅਤੇ ਜੋੜਨ 'ਤੇ ਜ਼ੋਰ ਦਿੱਤਾ।

ਵਾਪਸੀ ਸਮੇਂ ਅਸੀਂ ਸਭ ਤੋਂ ਪਹਿਲਾ ਹੀ ਚਲ ਪਏ ਕਿਉਂਕਿ ਅਸੀਂ ਨਾਂਦੇੜ ਵਿਖੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕਰਨ ਲਈ ਜਾਣਾ ਸੀ। ਨਾਂਦੇੜ ਤਕ ਸਾਡੇ ਨਾਲ ਅਤੇ ਨਾਂਦੇੜ ਤੋਂ ਅੱਗੇ ਜਾਣ ਵਾਲੇ ਕਈ ਵਿਦਿਆਰਥੀ ਸਨ। ਨਾਂਦੇੜ ਪਹੁੰਚ ਕੇ ਅਸੀਂ ਗੁਰਦੁਆਰਾ ਸਾਹਿਬ ਵੱਲ ਚਾਲੇ ਪਾ ਦਿੱਤੇ। ਉਥੇ ਪਹੁੰਚ ਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕੀਤੇ, ਮੱਥਾ ਟੇਕਿਆ ਤੇ ਥੋੜ੍ਹੀ ਦੇਰ ਕੀਰਤਨ ਸਰਵਣ ਕਰਨ ਤੋਂ ਬਾਅਦ ਅਸੀ ਥੋੜ੍ਹਾ ਬਹੁਤ ਬਾਜ਼ਾਰ ਘੁੰਮੇ। ਹਜ਼ੂਰ ਸਾਹਿਬ ਦੇ ਦਰਸ਼ਨਾਂ ਦੀ ਚਿਰੋਕਣੀ ਰੀਝ ਸੀ ਜੋ ਪੂਰੀ ਹੋਈ। ਇਥੇ ਹੀ ਨਾਲ ਦੀ ਇਕ ਅਧਿਆਪਕਾ ਦਾ ਮੋਬਾਈਲ ਫੋਨ ਗੁੰਮ ਹੋ ਗਿਆ।

ਪੁਲਿਸ ਸਟੇਸ਼ਨ ਰਿਪੋਰਟ ਲਿਖਾਈ 'ਤੇ ਵਾਪਸ ਆ ਗਏ। ਰਾਤ ਨੂੰ ਨਾਗਪੁਰ ਲਈ ਟ੍ਰੇਨ ਸੀ। ਨਾਗਪੁਰ ਪਹੁੰਚ ਕੇ 5 ਘੰਟੇ ਦੇ ਇੰਤਜ਼ਾਰ ਤੋਂ ਬਾਅਦ ਉਹੀ 36 ਸਟੇਸ਼ਨ ਵਾਲੀ 36 ਘੰਟਿਆਂ ਵਾਲੀ ਛਤੀਸਗੜ੍ਹ ਐਕਸਪ੍ਰੈਸ ਵਾਪਸੀ ਲਈ ਪਕੜੀ। ਢਾਈ ਦਿਨਾਂ ਦੇ ਸਫ਼ਰ ਤੋਂ ਬਾਅਦ ਕਿਨਵਟ ਕੈਂਪ ਤੇ ਕੇਸੂ ਦੇ ਫੁੱਲਾ ਦੀ ਯਾਦ ਮਨ ਵਿਚ ਲਈ ਵਾਪਸ ਪੰਜਾਬ ਪਰਤੇ। ਅੱਜ ਜਦੋਂ ਵੀ ਤਸਵੀਰਾਂ ਦੇਖਦੀ ਹਾਂ ਤਾਂ ਕਿਨਵਟ ਦੇ ਕੈਂਪ ਦੀ, ਕੇਸੂ ਦੇ ਫੁੱਲਾਂ ਦੀ ਯਾਦ ਵਾਪਸ ਉਨ੍ਹਾਂ ਪਲਾਂ ਵਿਚ ਲੈ ਜਾਂਦੀ ਹੈ ਜੋ ਸੱਚੀ ਜ਼ਿੰਦਗੀ ਦਾ ਇਕ ਅਜਿਹਾ ਅਨੁਭਵ ਸੀ ਜਿਸ ਦਾ ਰੰਗ ਹੀ ਕੁੱਝ ਹੋਰ ਸੀ। •

---

# ਥਾਈਲੈਂਡ ਮੌਜ-ਮਸਤੀ ਅਤੇ ਰੰਗੀਨੀਆਂ



ਨਰਿੰਦਰ ਪਾਲ ਸਿੰਘ ਜਗਦਿਓ

**ਥਾਈਲੈਂਡ ਵਿਚ ਉੱਥੋਂ ਦੇ ਰਾਜੇ ਦਾ ਬਹੁਤ ਆਦਰ-ਸਤਿਕਾਰ ਹੈ ਅਤੇ ਥਾਂ-ਥਾਂ ਉਸ ਦੇ ਬੁੱਤ ਤੇ ਤਸਵੀਰਾਂ ਵੀ ਲੱਗੇ ਹੋਏ ਹਨ। ਥਾਈ ਵਾਸੀ ਆਪਣੇ ਰਾਜੇ ਦਾ ਨਿਰਾਦਰ ਬਿਲਕੁਲ ਵੀ ਬਰਦਾਸ਼ਤ ਨਹੀਂ ਕਰਦੇ। ਪਾਠਕਾਂ ਦੀ ਜਾਣਕਾਰੀ ਲਈ ਇਹ ਵੀ ਦੱਸ ਦੇਈਏ ਕਿ ਬੈਂਕਾਕ ਵਿਚ ਕਾਫ਼ੀ ਗਿਣਤੀ ਵਿਚ ਸਿੱਖ ਵੱਸੋਂ ਵੀ ਹੈ ਜਿਨ੍ਹਾਂ ਦੀ ਗਿਣਤੀ 70 ਹਜ਼ਾਰ ਤੋਂ ਵੱਧ ਹੈ...**

ਦੁਨੀਆ ਭਰ ਦੇ ਘੁਮੱਕੜਾਂ ਲਈ ਥਾਈਲੈਂਡ ਇਕ ਆਕਰਸ਼ਿਤ ਥਾਂ ਵੱਜੋਂ ਤੇਜ਼ੀ ਨਾਲ ਉਭਰ ਕੇ ਸਾਹਮਣੇ ਆ ਰਿਹਾ ਹੈ। ਦੁਨੀਆ ਭਰ ਦੀਆਂ ਸੈਲਾਨੀ ਥਾਵਾਂ ਵਿਚ ਥਾਈਲੈਂਡ ਪਹਿਲੇ ਦਸ ਦੇਸ਼ਾਂ ਵਿਚ ਸ਼ੁਮਾਰ ਹੈ। ਏਸ਼ੀਆਈ ਖਿੱਤੇ ਵਿਚ ਚੀਨ ਤੋਂ ਬਾਅਦ ਸਿਰਫ਼ ਥਾਈਲੈਂਡ ਹੀ ਅਜਿਹਾ ਦੇਸ਼ ਹੈ ਜਿੱਥੇ ਸਭ ਤੋਂ ਜ਼ਿਆਦਾ ਸੈਲਾਨੀ ਆਉਂਦੇ ਹਨ। ਯੂਐੱਨ ਵਰਲਡ ਟੂਰਿਜ਼ਮ ਆਰਗੇਨਾਈਜ਼ੇਸ਼ਨ ਦੀ ਰਿਪੋਰਟ ਅਨੁਸਾਰ ਸਾਲ 2017 ਵਿਚ 3.50 ਕਰੋੜ ਤੋਂ ਵੀ ਜ਼ਿਆਦਾ ਸੈਲਾਨੀਆਂ ਨੇ ਥਾਈਲੈਂਡ ਦੀ ਸੈਰ ਕੀਤੀ।

ਅਗਸਤ 2018 ਦੀ ਇਕ ਰਿਪੋਰਟ ਅਨੁਸਾਰ ਸਿਰਫ਼ ਸੈਰ-ਸਪਾਟਾ ਉਦਯੋਗ ਤੋਂ ਹੀ ਥਾਈਲੈਂਡ ਨੂੰ ਸਾਲਾਨਾ 57.5 ਬਿਲੀਅਨ ਅਮਰੀਕੀ ਡਾਲਰ (ਮੌਜੂਦਾ ਦਰ ਦੇ ਹਿਸਾਬ ਨਾਲ 40873 ਕਰੋੜ ਭਾਰਤੀ ਰੁਪਏ) ਦੀ ਕਮਾਈ ਹੋ ਰਹੀ ਹੈ। ਥਾਈਲੈਂਡ ਦੀ ਆਰਥਿਕਤਾ ਲਈ ਸੈਰ-ਸਪਾਟਾ ਉਦਯੋਗ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਉਂਝ ਵੀ ਕੁਦਰਤੀ ਖ਼ੂਬਸੂਰਤੀ ਅਤੇ ਸਮੁੰਦਰੀ ਕੰਢਿਆਂ ਨਾਲ ਭਰਪੂਰ ਇਸ ਦੇਸ਼ ਵਿਚ ਸੈਰ ਕਰਨੀ, ਹੋਟਲਾਂ ਵਿਚ ਰਹਿਣਾ ਅਤੇ ਖਾਣਾ-ਪੀਣਾ ਜ਼ਿਆਦਾ ਮਹਿੰਗਾ ਨਹੀਂ ਹੈ। ਥਾਈਲੈਂਡ ਦੀ ਕਰੰਸੀ ਬਾਟ ਹੈ ਅਤੇ ਭਾਰਤੀ ਕਰੰਸੀ ਦੇ ਹਿਸਾਬ ਨਾਲ ਇਕ ਬਾਟ 2.20 ਰੁਪਏ ਦੇ ਲਗਪਗ ਹੈ। ਵਿਦੇਸ਼ੀ ਧਰਤੀ 'ਤੇ ਸੈਰ-ਸਫ਼ਰ ਕਰਨ ਵਾਲਿਆਂ ਲਈ ਥਾਈਲੈਂਡ ਦੀ ਸੈਰ ਇਕ ਚੰਗਾ ਆਪਸ਼ਨ ਹੈ।

## ਸੈਰਯੋਗ ਥਾਵਾਂ

ਥਾਈਲੈਂਡ ਦੀ ਰਾਜਧਾਨੀ ਬੈਂਕਾਕ ਅਤੇ ਸਮੁੰਦਰ ਕੰਢੇ ਵਸੇ ਸ਼ਹਿਰ ਪਤਾਇਆ ਵਿਚ ਕਾਫ਼ੀ ਪੰਜਾਬੀ ਘੁੰਮਦੇ ਨਜ਼ਰ ਆ ਜਾਣਗੇ। ਫੁਕੇਟ ਸ਼ਹਿਰ ਵੀ ਸੈਰ-ਸਪਾਟੇ ਲਈ ਕਾਫ਼ੀ ਮਕਬੂਲ ਹੈ ਅਤੇ ਸ਼ਾਨਦਾਰ ਸਮੁੰਦਰੀ ਬੀਚਾਂ ਕਰਕੇ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਹੈ। ਹਾਲਾਂਕਿ ਸਾਰਾ ਸਾਲ ਹੀ ਇਨ੍ਹਾਂ ਸ਼ਹਿਰਾਂ ਵਿਚ ਘੁੰਮਿਆ ਜਾ ਸਕਦਾ ਹੈ ਪਰ ਨਵੰਬਰ ਤੋਂ ਫਰਵਰੀ ਤਕ ਦੇ ਮਹੀਨੇ ਜ਼ਿਆਦਾ ਠੀਕ ਮੰਨੇ ਜਾਂਦੇ ਹਨ। ਉਂਝ ਅਸੀਂ ਬੈਂਕਾਕ ਅਤੇ ਪਤਾਇਆ ਅਕਤੂਬਰ ਦੇ ਪਹਿਲੇ ਹਫ਼ਤੇ ਗਏ ਸੀ ਅਤੇ ਉਦੋਂ ਵੀ ਮੌਸਮ ਵਧੀਆ ਸੀ। ਬੈਂਕਾਕ ਤੋਂ ਫੁਕੇਟ ਦੀ ਦੂਰੀ 850 ਕਿਲੋਮੀਟਰ ਦੇ ਕਰੀਬ ਹੈ ਅਤੇ ਬਹੁਤੇ ਸੈਲਾਨੀ ਇਸ ਸ਼ਹਿਰ ਦਾ ਵੱਖਰਾ ਟੂਰ ਬਣਾਉਂਦੇ ਹਨ। ਦਿੱਲੀ ਤੋਂ ਫੁਕੇਟ ਲਈ ਵੀ ਸਿੱਧੀ ਫਲਾਇਟ ਹੈ। ਬੈਂਕਾਕ ਅਤੇ ਪਤਾਇਆ ਇਕ ਟੂਰ ਵਿਚ ਹੀ ਘੁੰਮਿਆ ਜਾ ਸਕਦਾ ਹੈ।

## ਟਿਕਟ, ਵੀਜ਼ਾ ਅਤੇ ਟਰਾਂਸਪੋਰਟ

ਅੰਮ੍ਰਿਤਸਰ ਅਤੇ ਨਵੀਂ ਦਿੱਲੀ ਤੋਂ ਸਿੱਧੀਆਂ ਫਲਾਈਟਾਂ ਬੈਂਕਾਕ ਜਾਂਦੀਆਂ ਹਨ। ਦਿੱਲੀ/ਅੰਮ੍ਰਿਤਸਰ ਤੋਂ ਬੈਂਕਾਕ ਦੀ ਸਿੱਧੀ ਫਲਾਇਟ 4-4.30 ਕੁ ਘੰਟੇ ਵਿਚ ਪਹੁੰਚ ਜਾਂਦੀ ਹੈ। ਥਾਈਲੈਂਡ ਦਾ ਸਮਾਂ ਸਾਡੇ ਸਮੇਂ ਤੋਂ ਡੇਢ ਘੰਟਾ ਅੱਗੇ ਹੈ ਯਾਨੀ ਕਿ ਜੇ ਭਾਰਤ ਵਿਚ ਦੁਪਹਿਰ ਦੇ 2 ਵੱਜੇ ਹੋਣਗੇ ਤਾਂ ਥਾਈਲੈਂਡ ਵਿਚ ਸਮਾਂ 3.30 ਦੁਪਹਿਰ ਦਾ ਹੋਵੇਗਾ। 4-5 ਦਿਨਾਂ ਦੇ ਟੂਰ ਦੀ ਹਵਾਈ ਜਹਾਜ਼ ਦੀ ਵਾਪਸੀ ਦੀ ਟਿਕਟ 12-15 ਹਜ਼ਾਰ ਰੁਪਏ ਵਿਚ ਮਿਲ ਜਾਂਦੀ ਹੈ ਅਤੇ ਹੋਟਲ, ਖਾਣ-ਪੀਣ ਤੇ ਘੁੰਮਣ ਦਾ ਖ਼ਰਚ 10-12 ਹਜ਼ਾਰ ਦੇ ਲਗਪਗ ਆਉਂਦਾ ਹੈ। ਉਂਝ ਵੀ ਅੱਜ ਕੱਲ੍ਹ ਵੱਖ-ਵੱਖ ਟੂਰ ਆਪਰੇਟਰਾਂ ਤੋਂ 4-5 ਰਾਤਾਂ ਦਾ ਟੂਰ ਪੈਕੇਜ (ਹਵਾਈ ਟਿਕਟ, ਹੋਟਲ ਬ੍ਰੇਕਫਾਸਟ ਦੇ ਨਾਲ, ਏਅਰਪੋਰਟ ਤੋਂ ਹੋਟਲ ਤੇ ਵਾਪਸੀ ਅਤੇ ਵੱਖ-ਵੱਖ ਜਗ੍ਹਾ ਦੀ ਸੈਰ) 20-26 ਹਜ਼ਾਰ ਰੁਪਏ ਵਿਚ ਮਿਲ ਜਾਂਦਾ ਹੈ।

ਬੈਂਕਾਕ ਹਵਾਈ ਅੱਡੇ (ਸਵਰਨਭੂਮੀ ਏਅਰਪੋਰਟ) ਤੋਂ ਬੈਂਕਾਕ ਸ਼ਹਿਰ (ਕਰੀਬ 30 ਕਿਲੋਮੀਟਰ ਦੀ ਦੂਰੀ) ਲਈ ਮੈਟਰੋ ਟ੍ਰੇਨ ਵੀ ਚੱਲਦੀ ਹੈ ਜੋ ਕਿ ਟੈਕਸੀਆਂ ਦੇ ਮੁਕਾਬਲੇ ਕਾਫੀ ਸਸਤੀ ਹੈ। ਕਈ ਸੈਲਾਨੀ ਏਅਰਪੋਰਟ 'ਤੇ ਉਤਰ ਕੇ ਸਿੱਧਾ ਪਤਾਇਆ ਲਈ ਰਵਾਨਾ ਹੋ ਜਾਂਦੇ ਹਨ। ਬੈਂਕਾਕ ਤੋਂ ਪਤਾਇਆ 150 ਕਿਲੋਮੀਟਰ ਹੈ ਅਤੇ ਉੱਥੇ ਨਿੱਜੀ ਟੈਕਸੀ ਜਾਂ ਬੱਸ ਰਾਹੀਂ ਜਾਇਆ ਜਾ ਸਕਦਾ ਹੈ। ਟੈਕਸੀ 1300-1500 ਬਾਟ ਕਿਰਾਇਆ ਲੈਂਦੀ ਹੈ ਅਤੇ ਏਸੀ ਬੱਸ ਦੀ ਪ੍ਰਤੀ ਸਵਾਰੀ ਟਿਕਟ ਕਰੀਬ 200-300 ਬਾਟ ਹੈ। ਬੈਂਕਾਕ ਅਤੇ ਪਤਾਇਆ ਵਿਚ ਘੁੰਮਣ ਲਈ ਆਟੋ, ਕਾਰਾਂ ਅਤੇ ਲੋਕਲ ਬੱਸਾਂ ਆਮ ਮਿਲ ਜਾਂਦੀਆਂ ਹਨ। 'ਉਬਰ', 'ਔਲਾ' ਐਪ ਵਾਂਗ ਹੀ ਬੈਂਕਾਕ ਵਿਚ 'ਗਰੈਬ' ਐਪ ਰਾਹੀਂ ਟੈਕਸੀ ਕਿਰਾਏ 'ਤੇ ਕੀਤੀ ਜਾ ਸਕਦੀ ਹੈ। ਆਟੋ, ਜਿਸ ਨੂੰ ਟੁਕਟੁਕ ਕਿਹਾ ਜਾਂਦਾ ਹੈ, ਵਿਚ ਬੈਠਣ ਤੋਂ ਪਹਿਲਾਂ ਕਿਰਾਏ ਦੀ ਗੱਲ ਤੋਲਮੋਲ ਨਾਲ ਤੈਅ ਕਰ ਲੈਣੀ ਚਾਹੀਦੀ ਹੈ ਕਿਉਂਕਿ ਸੈਲਾਨੀਆਂ ਨਾਲ ਠੱਗੀ ਦੀਆਂ ਘਟਨਾਵਾਂ ਉੱਥੇ ਆਮ ਹਨ। ਇਸ ਤੋਂ ਇਲਾਵਾ ਕਿਰਾਏ 'ਤੇ ਲਏ ਜਾਣ ਵਾਲੇ ਮੋਟਰਸਾਈਕਲ-ਸਕੂਟਰ ਅਤੇ ਹੋਰ ਵਾਹਨਾਂ ਬਾਰੇ ਵੀ ਸਾਰੀ ਗੱਲਬਾਤ ਪਹਿਲਾਂ ਹੀ ਤੈਅ ਕਰ ਲੈਣ ਦੀ ਸਲਾਹ ਹੈ।

ਭਾਰਤੀਆਂ ਲਈ ਬੈਂਕਾਕ ਏਅਰਪੋਰਟ ਉੱਤੇ ਹੀ ਵੀਜ਼ਾ ਪ੍ਰਾਪਤ ਕਰਨ ਦੀ ਸੁਵਿਧਾ ਹੈ (ਆਨ ਅਰਾਈਵਲ ਵੀਜ਼ਾ)। ਆਨ ਅਰਾਈਵਲ ਵੀਜ਼ਾ ਫ਼ੀਸ ਦੋ ਹਜ਼ਾਰ ਬਾਟ ਹੈ। ਇਸ ਤੋਂ ਇਲਾਵਾ ਚੰਡੀਗੜ੍ਹ ਦੇ ਐਲਾਂਟੇ ਮਾਲ ਅਤੇ ਜਲੰਧਰ ਸਥਿਤ ਵੀਐੱਫਐੱਸ ਦੇ ਕੇਂਦਰ ਵਿਚ ਵੀ ਪਾਸਪੋਰਟ ਜਮ੍ਹਾਂ ਕਰਵਾ ਕੇ ਸਿੰਗਲ ਐਂਟਰੀ ਵੀਜ਼ਾ ਲਿਆ ਜਾ ਸਕਦਾ ਹੈ ਜਿਸਦੀ ਫ਼ੀਸ 2500 ਰੁਪਏ ਅਤੇ 315 ਰੁਪਏ ਵੀਐੱਫਐੱਸ ਦੇ ਚਾਰਜਿਜ਼ ਹਨ। ਇਸ ਵੀਜ਼ਾ ਦੀ ਵੈਧਤਾ 3 ਮਹੀਨੇ ਹੁੰਦੀ ਹੈ ਯਾਨੀ ਕਿ ਵੀਜ਼ਾ ਲੱਗਣ ਦੀ ਤਰੀਕ ਤੋਂ 3 ਮਹੀਨੇ ਦੇ ਅੰਦਰ-ਅੰਦਰ ਥਾਈਲੈਂਡ ਜਾਣਾ ਹੁੰਦਾ ਹੈ। ਇਸ ਸਿੰਗਲ ਐਂਟਰੀ ਵੀਜ਼ਾ ਨਾਲ 60 ਦਿਨਾਂ ਤਕ ਥਾਈਲੈਂਡ ਵਿਚ ਰਿਹਾ ਜਾ ਸਕਦਾ ਹੈ।

ਵੀਜ਼ਾ ਪ੍ਰਕਿਰਿਆ ਲਈ ਬਹੁਤ ਸਧਾਰਨ ਜਿਹਾ ਫਾਰਮ ਭਰ ਕੇ ਅਤੇ ਬੈਂਕ ਸਟੇਟਮੈਂਟ ਜਮ੍ਹਾਂ ਕਰਨੀ ਹੁੰਦੀ ਹੈ। ਵੀਜ਼ਾ ਸਬੰਧੀ ਜ਼ਿਆਦਾ ਜਾਣਕਾਰੀ http://www.vfs-thailand.co.in ਤੋਂ ਲਈ ਜਾ ਸਕਦੀ ਹੈ। ਸੈਰ-ਸਪਾਟਾ ਉਦਯੋਗ ਨੂੰ ਹੁਲਾਰਾ ਦੇਣ ਦੇ ਮਕਸਦ ਨਾਲ ਥਾਈਲੈਂਡ ਨੇ ਭਾਰਤੀਆਂ ਲਈ 30 ਅਪ੍ਰੈਲ 2019 ਤਕ ਵੀਜ਼ਾ ਲੈਣ ਦੀ ਸ਼ਰਤ ਹਟਾਈ ਹੋਈ ਹੈ। ਮਤਲਬ ਕਿ ਜੇ 15 ਦਿਨਾਂ ਤੋਂ ਘੱਟ ਥਾਈਲੈਂਡ ਵਿਚ ਸੈਰ 'ਤੇ ਜਾਣਾ ਹੋਵੇ ਤਾਂ ਸੈਲਾਨੀਆਂ ਲਈ ਕੋਈ ਆਨ ਅਰਾਈਵਲ ਵੀਜ਼ਾ ਫੀਸ ਨਹੀਂ ਅਤੇ ਸਿਰਫ ਹਵਾਈ ਜਹਾਜ਼ ਦੀ ਰਿਟਰਨ ਟਿਕਟ, ਹੋਟਲ ਬੁਕਿੰਗ, ਲੋੜੀਂਦੀ ਨਕਦੀ ਅਤੇ ਪਾਸਪੋਰਟ ਲਿਜਾ ਕੇ ਥਾਈਲੈਂਡ ਘੁੰਮਣ ਜਾਇਆ ਜਾ ਸਕਦਾ ਹੈ।

## ਬੈਂਕਾਕ ਅਤੇ ਪਤਾਇਆ ਦੀ ਸੈਰ

ਰਾਜਧਾਨੀ ਬੈਂਕਾਕ ਥਾਈਲੈਂਡ ਦਾ ਸਭ ਤੋਂ ਵੱਡਾ ਸ਼ਹਿਰ ਹੈ। ਇਹ 'ਚਾਓ ਫਰਾਇਆ' ਦਰਿਆ ਕਿਨਾਰੇ ਵੱਸਿਆ ਹੋਇਆ ਹੈ। ਇੱਥੇ ਬਹੁਤ ਸਾਰੇ ਬੋਧੀ ਮੰਦਿਰ ਅਤੇ ਘੁੰਮਣਯੋਗ ਥਾਵਾਂ ਹਨ। ਵਾਟ ਅਰੁਣ ਮੰਦਿਰ, ਵਾਟ ਪੋਅ, ਫਲੋਟਿੰਗ ਮਾਰਕਿਟ, ਚਾਈਨਾ ਟਾਊਨ, ਗ੍ਰੈਂਡ ਪੈਲੇਸ ਆਦਿ ਤੋਂ ਇਲਾਵਾ ਸ਼ਾਪਿੰਗ ਲਈ ਬਹੁਤ ਸਾਰੇ ਮਾਲਜ਼ ਹਨ ਜਿਨ੍ਹਾਂ ਵਿੱਚੋਂ 'ਇੰਦਰਾ ਸਕੁਏਅਰ ਮਾਲ' ਵਿਚ ਸਸਤਾ ਕੱਪੜਾ, ਲੇਡੀਜ਼ ਬੈਗ, ਘੜੀਆਂ ਅਤੇ ਹੋਰ ਸਾਮਾਨ ਸਸਤਾ ਤੇ ਵਧੀਆ ਮਿਲ ਜਾਂਦਾ ਹੈ। ਇੰਦਰਾ ਮਾਰਕਿਟ, ਭਾਰਤੀਆਂ ਖ਼ਾਸ ਕਰ ਕੇ ਪੰਜਾਬੀਆਂ ਦੀ ਪਸੰਦੀਦਾ ਮਾਰਕਿਟ ਹੈ ਅਤੇ ਇੱਥੇ ਬਹੁਤੇ ਦੁਕਾਨਦਾਰ ਵੀ ਹਿੰਦੀ ਵਿਚ ਹੀ ਗੱਲ ਕਰਦੇ ਮਿਲ ਜਾਣਗੇ।

ਪਤਾਇਆ ਸਮੁੰਦਰ ਕੰਢੇ ਵੱਸਿਆ ਸ਼ਹਿਰ ਹੈ ਅਤੇ ਇਹ ਛੁੱਟੀਆਂ ਕੱਟਣ ਲਈ ਇਕ ਦਿਲਚਸਪ ਤੇ ਰੌਣਕ ਭਰਪੂਰ ਥਾਂ ਹੈ। ਸਮੁੰਦਰ ਵਿਚ ਹੀ ਇਕ ਟਾਪੂ ਹੈ ਜਿਸ ਦਾ ਨਾਂ ਕੋਰਲ ਆਈਲੈਂਡ (ਸਥਾਨਕ ਨਾਂ-ਕੋਹ ਲਾਰਨ) ਹੈ, ਜੋ ਕਿ ਘੁੰਮਣਯੋਗ ਥਾਂ ਹੈ। ਪਤਾਇਆ ਤੋਂ ਫੈਰੀ (ਅੱਧੇ ਘੰਟੇ ਦਾ ਸਫ਼ਰ) ਅਤੇ ਸਪੀਡ-ਬੋਟ ਰਾਹੀਂ ਕੋਰਲ ਆਈਲੈਂਡ ਪਹੁੰਚਿਆ ਜਾ ਸਕਦਾ ਹੈ। ਫੈਰੀ ਦੀ ਟਿਕਟ 40 ਬਾਟ ਹੈ ਜਦਕਿ ਪ੍ਰਾਈਵੇਟ ਸਪੀਡ-ਬੋਟ ਵਾਲੇ 200-250 ਬਾਟ ਲੈ ਲੈਂਦੇ ਹਨ। ਇਸ ਤੋਂ ਇਲਾਵਾ ਇਹ ਸ਼ਹਿਰ 'ਰਾਤ ਦੀਆਂ ਰੰਗੀਨੀਆਂ' ਕਰਕੇ ਵੀ ਜਾਣਿਆ ਜਾਂਦਾ ਹੈ ਅਤੇ ਇੱਥੋਂ ਦੀ 'ਵਾਕਿੰਗ ਸਟਰੀਟ' ਇਸ ਦੀ ਗਵਾਹੀ ਭਰਦੀ ਹੈ। ਇੱਥੇ ਡਾਂਸ ਕਲੱਬ ਅਤੇ ਬੀਅਰ ਬਾਰ ਥਾਂ-ਥਾਂ ਖੁੱਲ੍ਹੇ ਹੋਏ ਹਨ।

## ਧਿਆਨਯੋਗ ਗੱਲਾਂ

ਏਅਰਪੋਰਟ 'ਤੇ ਉਤਰਦੇ ਸਾਰ ਹੀ ਆਪਣੀ ਸਹੂਲਤ ਅਨੁਸਾਰ ਸਭ ਤੋਂ ਪਹਿਲਾਂ ਮੋਬਾਈਲ ਸਿਮ ਜ਼ਰੂਰ ਖ਼ਰੀਦ ਲੈਣਾ ਚਾਹੀਦਾ ਹੈ ਕਿਉਂਕਿ ਇੰਟਰਨੈੱਟ ਰਾਹੀਂ ਬਹੁਤ ਸਾਰੀਆਂ ਗੱਲਾਂ ਸਰਚ ਕਰਨ ਨਾਲ ਸੈਰ-ਸਫ਼ਰ ਚੰਗਾ ਨਿਕਲਦਾ ਹੈ। ਇੱਥੇ ਸੈਲਾਨੀਆਂ ਨਾਲ ਠੱਗੀਆਂ-ਠੋਰੀਆਂ ਦੀਆਂ ਕਾਫ਼ੀ ਘਟਨਾਵਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ ਇਸ ਲਈ ਚੌਕੰਨੇ ਹੋ ਕੇ ਰਹੋ। ਥਾਈ ਮਸਾਜ ਦੁਨੀਆ ਭਰ ਵਿਚ ਮਸ਼ਹੂਰ ਹੈ ਅਤੇ ਇੱਥੇ ਮਸਾਜ ਸੈਂਟਰਾਂ ਦੀ ਭਰਮਾਰ ਹੈ।

ਇਹ ਸੈਲਾਨੀਆਂ ਦੀ ਸਮਝ 'ਤੇ ਨਿਰਭਰ ਕਰਦਾ ਹੈ ਕਿ 'ਉਂਝ ਹੀ ਖੁੱਲ੍ਹੇ ਮਸਾਜ ਸੈਂਟਰਾਂ' ਦੀ ਆੜ ਵਿੱਚੋਂ ਚੰਗੇ ਮਸਾਜ ਸੈਂਟਰਾਂ ਦੀ ਚੋਣ ਕਿੰਝ ਕਰਨੀ ਹੈ। ਕੁਝ ਮਸਾਜ ਸੈਂਟਰ ਜਿਸਮਫਰੋਸ਼ੀ ਦਾ ਅੱਡਾ ਹਨ। ਬੈਂਕਾਕ ਅਤੇ ਪਤਾਇਆ ਵਿਚ ਜਿਸਮਫਰੋਸ਼ੀ ਸ਼ਰੇਆਮ ਵੇਖਣ ਨੂੰ ਮਿਲਦੀ ਹੈ। ਇਸੇ ਕਰਕੇ ਥਾਈਲੈਂਡ ਬਦਨਾਮ ਵੀ ਹੈ। ਉਂਝ ਬਹੁਤ ਸਾਰੇ ਪਰਿਵਾਰ ਵੀ ਇੱਥੇ ਛੁੱਟੀਆਂ ਮਨਾਉਣ ਆਉਂਦੇ ਹਨ ਕਿਉਂ ਕਿ ਇੱਥੋਂ ਦੀ ਸੁੰਦਰਤਾ ਲਾਜਵਾਬ ਹੈ।

ਮਾਸਾਹਾਰੀ ਅਤੇ ਸਮੁੰਦਰੀ ਖਾਣੇ ਦੇ ਸ਼ੌਕੀਨਾਂ ਲਈ ਇੱਥੇ ਬਹੁਤ ਕੁਝ ਹੈ ਜਦਕਿ ਸ਼ਾਕਾਹਾਰੀਆਂ ਲਈ ਸੀਮਤ ਚੀਜ਼ਾਂ ਹੀ ਹਨ। ਇੱਥੋਂ ਦੀ ਬੀਅਰ ਸਸਤੀ, ਵਧੀਆ ਅਤੇ ਮਸ਼ਹੂਰ ਹੈ। ਫਲ ਖ਼ਾਸ ਤੌਰ 'ਤੇ ਅਨਾਨਾਸ ਸ਼ਹਿਦ ਵਰਗਾ ਮਿੱਠਾ ਮਿਲਦਾ ਹੈ। ਥਾਈਲੈਂਡ ਵਿਚ ਉੱਥੋਂ ਦੇ ਰਾਜੇ ਦਾ ਬਹੁਤ ਆਦਰ-ਸਤਿਕਾਰ ਹੈ ਅਤੇ ਥਾਂ-ਥਾਂ ਉਸ ਦੇ ਬੁੱਤ ਤੇ ਤਸਵੀਰਾਂ ਵੀ ਲੱਗੇ ਹੋਏ ਹਨ। ਥਾਈ ਵਾਸੀ ਆਪਣੇ ਰਾਜੇ ਦਾ ਨਿਰਾਦਰ ਬਿਲਕੁਲ ਵੀ ਬਰਦਾਸ਼ਤ ਨਹੀਂ ਕਰਦੇ।

ਪਾਠਕਾਂ ਦੀ ਜਾਣਕਾਰੀ ਲਈ ਇਹ ਵੀ ਦੱਸ ਦੇਈਏ ਕਿ ਬੈਂਕਾਕ ਵਿਚ ਕਾਫ਼ੀ ਗਿਣਤੀ ਵਿਚ ਸਿੱਖ ਵੱਸੋਂ ਵੀ ਹੈ। ਵੀਕੀਪੀਡੀਆ ਅਨੁਸਾਰ ਇੱਥੇ 70 ਹਜ਼ਾਰ ਤੋਂ ਵੀ ਜ਼ਿਆਦਾ ਸਿੱਖ ਹਨ ਅਤੇ ਥਾਈਲੈਂਡ ਵਿਚ ਸਿੱਖ ਭਾਈਚਾਰੇ ਨੂੰ ਘੱਟ ਗਿਣਤੀਆਂ ਦਾ ਦਰਜਾ ਹਾਸਲ ਹੈ। ਬੈਂਕਾਕ ਵਿਚਲਾ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕਾਫੀ ਵੱਡਾ ਅਤੇ ਸੁੰਦਰ ਬਣਿਆ ਹੋਇਆ ਹੈ। ਬੈਂਕਾਕ ਅਤੇ ਪਤਾਇਆ ਵਿਚ ਬਹੁਤ ਸਾਰੇ ਹੋਟਲ ਅਤੇ ਰੈਸਟੋਰੈਂਟਾਂ ਦੇ ਮਾਲਕ ਵੀ ਪੰਜਾਬੀ-ਭਾਰਤੀ ਹਨ। •






---

# ਡਲਹੌਜ਼ੀ ਦੇ ਬਰਫ਼ੀਲੇ ਨਜ਼ਾਰੇ

**ਰਾਤ ਖ਼ੂਬ ਬਰਫ਼ਬਾਰੀ ਹੋਈ ਸੀ। ਕਾਰ 'ਚ ਬੈਠ ਅਸੀਂ ਹੋਟਲ ਦੇ ਆਸ-ਪਾਸ ਬਰਫ਼ਬਾਰੀ ਵੇਖਣ ਨਿਕਲ ਪਏ। ਸੈਲਾਨੀਆਂ ਖ਼ਾਸ ਕਰਕੇ ਬੱਚਿਆਂ ਦੀ ਬਹੁਤ ਭੀੜ ਸੀ। ਸਾਡੇ ਬੱਚੇ ਵੀ ਬਰਫ਼ ਦੀ ਖੇਡ ਵਿਚ ਜਾ ਸ਼ਾਮਲ ਹੋਏ...**





ਉੱਤਰੀ ਭਾਰਤ ਦੇ ਉੱਤਰਾਖੰਡ ਤੇ ਦੇਵ ਭੂਮੀ ਹਿਮਾਚਲ ਪ੍ਰਦੇਸ਼ ਸਮੇਤ ਸਾਰੇ ਪਹਾੜੀ ਇਲਾਕੇ ਵਿਚ ਤਾਜ਼ਾ ਬਰਫ਼ਬਾਰੀ ਕਰਕੇ ਬਰਫ਼ ਦੀ ਚਾਦਰ ਹੇਠ ਢੱਕੇ ਗਏ ਹਨ। ਬਰਫ਼ ਦਾ ਅਤੰਕ ਕਹਿਰ ਢਾਅ ਰਿਹਾ ਸੀ। ਸਵੇਰ ਸਾਰ ਟੀਵੀ ਵੇਖਣਾ ਬੰਦ ਕਰ ਮੈਂ ਖਿੜਕੀ ਖੋਲ੍ਹ ਬਾਹਰ ਪੈ ਰਹੀ ਬਰਫ਼ ਵੇਖ ਸਮਾਈਲ ਹੋਰਾਂ ਨੂੰ ਆਵਾਜ਼ਾਂ ਮਾਰੀਆਂ। ਸਾਰੇ ਬਰਫ਼ ਵੇਖ ਗਦ ਗਦ ਹੋ ਗਏ। ਸਮਾਈਲ ਨੇ ਜਦੋਂ ਫਿਫਥ 'ਚੋਂ ਚੰਗੇ ਨੰਬਰ ਲਏ ਸਨ ਤਾਂ ਮੈਂ ਉਸ ਨਾਲ ਵਾਇਦਾ ਕੀਤਾ ਸੀ ਸਰਦੀਆਂ 'ਚ ਤੈਨੂੰ ਤਾਜ਼ਾ ਪੈ ਰਹੀ ਬਰਫ਼ ਵਿਖਾਉਣ ਲਈ ਕਿਸੇ ਪਹਾੜੀ ਸਥਾਨ 'ਤੇ ਲੈ ਜਾਵਾਂਗਾ। ਮੈਂ ਟੀਵੀ ਦੀਆਂ ਖ਼ਬਰਾਂ 'ਤੇ ਨਜ਼ਰ ਰੱਖ ਰਿਹਾ ਸੀ। ਜਨਵਰੀ ਦੇ ਸ਼ੁਰੂ 'ਚ ਦੇਸ਼ ਦੇ ਪਹਾੜੀ ਖੇਤਰਾਂ ਵਿਚ ਬਰਫ਼ਬਾਰੀ ਦੀਆਂ ਖ਼ਬਰਾਂ ਆਉਣ ਲੱਗੀਆਂ। ਮਨਾਲੀ 'ਚ ਇਕ ਫੁੱਟ ਬਰਫ਼ਬਾਰੀ ਦਰਜ ਕੀਤੀ ਗਈ ਸੀ। ਰੋਹਤਾਂਗ ਦਰਾ ਬੰਦ ਹੋ ਚੁੱਕਾ ਸੀ। ਰਾਜਧਾਨੀ ਸ਼ਿਮਲਾ ਸਮੇਤ ਸਾਰੇ ਉਪਰਲੇ ਇਲਾਕਿਆਂ 'ਚ ਜ਼ਬਰਦਸਤ ਬਰਫ਼ਬਾਰੀ ਹੋਣੀ ਸ਼ੁਰੂ ਹੋ ਚੁੱਕੀ ਸੀ। ਇਸੇ ਤਰ੍ਹਾਂ ਉਤਰਾਖੰਡ ਦੇ ਪਹਾੜੀ ਇਲਾਕਿਆਂ ਵਿਚ ਜ਼ਬਰਦਸਤ ਬਰਫ਼ਬਾਰੀ ਸ਼ੁਰੂ ਹੋਣ ਨਾਲ ਚਾਰੇ ਧਾਮ ਬਦਰੀਨਾਥ, ਕੇਦਾਰ ਨਾਥ, ਗੰਗੋਤਰੀ ਤੇ ਯਮੁਨੋਤਰੀ ਬਰਫ਼ ਨਾਲ ਢੱਕੇ ਗਏ ਸਨ। ਕੇਦਾਰਨਾਥ ਦੋ ਤੋਂ ਢਾਈ ਫੁੱਟ ਬਰਫ਼ ਜੰਮ੍ਹਾਂ ਹੋ ਚੁੱਕੀ ਸੀ। ਰਾਜ ਮਾਰਗ ਬੰਦ ਹੋ ਗਏ ਸਨ।

ਗੁਲਮਰਗ, ਪਹਿਲਗਾਮ ਤੇ ਸੋਨ ਮਰਗ ਵਾਂਗ ਸ਼ਿਮਲਾ ਮਨਾਲੀ 'ਚ ਵੀ ਭਾਰੀ ਬਰਫ਼ਬਾਰੀ ਤੇ ਦੂਰ ਹੋਣ ਕਰਕੇ ਸਾਡੀ ਪਹੁੰਚ ਤੋਂ ਬਾਹਰ ਹੀ ਨਹੀਂ ਸਨ ਸਗੋਂ ਅਸੀਂ ਰਿਸਕ ਵੀ ਨਹੀਂ ਸੀ ਲੈ ਸਕਦੇ। ਸੋ ਬੀਤੀ ਸ਼ਾਮ ਅਸਾਂ ਡਲਹੌਜ਼ੀ ਆਪਣੇ ਜਾਣ ਪਛਾਣ ਵਾਲੇ ਮਿੱਤਰ ਦੇ ਹੋਟਲ ਵਿਚ ਆ ਡੇਰੇ ਲਾਏ ਸਨ। ਮੌਸਮ ਖਰਾਬ ਹੋਣ ਦੇ ਬਾਵਜੂਦ ਅਸੀਂ ਸੁਭਾਸ਼ ਚੌਕ ਘੁੰਮਦੇ ਰਹੇ ਸੀ। ਸਵੇਰੇ ਚਾਹ ਲੈ ਕੇ ਆਏ ਵੇਟਰ ਨੇ ਅੱਧੀ ਰਾਤ ਬਾਅਦ ਬਰਫ਼ ਪੈਣ ਬਾਰੇ ਦੱਸਿਆ ਤਾਂ ਮੈਂ ਖਿੜਕੀ ਖੋਲ੍ਹ ਬੱਚਿਆਂ ਨੂੰ ਬਰਫ਼ਬਾਰੀ ਦਸਿਆ। ਬੱਚੇ ਖ਼ੁਸ਼ੀ 'ਚ ਨੱਚ ਉੱਠੇ।

ਕੱਲ੍ਹ ਦਸ ਕੁ ਵਜੇ ਪ੍ਰੀਤਨਗਰ ਤੋਂ ਆਪਣੇ ਬੇਟੇ, ਪੋਤਰੇ ਸਮਾਈਲ ਨਾਲ ਚਲ ਏਅਰਪੋਰਟ ਦੇ ਸਾਹਮਣੇ ਪਿੰਡ ਬਲਾਂ ਤੋਂ ਸ਼ਾਇਰ ਜਗਤਾਰ ਗਿੱਲ ਤੇ ਉਸਦੇ ਪੋਤਰੇ ਕਰਨ ਨੂੰ ਨਾਲ ਲੈ ਨੈਸ਼ਨਲ ਹਾਈਵੇ 'ਤੇ ਪੈਂਦੇ ਦੋ ਟੋਲ ਪਲਾਜ਼ਿਆਂ 'ਤੇ ਪੈਸੇ ਭਰ ਪਠਾਨਕੋਟ ਲੰਘ ਡਲਹੌਜ਼ੀ ਰੋਡ ਜਾ ਚੜ੍ਹੇ। ਆਸੇ ਪਾਸੇ ਨਿੱਕੀਆਂ-ਨਿੱਕੀਆਂ ਪਹਾੜੀਆਂ ਤੇ ਉਨ੍ਹਾਂ ਦੀ ਗੋਦ ਵਿਚ ਪੌੜੀਨੁਮਾ ਖੇਤਾਂ 'ਚ ਹਰੀ ਭਰੀ ਫ਼ਸਲਵਾੜੀ ਸੀ। ਧਾਰ, ਦਨੇਰਾ ਲੰਘ ਅਸੀਂ ਹਿਮਾਚਲੀ ਮਿੱਤਰਾਂ ਦੇ ਠਾਕੁਰ ਢਾਬੇ ਜਾ ਪਹੁੰਚੇ। ਚਿੱਕਨ, ਆਮਲੇਟ ਤੇ ਦਾਲ ਮੱਖਣੀ ਪੈਕ ਕਰਵਾ ਲਈ। ਇਸ ਢਾਬੇ ਅਸੀ ਦਸਾਂ ਸਾਲਾਂ ਵਿਚ ਤੀਹ ਪੈਂਤੀ ਵਾਰ ਆ ਚੁੱਕੇ ਹਾਂ। ਚਾਹ ਪੀ ਅਸੀ ਰਾਣੀ ਖੱਤ ਬਨੀਖੇਤ ਤੇ ਬਲੂਨ ਛਾਉਣੀ ਦੀ ਚੜ੍ਹਾਈ ਚੜ੍ਹਦਿਆਂ ਦੇਵਤਿਆਂ ਵਰਗੇ ਦੇਵਦਾਰਾਂ ਨੂੰ ਸਜਦੇ ਕਰਦੇ ਸੁਭਾਸ਼ ਚੌਕ ਨੇੜਲੇ ਇਸ ਹੋਟਲ 'ਚ ਆ ਪਹੁੰਚੇ ਸੀ। ਜੰਮੂ ਕਸ਼ਮੀਰ ਵਿਚ ਹਾਲਾਤ ਵਿਗੜ ਜਾਣ ਕਰਕੇ ਸੈਲਾਨੀਆਂ ਦਾ ਰੁਖ਼ ਹਿਮਾਚਲ ਵੱਲ ਹੋ ਜਾਣ ਕਰਕੇ ਹਿਮਾਚਲ ਟੂਰਿਜ਼ਮ ਨੂੰ ਵੱਡਾ ਹੁਲਾਰਾ ਮਿਲਿਆ।

ਡਲਹੌਜ਼ੀ ਦੇ ਇਤਿਹਾਸਕ ਪਿਛੋਕੜ 'ਤੇ ਇਕ ਪੰਛੀ ਝਾਤ। ਬਰਤਾਨਵੀ ਸਰਕਾਰ ਦੇ ਫ਼ੌਜੀ ਅਫਸਰ ਤੇ ਸਿਵਲ ਅਧਿਕਾਰੀ ਲਾਹੌਰ ਦੀ ਭੀਸ਼ਣ ਗਰਮੀ ਤੋਂ ਬਹੁਤ ਪਰੇਸ਼ਾਨ ਸਨ। ਉਹ ਕਿਸੇ ਅਜਿਹੇ ਠੰਢੇ ਸਥਾਨ ਦੀ ਭਾਲ 'ਚ ਸਨ। ਕਰਨਲ ਨੇਪੀਅਰ ਨੇ ਇਸ ਜਗ੍ਹਾ ਦੀ ਖੋਜ ਕੀਤੀ ਜਿਸ ਲਈ ਉਸ ਨੂੰ ਲਾਰਡ ਦੀ ਉਪਾਧੀ ਨਾਲ ਸਨਮਾਨਿਆ ਗਿਆ ਸੀ। ਚੰਬਾ ਸਟੇਟ ਤੋਂ 1854 ਵਿਚ ਇਹ ਜਗ੍ਹਾ ਅੰਗਰੇਜ਼ਾਂ ਲੀਜ਼ 'ਤੇ ਲਈ ਸੀ। ਉਸ ਸਮੇਂ ਭਾਰਤ ਦੇ ਵਾਇਸਰਾਏ ਲਾਰਡ ਡਲਹੌਜ਼ੀ ਸਨ। ਜਿਨ੍ਹਾਂ ਦੇ ਨਾਂ 'ਤੇ ਇਸ ਦਾ ਨਾਮ ਡਲਹੌਜ਼ੀ ਰੱਖਿਆ ਗਿਆ। ਪਹਿਲਾਂ ਬਰਤਾਨਵੀ ਸਰਕਾਰ ਦਾ ਇਥੇ ਸੈਨੀਟੋਰੀਅਮ ਬਣਾਉਣ ਦਾ ਇਰਾਦਾ ਸੀ ਪਰ ਫਿਰ 1860 'ਚ ਵਿਚਾਰ ਬਦਲਦਿਆਂ ਚੰਬਾ ਦੇ ਰਾਜੇ ਤੋਂ 600 ਏਕੜ ਹੋਰ ਜ਼ਮੀਨ ਲੀਜ 'ਤੇ ਲੈ ਇਥੇ ਛਾਉਣੀ ਬਣਾ ਦਿੱਤੀ ਗਈ।

ਮੈਂ ਕਿਧਰੋਂ ਪੜ੍ਹਿਆ ਸੁਣਿਆ ਸੀ ਕਿ 1893 ਵਿਚ ਰਾਬਿੰਦਰਨਾਥ ਟੈਗੋਰ ਨੇ ਸ. ਨ. ਮੁਕਰਜੀ ਦੀ ਕੋਠੀ ਸਨੋਡਨ ਵਿਚ ਆਪਣੀ ਠਹਿਰ ਦੌਰਾਨ, 13 ਸਾਲ ਦੀ ਉਮਰ 'ਚ ਪਹਿਲੀ ਕਵਿਤਾ ਲਿਖੀ ਸੀ। ਸ਼ਹੀਦ ਭਗਤ ਸਿੰਘ ਦੇ ਚਾਚਾ ਜੀ ਤੇ ਮਹਾਨ ਕ੍ਰਾਂਤੀਕਾਰੀ ਸ. ਅਜੀਤ ਸਿੰਘ ਆਜ਼ਾਦੀ ਸੰਗਰਾਮ ਦੌਰਾਨ ਇੱਥੇ ਰੂਪੋਸ਼ ਹੋਏ ਰਹੇ ਸੀ। ਪੰਜ ਪੁਲਾ ਵਿਖੇ ਉਨ੍ਹਾਂ ਦੀ ਯਾਦਗਾਰ ਹੈ। ਸੁਭਾਸ਼ ਚੰਦਰ ਬੋਸ ਵੀ ਸਿਹਤਯਾਬੀ ਲਈ 1937 ਵਿਚ ਇਥੇ ਡਾ. ਧਰਮਵੀਰ ਦੀ ਕੋਠੀ ਕਾਇਨੈਸ ਠਹਿਰੇ ਸੀ। ਪੰਜਾਬੀ ਨਾਵਲ ਦੇ ਪਿਤਾਮਾ ਨਾਨਕ ਸਿੰਘ ਹਰ ਸਾਲ ਗਰਮੀਆਂ 'ਚ ਇਥੇ ਸਦਰ ਬਾਜ਼ਾਰ ਲਾਲਾ ਅਮੀਰ ਚੰਦ ਦੀ ਕਰਿਆਨੇ ਦੀ ਦੁਕਾਨ ਉਪਰਲੀ ਰਿਹਾਇਸ਼ ਦੇ ਇਕ ਕਮਰੇ 'ਚ ਠਹਿਰਦੇ ਸਨ ਤੇ ਆਪਣਾ ਨਵਾਂ ਨਾਵਲ ਲਿਖ ਲੈ ਜਾਂਦੇ ਸਨ। ਇਥੇ ਉਨ੍ਹਾਂ 26 ਨਾਵਲ ਲਿਖੇ ਸੀ। ਮੈਂ 1972 ਵਿਚ ਜਦੋਂ ਪਹਿਲੀ ਵਾਰ ਡਲਹੌਜ਼ੀ ਆਇਆ ਸੀ ਤਾਂ ਸਦਰ ਬਾਜ਼ਾਰ ਲਾਲਾ ਜੀ ਨੂੰ ਮਿਲਿਆ ਸੀ। ਉਨ੍ਹਾਂ ਦੱਸਿਆ ਸੀ ਕਿ ਨਾਨਕ ਸਿੰਘ ਇਥੇ ਮਹੀਨਾ-ਮਹੀਨਾ ਠਹਿਰਦੇ ਸਨ। ਉਹ ਸਾਡੇ ਪਰਿਵਾਰ ਨਾਲ ਰਚ ਮਿਚ ਗਏ ਸਨ। ਨਾਸ਼ਤਾ ਕਰਨ ਉਪਰੰਤ ਬੱਚਿਆਂ ਦੀ ਜ਼ਿੱਦ ਕਰ ਕੇ ਨਾ ਚਾਹੁੰਦਿਆਂ ਵੀ ਸਾਨੂੰ ਉਨ੍ਹਾਂ ਨਾਲ ਜਾਣਾ ਪਿਆ। ਕਾਰ 'ਚ ਬੈਠ ਅਸੀ ਹੋਟਲ ਦੇ ਆਸ-ਪਾਸ ਬਰਫ਼ਬਾਰੀ ਵੇਖਣ ਨਿਕਲ ਪਏ। ਰਾਤ ਖ਼ੂਬ ਬਰਫ਼ਬਾਰੀ ਹੋਈ ਸੀ। ਤਿਲਕਣ ਦੇ ਬਾਵਜੂਦ ਥੋੜ੍ਹੀ ਕੁ ਚੜ੍ਹਾਈ ਚੜ੍ਹ ਸੁਭਾਸ਼ ਚੌਕ ਪਹੁੰਚ ਗਏ। ਸੈਲਾਨੀਆਂ ਖ਼ਾਸ ਕਰਕੇ ਬੱਚਿਆਂ ਦੀ ਬਹੁਤ ਭੀੜ ਸੀ। ਬੱਚੇ ਬਰਫ਼ 'ਤੇ ਖੇਡ ਰਹੇ ਸਨ। ਸਾਡੇ ਬੱਚੇ ਵੀ ਬਰਫ਼ ਦੀ ਖੇਡ ਵਿਚ ਜਾ ਸ਼ਾਮਲ ਹੋਏ। ਕੁਝ ਬੱਚੇ ਸਨੋਮੈਨ ਬਣਾ ਰਹੇ ਸਨ। ਮੈਂ ਤੇ ਸ਼ਾਇਰ ਜਗਤਾਰ ਗਿੱਲ ਕੌਫੀ ਬਾਰ ਵਲ ਜਾਂਦਿਆਂ ਬਰਫ਼ ਦੇ ਘਰ ਬਣਾ ਰਹੇ ਬੱਚੇ ਨੂੰ ਕਿਹਾ,'ਕਦੀ ਬਰਫ਼ ਦਾ ਘਰ ਵੀ ਬਣ ਸਕਦਾ ਹੈ?' ਬੱਚੇ ਫੌਰਨ ਜਵਾਬ ਦਿੱਤਾ,' ਅੰਕਲ! ਮੈਂ ਪਿਛਲੇ ਸਾਲ ਗੋਆ ਦੇ ਸਮੁੰਦਰੀ ਤੱਟ 'ਤੇ ਰੇਤ ਦਾ ਘਰ ਬਣਾਇਆ ਸੀ ਜਿਹੜਾ ਅਗਲੀ ਸਵੇਰ ਤਕ ਕਾਇਮ ਸੀ'। ਬਲੈਂਸਡ ਆਖ ਅਸੀਂ ਅੱਗੇ ਤੁਰ ਪਏ। ਬੱਚੇ ਕਿੰਨੀ ਛੇਤੀ ਘੁਲ ਮਿਲ ਜਾਂਦੇ ਨੇ, ਵੇਖ ਗਿੱਲ ਕਿਵੇਂ ਰੂੰ ਦੇ ਗੋਹੜਿਆਂ ਵਰਗੀ ਬਰਫ਼ ਦੇ ਗੋਲੇ ਬਣਾ-ਬਣਾ ਇਕ ਦੂਸਰੇ ਨੂੰ ਨਿਸ਼ਾਨੇ ਬਣਾ ਰਹੇ ਹਨ। ਮੈਂ ਪਿੱਛੇ ਵੇਖਦਿਆਂ ਬੱਚਿਆਂ ਨੂੰ ਖੇਡਦਿਆਂ ਤਕ ਕੇ ਕਿਹਾ। ਬਰਫ਼ ਦੀਆਂ ਰੁਮਾਂਚਕਾਰੀ ਖੇਡਾਂ ਦਾ ਨਜ਼ਾਰਾ ਲੈ ਰਹੇ ਸਨ।



ਮੁਖ਼ਤਾਰ ਗਿੱਲ
98140-82217

ਅਸੀਂ ਹੋਟਲ ਵੱਲ ਪਰਤਦਿਆਂ ਵੇਖਿਆ ਹੋਟਲਾਂ ਦੀਆਂ ਲਾਲ ਰੰਗ ਦੀਆਂ ਛੱਤਾਂ ਅਤੇ ਖੜ੍ਹੇ ਵਾਹਨਾਂ ਉੱਤੇ ਬਰਫ਼ ਪਈ ਹੋਈ ਸੀ। ਪਹਾੜੀਆਂ ਦੀਆਂ ਚੋਟੀਆਂ 'ਤੇ ਬਰਫ਼ ਹੀ ਬਰਫ਼ ਸੀ ਜਿਵੇਂ ਕੁਦਰਤ ਨੇ ਆਪਣੇ ਉੱਤੇ ਸਫ਼ੈਦ ਚਾਦਰ ਲਈ ਹੋਵੇ। ਦਰੱਖ਼ਤਾਂ ਦੇ ਪੱਤੇ ਕੁਝ ਪਲ ਛਿਣ ਤਾਜ਼ਾ ਪੈ ਰਹੀ ਬਰਫ਼ ਨੂੰ ਸ਼ਰਨ ਦਿੰਦੇ ਪਰ ਫਿਰ ਬਰਫ਼ ਹੇਠਾਂ ਨੂੰ ਸਰਕ ਜਾਂਦੀ ਸੀ। ਸਾਡੇ ਮਿੱਤਰ ਹੋਟਲ ਮਾਲਿਕ ਨੇ ਦੱਸਿਆ ਡਲਹੌਜ਼ੀ ਖਜਿਆਰ ਸੜਕ ਬਰਫ਼ਬਾਰੀ ਕਾਰਨ ਬੰਦ ਹੋ ਚੁੱਕੀ ਹੈ। ਅਗਲਾ ਪ੍ਰੋਗਰਾਮ ਮੁਲਤਵੀ ਕਰ ਦਿਓ। ਕਮਰੇ ਪਹੁੰਚ ਸਨੈਕਸ ਤੇ ਚਾਹ ਮੰਗਵਾਈ। ਹਲਕੀ ਜਿਹੀ ਬਰਫ਼ਬਾਰੀ ਜਾਰੀ ਸੀ। ਦੁਪਹਿਰ ਦੇ ਖਾਣੇ ਤੋਂ ਬਾਅਦ ਗਿੱਲ, ਬੇਟਾ ਤੇ ਬੱਚੇ ਪੈਦਲ ਹੀ ਬਰਫ਼ ਦੇ ਨਜ਼ਾਰੇ ਲੈਣ ਨਿਕਲ ਗਏ ਤੇ ਮੈਂ ਕਮਰੇ 'ਚ ਸੈਰ ਸਫ਼ਰ ਲਿਖਣ ਲੱਗ ਪਿਆ। ਸਾਰੇ ਢੂੰਘੀ ਸ਼ਾਮ ਨੂੰ ਗਾਂਧੀ ਚੌਂਕ, ਪੰਜਪੁਲਾ ਤੇ ਸੁਭਾਸ਼ ਬਾਉਲੀ ਤਕ ਘੁੰਮਦੇ ਫਿਰਦੇ ਆਏ ਸਨ। ਬੱਚੇ ਬੜੇ ਖ਼ੁਸ਼ ਸਨ। ਲਗਦਾ ਸੀ ਉਨ੍ਹਾਂ ਖ਼ੂਬ ਮਸਤੀ ਕੀਤੀ ਸੀ।

ਲਗਦਾ ਸੀ ਜਿਵੇਂ ਪਹਾੜਾਂ 'ਤੇ ਛੇਤੀ ਰਾਤ ਉੱਤਰ ਆਉਂਦੀ ਹੈ। ਬੱਚੇ ਟੀਵੀ 'ਚ ਮਸਤ ਸਨ ਤੇ ਅਸੀ ਅੰਦਰਲੀ ਬਰਫ਼ਬਾਰੀ ਨੂੰ ਸ਼ਾਂਤ ਕਰਨ ਲੱਗੇ। ਸਾਰੇ ਥੱਕੇ ਹੋਣ ਕਰਕੇ ਖਾਣਾ ਖਾ ਨਿੱਘੇ ਬਿਸਤਰਿਆਂ 'ਚ ਸੌ ਗਏ। ਬਰਫ਼ੀਲੀ ਸਵੇਰ ਬਹੁਤ ਖ਼ੂਬਸੂਰਤ। ਚਾਰ ਚੁਫੇਰੇ ਬਰਫ਼ ਹੀ ਬਰਫ਼ ਸੀ। ਮੈਂ ਸੋਚ ਰਿਹਾ ਸੀ ਕਿ ਬਰਫ਼ਾਂ ਨਾਲ ਢੱਕੀਆਂ ਚੋਟੀਆਂ, ਬਰਫ਼ੀਲੇ ਗਲੇਸ਼ੀਅਰ, ਮਨਮੋਹਕ ਝੀਲਾਂ, ਹਰਿਆਲੀ ਤੇ ਸ਼ਾਂਤ ਵਾਤਾਵਰਨ ਸੈਲਾਨੀਆਂ ਨੂੰ ਸਮਮੋਹਿਤ ਕਰਨ ਲਈ ਕਾਫ਼ੀ ਹਨ। ਕੁਦਰਤੀ ਸੁੰਦਰਤਾ ਵੇਖ ਮਨ ਝੂਮ ਝੂਮ ਜਾਂਦਾ ਸੀ ਪਰ ਵਾਪਸੀ ਵੀ ਜ਼ਰੂਰੀ ਸੀ। ਨਾਸ਼ਤਾ ਕਰ ਅੰਮ੍ਰਿਤਸਰ ਲਈ ਚਲ ਪਏ। •

## ਸੰਪਾਦਕੀ

# ਪੁੱਟੇ ਦਰੱਖ਼ਤਾਂ ਦੀ ਭਰਪਾਈ

ਹਰਿਆਣਾ ਵਿਚ ਸੜਕਾਂ ਅਤੇ ਰਾਜਮਾਰਗਾਂ ਨੂੰ ਚੌੜਾ ਕਰਨ ਲਈ ਪੁੱਟੇ ਜਾਂਦੇ ਦਰੱਖ਼ਤਾਂ ਦੀ ਭਰਪਾਈ ਲਈ ਪੌਦੇ ਲਾਉਣ ਦੀ ਮੁਹਿੰਮ ਦੇ ਪ੍ਰਬੰਧਾਂ ਨੂੰ ਲੈ ਕੇ ਹਾਲ 'ਚ ਹੀ ਪ੍ਰੇਸ਼ਾਨਕੁਨ ਖੁਲਾਸੇ ਹੋਏ ਹਨ। ਕੰਪਨਸੇਟਰੀ ਅਫੋਰੈਸਟੇਸ਼ਨ ਫੰਡ ਮੈਨੇਜਮੈਂਟ ਐਂਡ ਪਲੈਨਿੰਗ ਅਥਾਰਿਟੀ (ਕੈਂਪਾ) ਦੇ ਸੇਵਾਮੁਕਤ ਮੁਖੀ ਜੀ ਰਮਨ ਨੇ ਜੰਗਲੀਕਰਨ ਦੇ ਪ੍ਰਾਜੈਕਟਾਂ ਨੂੰ ਅਮਲ ਵਿਚ ਲਿਆਉਣ ਸਬੰਧੀ ਨੁਕਸਾਂ ਦੀ ਨਿਸ਼ਾਨਦੇਹੀ ਕੀਤੀ ਹੈ। ਕੈਂਪਾ ਦੇ ਨੇਮਾਂ ਮੁਤਾਬਿਕ ਡਿਵੀਜ਼ਨਲ ਜੰਗਲਾਤ ਅਫਸਰਾਂ ਤੋਂ ਪ੍ਰਮਾਣ ਪੱਤਰ ਲੈਣ ਦੇ ਬਾਵਜੂਦ ਬਹੁਤ ਸਾਰੀਆਂ ਗ਼ੈਰ-ਮਨਜ਼ੂਰਸ਼ੁਦਾ ਥਾਵਾਂ ਉੱਪਰ ਜੰਗਲੀਕਰਨ ਦੇ ਕਾਰਜ ਚਲਾਏ ਗਏ। ਅਜਿਹੀਆਂ ਥਾਵਾਂ ਦੀ ਗਿਣਤੀ ਇੱਕਾ-ਦੁੱਕਾ ਨਹੀਂ ਸਗੋਂ ਹਜ਼ਾਰਾਂ ਹੈਕਟੇਅਰ ਗ਼ੈਰ-ਮਨਜ਼ੂਰਸ਼ੁਦਾ ਥਾਵਾਂ 'ਤੇ ਜੰਗਲੀਕਰਨ ਕਾਰਜ ਚਲਾਏ ਜਾਣ ਤੋਂ ਪਤਾ ਲੱਗਦਾ ਹੈ ਕਿ ਸੂਬੇ ਦੇ ਜੰਗਲਾਤ ਪ੍ਰਬੰਧਨ ਵਿਚ ਕਿਹੋ ਜਿਹੀਆਂ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤਰ੍ਹਾਂ ਦੇ ਕਾਰਜਾਂ ਨਾਲ ਨਾ ਕੇਵਲ ਜੰਗਲੀਕਰਨ ਦੇ ਅਸਲ ਕਾਰਜ ਪ੍ਰਭਾਵਿਤ ਹੁੰਦੇ ਹਨ ਸਗੋਂ ਸਮੁੱਚੇ ਖਿੱਤੇ ਦੀ ਆਬੋ-ਹਵਾ ਲਈ ਵੀ ਗੰਭੀਰ ਚੁਣੌਤੀ ਪੈਦਾ ਹੁੰਦੀ ਹੈ।

ਪਿਛਲੇ ਸਾਲ ਸੁਪਰੀਮ ਕੋਰਟ ਨੇ ਗੁਰੂਗ੍ਰਾਮ-ਪਟੌਦੀ-ਰਿਵਾੜੀ ਰਾਜਮਾਰਗ ਉੱਪਰ ਭਾਰਤੀ ਕੌਮੀ ਰਾਜਮਾਰਗ ਅਥਾਰਿਟੀ (ਐੱਨਐੱਚਏਆਈ) ਦੇ ਕਾਰਜ ਵਿਚ ਦਿੱਤੇ ਦਖ਼ਲ ਨਾਲ ਵਾਤਾਵਰਨ ਸੰਭਾਲ ਲਈ ਚੁਣੌਤੀਆਂ ਅਤੇ ਅਵਸਰ ਦੋਵੇਂ ਪੈਦਾ ਹੋਏ ਸਨ। ਇਹ ਪ੍ਰਾਜੈਕਟ ਕਾਫ਼ੀ ਦੇਰ ਤੋਂ ਇਸ ਕਰ ਕੇ ਰੁਕਿਆ ਹੋਇਆ ਸੀ ਕਿਉਂਕਿ ਰਾਜਮਾਰਗ ਬਣਾਉਣ ਲਈ ਪੁੱਟੇ ਗਏ ਦਰੱਖ਼ਤਾਂ ਦੀ ਭਰਪਾਈ ਕਰਨ ਵਾਸਤੇ ਹੋਰਨਾਂ ਥਾਵਾਂ 'ਤੇ ਪੌਦੇ ਲਾਏ ਜਾਣ ਬਾਬਤ ਕਈ ਤਰ੍ਹਾਂ ਦੇ ਸ਼ੰਕੇ ਜਤਾਏ ਜਾ ਰਹੇ ਸਨ। ਅਦਾਲਤ ਨੇ ਐੱਨਜੀਟੀ ਵਲੋਂ ਕੱਟੇ ਗਏ ਦਰੱਖ਼ਤਾਂ ਦੀ ਭਰਪਾਈ ਲਈ ਦੂਜੀਆਂ ਥਾਵਾਂ 'ਤੇ ਪੌਦੇ ਲਾਉਣ ਦੇ ਫ਼ੈਸਲੇ ਦੀ ਪ੍ਰੋੜਤਾ ਕਰਦੇ ਹੋਏ ਐੱਨਐੱਚਏਆਈ ਨੂੰ 20 ਹਜ਼ਾਰ ਪੌਦੇ ਲਾਉਣ ਲਈ ਢੁਕਵੀਆਂ ਥਾਵਾਂ ਦੀ ਤਲਾਸ਼ ਕਰਨ ਦੇ ਨਿਰਦੇਸ਼ ਦਿੱਤੇ ਸਨ। ਅਦਾਲਤ ਦੇ ਫ਼ੈਸਲੇ ਵਿਚ ਹਰਿਆਣਾ ਸਰਕਾਰ ਨੂੰ ਪੌਦੇ ਲਾਉਣ ਲਈ ਲੈਂਡ ਬੈਂਕਾਂ ਦੀ ਨਿਸ਼ਾਨਦੇਹੀ ਕਰਨ ਦੇ ਹੁਕਮ ਦਿੱਤੇ ਗਏ ਸਨ ਤਾਂ ਕਿ ਦਰੱਖ਼ਤਾਂ ਦੀ ਕਟਾਈ ਕਰ ਕੇ ਘਟ ਰਹੇ ਹਰੇ ਭਰੇ ਕਵਰ ਦੀ ਭਰਪਾਈ ਲਈ ਬੱਝਵੇਂ ਉਪਰਾਲੇ ਕੀਤੇ ਜਾ ਸਕਣ।

ਉਂਝ, ਸੜਕਾਂ ਅਤੇ ਰਾਜਮਾਰਗਾਂ ਦੇ ਪ੍ਰਾਜੈਕਟਾਂ ਕਰ ਕੇ ਦਰੱਖ਼ਤਾਂ ਦੀ ਕਟਾਈ ਦੀ ਭਰਪਾਈ ਲਈ ਤੈਅਸ਼ੁਦਾ ਨੇਮਾਂ ਦੀ ਉਲੰਘਣਾ ਲਈ ਕੋਈ ਜਵਾਬਦੇਹੀ ਤੈਅ ਨਹੀਂ ਕੀਤੀ ਗਈ ਜਿਸ ਕਰ ਕੇ ਇਹ ਸਰੋਕਾਰ ਜਿਉਂ ਦੇ ਤਿਉਂ ਬਣੇ ਹੋਏ ਹਨ। ਜੇਕਰ ਇਸ ਮਾਮਲੇ ਵਿਚ ਨਿਗਰਾਨੀ ਅਤੇ ਜਵਾਬਦੇਹੀ ਯਕੀਨੀ ਬਣਾਉਣ ਦੇ ਉਪਰਾਲੇ ਨਾ ਕੀਤੇ ਗਏ ਤਾਂ ਲੋਕਾਂ ਦੇ ਭਰੋਸੇ ਨੂੰ ਢਾਹ ਲੱਗ ਸਕਦੀ ਹੈ ਅਤੇ ਨਾਲ ਹੀ ਖਿੱਤੇ ਦੇ ਵਾਤਾਵਰਨਕ ਸਮਤੋਲ ਉੱਪਰ ਮਾੜਾ ਅਸਰ ਪੈ ਸਕਦਾ ਹੈ। ਖਣਨ ਦੇ ਮਾਮਲੇ ਵਿਚ ਹਰਿਆਣਾ ਦਾ ਰਿਕਾਰਡ ਪਹਿਲਾਂ ਹੀ ਮਾੜਾ ਰਿਪੋਰਟ ਹੋਇਆ ਹੈ। ਕੁਝ ਮਾਮਲਿਆਂ ਵਿੱਚ ਤਾਂ ਅਦਾਲਤ ਨੇ ਸਖ਼ਤ ਨੋਟਿਸ ਵੀ ਲਿਆ ਹੈ। ਅਸਲ ਵਿੱਚ, ਵਾਤਾਵਰਨ ਦੇ ਮਾਮਲਿਆਂ ਨੂੰ ਓਨੀ ਤਵੱਜੋ ਨਹੀਂ ਮਿਲ ਰਹੀ ਜਿੰਨੀ ਇਸ ਵਕਤ ਜ਼ਰੂਰਤ ਹੈ। ਸਰਕਾਰਾਂ ਨੂੰ ਅਜਿਹੇ ਮਾਮਲਿਆਂ 'ਤੇ ਪਹਿਲ ਕਰਨੀ ਚਾਹੀਦੀ ਹੈ।

## ਆਪ ਨੇਤਾ ਸੰਜੇ ਸਿੰਘ ਦੀ ਜ਼ਮਾਨਤ

ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਸੰਜੇ ਸਿੰਘ ਨੂੰ ਜ਼ਮਾਨਤ ਮਿਲਣ ਨਾਲ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਨਾ ਕੇਵਲ ਉਨ੍ਹਾਂ ਦੀ ਆਪਣੀ ਪਾਰਟੀ ਸਗੋਂ 'ਇੰਡੀਆ' ਗੱਠਜੋੜ ਨੂੰ ਵੱਡੀ ਰਾਹਤ ਮਿਲੀ ਹੈ। ਦਿੱਲੀ ਦੀ ਆਬਕਾਰੀ ਨੀਤੀ ਨਾਲ ਜੁੜੇ ਕਾਲੇ ਧਨ ਨੂੰ ਸਫ਼ੇਦ ਬਣਾਉਣ ਦੇ ਮਾਮਲੇ ਵਿਚ ਸੁਪਰੀਮ ਕੋਰਟ ਦੇ ਬੈਂਚ ਨੇ ਰਾਜ ਸਭਾ ਮੈਂਬਰ ਸੰਜੇ ਸਿੰਘ ਦੀ ਜ਼ਮਾਨਤ ਅਰਜ਼ੀ ਸਵੀਕਾਰਦਿਆਂ ਆਖਿਆ ਹੈ ਕਿ ਉਨ੍ਹਾਂ ਕੋਲੋਂ ਕੋਈ ਧਨ ਬਰਾਮਦ ਨਹੀਂ ਹੋਇਆ ਅਤੇ ਨਾ ਹੀ ਧਨ ਦੀ ਕੋਈ ਪੈੜ ਨੱਪੀ ਜਾ ਸਕੀ ਹੈ ਕਿ ਰਿਸ਼ਵਤ ਦੇ ਤੌਰ 'ਤੇ ਜੋ ਰਕਮ ਦੇਣ ਦੀ ਗੱਲ ਕੀਤੀ ਜਾ ਰਹੀ ਸੀ, ਉਹ ਕਿੱਧਰ ਗਈ। ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਪਿਛਲੇ ਸਾਲ ਅਕਤੂਬਰ ਮਹੀਨੇ ਸੰਜੇ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ ਕੱਲ੍ਹ ਹੋਈ ਸੁਣਵਾਈ ਮੌਕੇ ਏਜੰਸੀ ਨੇ ਇਹ ਆਖ ਦਿੱਤਾ ਕਿ ਉਸ ਨੂੰ ਜ਼ਮਾਨਤ ਦੇਣ 'ਤੇ ਕੋਈ ਇਤਰਾਜ਼ ਨਹੀਂ ਹੈ। ਉਂਝ, ਬੈਂਚ ਨੇ ਆਖਿਆ ਕਿ ਉਸ ਦੇ ਇਸ ਫ਼ੈਸਲੇ ਨੂੰ ਨਜ਼ੀਰ ਨਹੀਂ ਮੰਨਿਆ ਜਾਵੇਗਾ ਜਿਸ ਕਰ ਕੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸਣੇ ਆਮ ਆਦਮੀ ਪਾਰਟੀ ਦੇ ਜੇਲ੍ਹ ਵਿਚ ਬੰਦ ਕੁਝ ਹੋਰ ਆਗੂਆਂ ਨੂੰ ਜ਼ਮਾਨਤ ਮਿਲਣ ਦੀਆਂ ਆਸਾਂ 'ਤੇ ਪਾਣੀ ਫਿਰ ਸਕਦਾ ਹੈ।

ਕੁਝ ਵੀ ਹੋਵੇ ਪਰ ਇਸ ਕੇਸ ਵਿਚ ਸੰਜੇ ਸਿੰਘ ਦੀ ਜ਼ਮਾਨਤ ਨੂੰ ਆਮ ਆਦਮੀ ਪਾਰਟੀ ਅਤੇ 'ਇੰਡੀਆ' ਗੱਠਜੋੜ ਆਪਣੀ ਨੈਤਿਕ ਜਿੱਤ ਦੇ ਰੂਪ ਵਿਚ ਪੇਸ਼ ਕਰ ਸਕਦਾ ਹੈ ਅਤੇ ਨਾਲ ਹੀ ਇਸ ਦੋਸ਼ ਦੀ ਵੀ ਪ੍ਰੋੜਤਾ ਹੋਵੇਗੀ ਕਿ ਸੱਤਾਧਾਰੀ ਭਾਜਪਾ ਵਿਰੋਧੀ ਪਾਰਟੀਆਂ ਦੇ ਸਿਆਸਤਦਾਨਾਂ ਨੂੰ ਨਿਸ਼ਾਨਾ ਬਣਾਉਣ ਲਈ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰ ਰਹੀ ਹੈ। ਈਡੀ ਦੇ ਕਾਰਵਿਹਾਰ ਦੀ ਨਿਆਇਕ ਨਿਰਖ-ਪਰਖ ਵੀ ਹੋ ਰਹੀ ਹੈ ਅਤੇ ਹੁਣ ਇਸ ਲਈ ਚੁਣੌਤੀ ਬਣ ਗਈ ਹੈ ਕਿ ਉਹ ਸੰਜੇ ਸਿੰਘ ਅਤੇ ਆਪ ਦੇ ਹੋਰਨਾਂ ਆਗੂਆਂ ਖਿਲਾਫ਼ ਦੋਸ਼ਾਂ ਨੂੰ ਬਿਨਾਂ ਕਿਸੇ ਸੰਦੇਹ ਤੋਂ ਸਿੱਧ ਕਰ ਕੇ ਦਿਖਾਵੇ।ਅੰਗਰੇਜ਼ੀ ਦੀ ਇਕ ਪ੍ਰਮੁੱਖ ਅਖ਼ਬਾਰ ਵਲੋਂ ਕੀਤੀ ਗਈ ਜਾਂਚ ਤੋਂ ਵਿਰੋਧੀ ਧਿਰ ਦੀਆਂ ਪਾਰਟੀਆਂ ਨੂੰ ਹੋਰ ਮਸਾਲਾ ਮਿਲ ਗਿਆ ਹੈ। ਇਸ ਜਾਂਚ ਵਿਚ ਦਰਸਾਇਆ ਗਿਆ ਹੈ ਕਿ ਸੰਨ 2014 ਵਿਚ ਭਾਜਪਾ ਦੀ ਅਗਵਾਈ ਵਾਲੇ ਐੱਨਡੀਏ ਦੇ ਸੱਤਾ ਵਿਚ ਆਉਣ ਤੋਂ ਬਾਅਦ ਜਿਹੜੇ 25 ਪ੍ਰਮੁੱਖ ਸਿਆਸਤਦਾਨ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਰ ਕੇ ਕੇਂਦਰੀ ਏਜੰਸੀਆਂ ਦੇ ਰਾਡਾਰ 'ਤੇ ਸਨ, ਉਹ ਪਾਲ਼ਾ ਬਦਲ ਕੇ ਭਾਜਪਾ ਦੇ ਖੇਮੇ ਵਿਚ ਆ ਗਏ ਸਨ। ਇਨ੍ਹਾਂ ਵਿਚ ਦਸ ਕਾਂਗਰਸ ਅਤੇ ਬਾਕੀ ਦੇ ਆਗੂ ਖੇਤਰੀ ਪਾਰਟੀਆਂ ਨਾਲ ਸਬੰਧਿਤ ਸਨ। 25 ਵਿੱਚੋਂ 23 ਆਗੂਆਂ ਖਿਲਾਫ਼ ਈਡੀ, ਸੀਬੀਆਈ ਤੇ ਆਮਦਨ ਕਰ ਵਿਭਾਗ ਦੀਆਂ ਕਾਰਵਾਈਆਂ ਤੋਂ ਨਿਜਾਤ ਮਿਲ ਗਈ ਅਤੇ ਉਨ੍ਹਾਂ ਖਿਲਾਫ਼ ਕੇਸ ਜਾਂ ਤਾਂ ਬੰਦ ਕਰ ਦਿੱਤੇ ਗਏ ਜਾਂ ਠੰਢੇ ਬਸਤੇ ਵਿਚ ਪਾ ਦਿੱਤੇ ਗਏ। ਚੋਣਾਂ ਮੌਕੇ ਵੱਡੇ ਪੱਧਰ 'ਤੇ ਹੋ ਰਹੀਆਂ ਦਲਬਦਲੀਆਂ ਕਰ ਕੇ ਵੀ ਵਿਰੋਧੀ ਧਿਰ ਦੇ ਇਨ੍ਹਾਂ ਦੋਸ਼ਾਂ ਨੂੰ ਬਲ ਮਿਲਦਾ ਹੈ ਕਿ ਸੱਤਾਧਾਰੀ ਧਿਰ ਜ਼ੋਰ ਜ਼ਬਰਦਸਤੀ ਅਤੇ ਲਾਲਚ ਦੇ ਤੌਰ ਤਰੀਕਿਆਂ ਦਾ ਇਸਤੇਮਾਲ ਕਰ ਰਹੀ ਹੈ। ਉਂਝ ਵੀ, ਇਹ ਵਰਤਾਰਾ ਹੁਣ ਕੁਝ ਵੱਡੇ ਪੱਧਰ 'ਤੇ ਚੱਲ ਰਿਹਾ ਹੈ। ਇਸ ਲਈ ਚੋਣਾਂ ਦੇ ਭਖੇ ਹੋਏ ਮਾਹੌਲ ਵਿੱਚ ਕੇਂਦਰ ਵਿੱਚ ਸੱਤਾਧਾਰੀ ਧਿਰ ਨੂੰ ਹੁਣ ਇਨ੍ਹਾਂ ਸਵਾਲਾਂ 'ਤੇ ਘੇਰਿਆ ਜਾ ਸਕਦਾ ਹੈ। ਇਹ ਹੁਣ ਵਿਰੋਧੀ ਧਿਰਾਂ 'ਤੇ ਨਿਰਭਰ ਹੈ ਕਿ ਉਹ ਲਗਾਤਾਰ ਸਾਹਮਣੇ ਆ ਰਹੇ ਅਜਿਹੇ ਮਾਮਲਿਆਂ ਨੂੰ ਕਿਸ ਢੰਗ ਨਾਲ ਅਤੇ ਕਿੰਨੇ ਜ਼ੋਰ ਨਾਲ ਲੋਕਾਂ ਕੋਲ ਲੈ ਕੇ ਜਾਂਦੀਆਂ ਹਨ। ਸਵਾਲ ਹੁਣ ਇਹ ਵੀ ਹੈ ਕਿ ਸਰਕਾਰੀ ਏਜੰਸੀਆਂ ਚੋਣਾਂ ਦੌਰਾਨ ਵੀ ਆਪਣੀਆਂ ਕਾਰਵਾਈਆਂ ਨੂੰ ਸੀਮਤ ਕਿਉਂ ਨਹੀਂ ਕਰ ਰਹੀਆਂ।

# ਵੋਟਰਾਂ ਦੀ ਸਹੂਲਤ ਲਈ ਹੋਰ 22 ਮਾਡਲ ਪੋਲਿੰਗ ਬੂਥ ਸਥਾਪਿਤ ਕੀਤੇ ਜਾਣਗੇ

## ਪਿੰਕ ਬੂਥ ਅਤੇ ਦਿਵਿਆਂਗ ਬੂਥਾਂ ਦੀ ਤਰਜ਼ ਤੇ ਪਹਿਲੀ ਵਾਰ 'ਯੂਥ ਮੈਨੇਜਡ ਬੂਥ' (ਨੌਜਵਾਨ ਸਟਾਫ਼ ਵੱਲੋਂ ਸੰਚਾਲਿਤ ਬੂਥ) ਬਣਾਏ ਜਾਣਗੇ: ਡੀ ਸੀ ਆਸ਼ਿਕਾ ਜੈਨ

**ਮੁਹਾਲੀ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਆਉਣ ਵਾਲੀਆਂ ਲੋਕ ਸਭਾ ਚੋਣਾਂ-2024 ਵਿੱਚ ਨੌਜਵਾਨਾਂ ਖਾਸ ਕਰਕੇ ਪਹਿਲੀ ਵਾਰ ਵੋਟ ਪਾਉਣ ਵਾਲੇ ਵੋਟਰਾਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਲਈ ਇੱਕ ਨਵੀਂ ਪਹਿਲਕਦਮੀ ਕਰਦੇ ਹੋਏ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਵਿੱਚ ਤਿੰਨ ਨੌਜਵਾਨ ਸਟਾਫ਼ ਦੁਆਰਾ ਸੰਚਾਲਿਤ ਪੋਲਿੰਗ ਬੂਥ ਬਣਾਏ ਜਾਣਗੇ, ਜੋ ਚੋਣਾਂ ਦੇ ਇਤਿਹਾਸ ਵਿੱਚ ਆਪਣੀ ਕਿਸਮ ਦੀ ਮਿਸਾਲ ਹੋਵੇਗੀ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ੍ਰੀਮਤੀ ਆਸ਼ਿਕਾ ਜੈਨ ਨੇ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਪਹਿਲੀ ਵਾਰ ਬਣੇ ਵੋਟਰਾਂ ਅਤੇ ਨੌਜਵਾਨ ਵੋਟਰਾਂ ਨੂੰ ਹੁਲਾਰਾ ਦੇਣ ਲਈ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਹਰੇਕ ਵਿਧਾਨ ਸਭਾ ਹਲਕੇ ਵਿੱਚ ਪੋਲਿੰਗ ਪ੍ਰਕਿਰਿਆ ਦਾ ਪ੍ਰਬੰਧਨ ਕਰਨ ਲਈ ਸਭ ਤੋਂ ਘੱਟ ਉਮਰ ਦੇ ਸਟਾਫ ਦੀ ਤਾਇਨਾਤੀ ਦੇ ਨਾਲ ਇੱਕ-ਇੱਕ ਪੋਲਿੰਗ ਬੂਥ ਸਥਾਪਿਤ ਕੀਤਾ ਜਾਵੇਗਾ। ਜ਼ਿਲ੍ਹਾ ਪ੍ਰਸ਼ਾਸਨ ਨੇ ਇਨ੍ਹਾਂ ਬੂਥਾਂ ਦੀ ਪਛਾਣ 52-ਖਰੜ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ ਸ਼ਿੰਗਾਰੀਵਾਲਾ (ਬੂਥ ਨੰਬਰ 9), ਮਿਲੇਨੀਅਮ ਸਕੂਲ, ਫੇਜ਼-5, ਮੁਹਾਲੀ (ਬੂਥ ਨੰ. 158) 53-ਐਸ ਏ ਐਸ ਨਗਰ ਵਿੱਚ ਅਤੇ ਏ.ਟੀ.ਐਸ. ਵੈਲੀ ਸਕੂਲ ਡੇਰਾਬੱਸੀ (ਬੂਥ ਨੰ: 167) 112-ਡੇਰਾਬੱਸੀ ਵਜੋਂ ਕੀਤੀ ਹੈ।



ਇਸ ਤੋਂ ਇਲਾਵਾ ਜ਼ਿਲ੍ਹੇ ਵਿੱਚ ਸ਼ੈਮਰੌਕ ਵੰਡਰਜ਼ ਸਕੂਲ, ਜਮੁਨਾ ਅਪਾਰਟਮੈਂਟ ਖਾਨਪੁਰ, ਖਰੜ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਫੇਜ਼ 3ਬੀ1, ਮੁਹਾਲੀ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਡੇਰਾਬੱਸੀ ਵਿਖੇ ਮਹਿਲਾ ਸਟਾਫ ਦੁਆਰਾ ਪ੍ਰਬੰਧਿਤ ਤਿੰਨ ਪਿੰਕ ਬੂਥ ਵੀ ਹੋਣਗੇ। ਉਨ੍ਹਾਂ ਕਿਹਾ ਕਿ ਅਜਿਹੇ ਪੋਲਿੰਗ ਬੂਥਾਂ ਵਿੱਚ ਪੋਲਿੰਗ ਸਟਾਫ਼, ਪੁਲਿਸ ਅਤੇ ਸੁਰੱਖਿਆ ਕਰਮਚਾਰੀਆਂ ਸਮੇਤ ਸਮੁੱਚਾ ਸਟਾਫ਼ ਔਰਤਾਂ ਦਾ ਹੀ ਹੋਵੇਗਾ। ਇਨ੍ਹਾਂ ਪੋਲਿੰਗ ਬੂਥਾਂ ਨੂੰ ਉਨ੍ਹਾਂ ਦੇ ਗੁਲਾਬੀ ਡਿਜ਼ਾਈਨ ਦੁਆਰਾ ਵੱਖਰਾ ਕੀਤਾ ਜਾਵੇਗਾ, ਜਿਸ ਵਿੱਚ ਗੁਲਾਬੀ ਸਜਾਵਟੀ ਸਮੱਗਰੀ ਅਤੇ ਟੇਬਲ ਕਵਰ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਸ ਨਾਲ ਮਹਿਲਾ ਪੋਲਿੰਗ ਸਟਾਫ਼ ਦਾ ਆਤਮ ਵਿਸ਼ਵਾਸ ਵੀ ਵਧੇਗਾ ਜਿਸ ਨਾਲ ਉਨ੍ਹਾਂ ਨੂੰ ਆਪਣੀ ਡਿਊਟੀ ਹੋਰ ਤਨਦੇਹੀ ਅਤੇ ਕੁਸ਼ਲਤਾ ਨਾਲ ਨਿਭਾਉਣ ਲਈ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਇਸ ਤੋਂ ਇਲਾਵਾ ਮਹਿਲਾ ਵੋਟਰਾਂ ਨੂੰ ਵੱਡੀ ਗਿਣਤੀ ਵਿੱਚ ਵੋਟਿੰਗ ਪ੍ਰਕਿਰਿਆ ਵਿੱਚ ਭਾਗ ਲੈਣ ਦਾ ਸੁਨੇਹਾ ਵੀ ਮਿਲੇਗਾ।

ਦਿਵਿਆਂਗ (ਪੀ ਡਬਲਿਊ ਡੀ) ਵੋਟਰਾਂ ਦੀ ਭਾਗੀਦਾਰੀ ਨੂੰ ਹੁਲਾਰਾ ਦੇਣ ਲਈ ਜ਼ਿਲ੍ਹੇ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ ਦੁਸਹਿਰਾ ਗਰਾਊਂਡ ਖਰੜ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਸੋਹਾਣਾ (ਮੁਹਾਲੀ) ਅਤੇ ਡੇਰਾਬੱਸੀ ਵਿੱਚ ਭਾਰਤੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਤਿੰਨ ਦਿਵਿਆਂਗ ਪੋਲਿੰਗ ਬੂਥ ਵੀ ਬਣਾਏ ਜਾਣਗੇ, ਜਿਨ੍ਹਾਂ ਦਾ ਪ੍ਰਬੰਧਨ ਦਿਵਿਆਂਗ ਸਟਾਫ਼ ਵੱਲੋਂ ਕੀਤਾ ਜਾਵੇਗਾ। ਸ਼੍ਰੀਮਤੀ ਜੈਨ ਨੇ ਇਹ ਵੀ ਖੁਲਾਸਾ ਕੀਤਾ ਕਿ ਉਪਰੋਕਤ ਵੱਖ-ਵੱਖ ਬੂਥਾਂ ਤੋਂ ਇਲਾਵਾ 01 ਜੂਨ, 2024 ਨੂੰ ਮਤਦਾਨ ਵਾਲੇ ਦਿਨ ਜ਼ਿਲ੍ਹੇ ਵਿੱਚ ਵੋਟਰਾਂ ਦਾ ਖਰੜ ਵਿੱਚ 09, ਐਸ.ਏ.ਐਸ. ਨਗਰ ਵਿੱਚ 07 ਅਤੇ ਡੇਰਾਬੱਸੀ ਵਿੱਚ 06 ਬੂਥਾਂ ਸਮੇਤ 22 ਹੋਰ ਮਾਡਲ ਪੋਲਿੰਗ ਬੂਥਾਂ ਦਾ ਰੈੱਡ ਕਾਰਪੇਟ ਵਿਛਾ ਕੇ ਸਵਾਗਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਉਪਰੋਕਤ ਸਾਰੇ ਅਤੇ ਮਾਡਲ ਪੋਲਿੰਗ ਬੂਥਾਂ ਨੂੰ ਪੂਰੀ ਤਰਾਂ ਸਜਾਇਆ ਜਾਵੇਗਾ ਅਤੇ ਰੰਗੋਲੀ, ਕਤਾਰਾਂ ਦਾ ਪ੍ਰਬੰਧ, ਪੀਣ ਵਾਲੇ ਪਾਣੀ ਦੀਆਂ ਮੁੱਢਲੀਆਂ ਸਹੂਲਤਾਂ, ਮੈਡੀਕਲ ਸਹਾਇਤਾ, ਪਖਾਨੇ, ਸਹਾਇਤਾ ਲਈ ਵਾਲੰਟੀਅਰ ਅਤੇ ਕਰੈਚ ਆਦਿ ਦਾ ਪ੍ਰਬੰਧ ਕੀਤਾ ਜਾਵੇਗਾ। ਮਾਡਲ ਪੋਲਿੰਗ ਬੂਥਾਂ ਚ ਸੈਂਚੁਰੀ ਪਬਲਿਕ ਸਕੂਲ ਕਰੋੜਾਂ, ਹਿਮਾਲਿਆ ਪਬਲਿਕ ਸਕੂਲ ਕਰੋੜਾਂ, ਮੁੰਨਾ ਲਾਲ ਪੁਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁੱਲਾਂਪੁਰ ਗਰੀਬਦਾਸ, ਸਰਕਾਰੀ ਹਾਈ ਸਕੂਲ ਦੇਸੂ ਮਾਜਰਾ, ਚਕਵਾਲ ਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਕੁਰਾਲੀ, ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਕੁਰਾਲੀ, ਹੈਂਡਰਸਨ ਜੁਬਲੀ ਸੀਨੀਅਰ ਸੈਕੰਡਰੀ ਸਕੂਲ ਖਰੜ, ਖਾਲਸਾ ਸੀਨੀਅਰ ਸੈਕੰਡਰੀ ਸਕੂਲ ਖਰੜ ਵਿਖੇ ਅਤੇ ਟੈਗੋਰ ਨਿਕੇਤਨ ਹਾਈ ਸਕੂਲ ਖਰੜ ਦੀ ਮਾਡਲ ਪੋਲਿੰਗ ਬੂਥਾਂ ਦੀ ਪਛਾਣ ਕੀਤੀ ਗਈ ਹੈ। ਐਸਏਐਸ ਨਗਰ ਵਿੱਚ ਵਿੱਚ ਸਰਕਾਰੀ ਹਾਈ ਸਕੂਲ ਸਨੇਟਾ, ਸ਼ਾਸਤਰੀ ਮਾਡਲ ਸਕੂਲ ਫੇਜ਼-1, ਐਸ.ਏ.ਐਸ.ਨਗਰ, ਗਿਆਨ ਜੋਤੀ ਪਬਲਿਕ ਸਕੂਲ, ਫੇਜ਼-2, ਐਸ.ਏ.ਐਸ.ਨਗਰ, ਸ਼ੇਰਵੁੱਡ ਕਾਨਵੈਂਟ ਪਬਲਿਕ ਸਕੂਲ, ਫੇਜ਼-4, ਮੁਹਾਲੀ, ਮਾਨਵ ਮੰਗਲ ਸਮਾਰਟ ਸਕੂਲ, ਫੇਜ਼-10, ਮੁਹਾਲੀ, ਸਰ ਮੈਕਲੋਗ ਪਬਲਿਕ ਸਕੂਲ, ਫੇਜ਼-11, ਐਸ.ਏ.ਐਸ. ਨਗਰ, ਸ਼ਿਸ਼ੂ ਨਿਕੇਤਨ ਪਬਲਿਕ ਸਕੂਲ, ਸੈਕਟਰ-66, ਐਸ.ਏ.ਐਸ ਨਗਰ ਮਾਡਲ ਪੋਲਿੰਗ ਬੂਥ ਵਜੋਂ ਸ਼ਨਾਖ਼ਤ ਕੀਤੇ ਗਏ ਹਨ। ਡੇਰਾਬੱਸੀ ਵਿੱਚ ਦੀਕਸ਼ਾਂਤ ਗਲੋਬਲ ਸਕੂਲ, ਵੀਆਈਪੀ ਰੋਡ, ਜ਼ੀਰਕਪੁਰ, ਸਰਕਾਰੀ ਐਲੀਮੈਂਟਰੀ ਸਕੂਲ ਪੀਰ ਮੁਛੱਲਾ, ਸਰਵਹਿਤਕਾਰੀ ਸੀਨੀਅਰ ਸੈਕੰਡਰੀ ਵਿਦਿਆ ਮੰਦਰ ਸਕੂਲ ਡੇਰਾਬੱਸੀ, ਮਿਨਰਵਾ ਡਿਵਾਈਨ ਪਬਲਿਕ ਸਕੂਲ ਜ਼ੀਰਕਪੁਰ, ਸਰਕਾਰੀ ਹਾਈ ਸਕੂਲ ਬਲਟਾਣਾ ਅਤੇ ਐੱਸਐੱਸ ਜੈਨ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਡੇਰਾਬੱਸੀ ਸ਼ਾਮਲ ਹਨ।

# ਖੇਤੀਬਾੜੀ ਵਿਭਾਗ ਵੱਲੋਂ ਫਸਲਾਂ ਸੰਬੰਧੀ ਕਿਸਾਨ ਸਿਖਲਾਈ ਕੈਂਪ ਲਗਾਇਆ

**ਗੋਨੇਆਣਾ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਖੇਤੀਬਾੜੀ ਅਫਸਰ ਬਠਿੰਡਾ ਡਾ ਕਰਨਜੀਤ ਸਿੰਘ ਗਿੱਲ ਦੀ ਰਹਿਨੁਮਾਈ ਹੇਠ ਖੇਤੀਬਾੜੀ ਵਿਭਾਗ ਵਲੋਂ ਨਰਮੇ ਦੀ ਫਸਲ ਕਾਮਯਾਬ ਕਰਨ ਲਈ ਅਤੇ ਸਾਉਣੀ ਦੀਆਂ ਫ਼ਸਲਾਂ ਸੰਬੰਧੀ ਪਿੰਡ ਪੱਧਰੀ ਕਿਸਾਨ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਇਸ ਲੜੀ ਤਹਿਤ ਪਿੰਡ ਜੀਦਾ ਵਿਖੇ ਡਾ ਬਲਜਿੰਦਰ ਸਿੰਘ ਬਲਾਕ ਖੇਤੀਬਾੜੀ ਅਫ਼ਸਰ ਬਠਿੰਡਾ ਦੀ ਯੋਗ ਅਗਵਾਈ ਹੇਠ ਕੈਂਪ ਲਗਾਇਆ ਗਿਆ, ਜਿਸ ਵਿੱਚ ਵਿੱਚ ਡਾ ਅਮਨਦੀਪ ਕੌਰ (ਖੇਤੀਬਾੜੀ ਵਿਕਾਸ ਅਫ਼ਸਰ) ਨੇ ਨਰਮੇ ਦੀ ਫ਼ਸਲ ਵਿੱਚ ਗੁਲਾਬੀ ਸੁੰਡੀ ਦੇ ਹਮਲੇ ਦੀ ਰੋਕਥਾਮ ਸਬੰਧੀ ਵਿਸਥਾਰ ਨਾਲ ਦੱਸਿਆ । ਉਹਨਾਂ ਨੇ ਦੱਸਿਆ ਕੇ ਨਰਮੇ ਦੀਆਂ ਪੁਰਾਣੀਆਂ ਛਿਟੀਆਂ ਨੂੰ ਖੇਤਾਂ ਦੇ ਕਿਨਾਰੇ ਨਹੀਂ ਰੱਖਣਾ ਚਾਹੀਦਾ ਤੇ ਛਿਟੀਆਂ ਝਾੜ ਕੇ ਸਿੱਧੀਆਂ ਖੜ੍ਹੀਆਂ ਕਰਕੇ ਰੱਖਣੀਆਂ ਚਾਹੀਦੀਆਂ ਹਨ ਅਤੇ ਇਨਾਂ ਦੀ ਰਹਿੰਦ ਖੂਹੰਦ ਨੂੰ ਅੱਗ ਲਗਾ ਦਿੱਤੀ ਜਾਵੇ। ਇਸ ਦੇ ਨਾਲ ਹੀ ਨਰਮੇ ਦੀ ਅਗੇਤੀ ਬਿਜਾਈ ਨਾ ਕੀਤੀ ਜਾਵੇ ਤਾਂ ਜੋ ਗੁਲਾਬੀ ਸੁੰਡੀ ਦੇ ਹਮਲੇ ਨੂੰ ਰੋਕਿਆ ਜਾ ਸਕੇ। ਡਾ ਜਸਵਿੰਦਰ ਕੁਮਾਰ (ਖੇਤੀਬਾੜੀ ਵਿਕਾਸ ਅਫਸਰ) ਨੇ ਦੱਸਿਆ ਕਿ ਮਜੂਦਾ ਪਿਛੇਤੀ ਕਣਕ ਦੀ ਫ਼ਸਲ ਵਿੱਚ ਚੇਪੇ ਦੀ ਰੋਕਥਾਮ ਲਈ ਕੀਟਨਾਸ਼ਕ ਦਵਾਈ ਦਾ ਛਿੜਕਾਅ ਸਰਵੇਖਣ ਕਰਨ ਤੋਂ ਬਾਅਦ ਹੀ ਕੀਤਾ ਜਾਵੇ ਤਾਂ ਜੋ ਘੱਟ ਖਰਚੇ ਨਾਲ ਜ਼ਹਿਰ ਮੁਕਤ ਉਪਜ ਪੈਦਾ ਕੀਤੀ ਜਾ ਸਕੇ।

ਉਹਨਾਂ ਨੇ ਕਿਸਾਨਾਂ ਨੂੰ ਕਣਕ ਦਾ ਬੀਜ ਆਪਣੇ ਪੱਧਰ ਉਪਰ ਆਪਣੇ ਖੇਤ ਵਿੱਚ ਹੀ ਤਿਆਰ ਕਰਨ ਲਈ ਪ੍ਰੇਰਤ ਕੀਤਾ ਤਾਂ ਜੋ ਕਿਸਾਨਾਂ ਨੂੰ ਮਹਿੰਗੇ ਭਾਅ ਦਾ ਬੀਜ ਬਜ਼ਾਰ ਵਿੱਚੋ ਨਾ ਖਰੀਦਣਾ ਪਵੇ। ਡਾ ਸਰਬਜੀਤ ਸਿੰਘ (ਖੇਤੀਬਾੜੀ ਵਿਕਾਸ ਅਫਸਰ) ਨੇ ਝੋਨੇ ਦੀ ਸਿੱਧੀ ਬਿਜਾਈ ਸਬੰਧੀ ਵਿਸਥਾਰ ਨਾਲ ਦੱਸਿਆ ਤਾਂ ਜੋ ਧਰਤੀ ਦੇ ਡੂੰਘੇ ਹੋ ਰਹੇ ਪਾਣੀ ਨੂੰ ਬਚਾਇਆ ਜਾ ਸਕੇ।

ਡਾ ਮੁਖ਼ਤਿਆਰ ਸਿੰਘ (ਖ਼ੇਤੀਬਾੜੀ ਅਫ਼ਸਰ), ਵੱਲੋਂ ਬੇਲੋੜੇ ਖੇਤੀ ਖਰਚੇ ਘਟਾਉਣ, ਜ਼ਹਿਰਾ ਦੀ ਘੱਟ ਵਰਤੋ ਕਰਨ, ਫਸਲਾਂ ਦੇ ਸਰਵੇਖਣ ਅਤੇ ਘਰੇਲੂ ਬਗੀਚੀ ਬਾਰੇ ਜਾਣਕਾਰੀ ਦਿੱਤੀ। ਡਾ ਬਲਜਿੰਦਰ ਸਿੰਘ (ਖੇਤੀਬਾੜੀ ਅਫਸਰ) ਵਲੋਂ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਮਾੜੇ ਪ੍ਰਭਾਵਾਂ ਬਾਰੇ ਦੱਸਦੇ ਹੋਏ ਕਣਕ ਦੇ ਨਾੜ ਨੂੰ ਅੱਗ ਨਾ ਲਗਾਉਣ ਦੀ ਅਪੀਲ ਕੀਤੀ ਅਤੇ ਇਸ ਨੂੰ ਖੇਤ ਵਿੱਚ ਵਹਾਈ ਲਈ ਪ੍ਰੇਰਿਤ ਕੀਤਾ। ਮੁੱਖ ਖੇਤੀਬਾੜੀ ਅਫਸਰ ਡਾ ਕਰਨਜੀਤ ਸਿੰਘ ਗਿੱਲ ਜੀ ਨੇ ਕਿਸਾਨ ਵੀਰਾਂ ਨੂੰ ਖੇਤੀ ਸਾਹਿਤ ਅਤੇ ਖੇਤੀਬਾੜੀ ਵਿਭਾਗ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਅਤੇ ਆਉਂਦੇ ਸਮੇਂ ਵਿੱਚ ਝੋਨੇ ਹੇਠਾਂ ਰਕਬਾ ਘਟਾ ਕੇ ਨਰਮਾ ਤੇ ਸਾਉਣੀ ਰੁੱਤ ਦੀ ਮੱਕੀ ਦੀ ਬਿਜਾਈ ਕਰਨ ਲਈ ਪ੍ਰੇਰਿਤ ਕੀਤਾ। ਇਸ ਕੈਂਪ ਵਿੱਚ ਸ਼੍ਰੀ ਗੁਰਮੀਤ ਸਿੰਘ (ਖੇਤੀਬਾੜੀ ਉੱਪ ਨਿਰੀਖਕ) ਅਤੇ ਪਿੰਡ ਦੇ ਸਾਰੇ ਅਗਾਂਹਵਧੂ ਕਿਸਾਨ ਹਾਜਰ ਰਹੇ।

# ਭਗਵੰਤ ਮਾਨ '13-0' ਦੇ ਮਿਸ਼ਨ ਮੋਡ ਵਿੱਚ: ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ ਦਾ ਲੈ ਰਹੇ ਜ਼ਮੀਨੀ ਫੀਡਬੈਕ, ਬਣਾ ਰਹੇ ਰਣਨੀਤੀ

- ➢ ਆਪ ਦੀ ਰਵਾਇਤੀ ਸੀਟ ਸੰਗਰੂਰ ਲਈ ਤਿਆਰੀਆਂ ਨੂੰ ਲੈਕੇ ਮੁੱਖ ਮੰਤਰੀ ਮਾਨ ਨੇ ਸੰਗਰੂਰ ਦੇ ਸਾਰੇ ਵਿਧਾਇਕਾਂ ਨਾਲ ਕੀਤੀ ਮੀਟਿੰਗ
- ➢ ਸੀਐਮ ਮਾਨ ਨੇ ਸੰਗਰੂਰ ਲਈ ਚੋਣ ਪ੍ਰਚਾਰ ਰਣਨੀਤੀ ਬਾਰੇ ਕੀਤੀ ਚਰਚਾ, ਵਿਧਾਇਕਾਂ ਨੂੰ ਸਕਾਰਾਤਮਕ ਏਜੰਡੇ ਲੋਕਾਂ ਤੱਕ ਪਹੁੰਚਾਉਣ ਲਈ ਕਿਹਾ

**ਮੁਹਾਲੀ, 8 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਭਗਵੰਤ ਮਾਨ ਲੋਕ ਸਭਾ ਚੋਣਾਂ ਨੂੰ ਲੈਕੇ ਰਣਨੀਤਕ ਮੋਡ ਵਿੱਚ ਹਨ ਕਿਉਂਕਿ 'ਆਪ' ਦੀ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਤਿਹਾਸਕ ਜਿੱਤ ਅਤੇ ਪਿਛਲੇ ਦੋ ਸਾਲਾਂ ਦੀ ਪੰਜਾਬ ਵਿੱਚ ਕਾਰਗੁਜ਼ਾਰੀ ਦੇ ਅਧਾਰ 'ਤੇ ਪੰਜਾਬ ਦੀਆਂ ਸਾਰੀਆਂ 13 ਸੀਟਾਂ 'ਤੇ ਨਜ਼ਰ ਹੈ। ਪਾਰਟੀ ਆਪਣੀ ਰਵਾਇਤੀ ਲੋਕ ਸਭਾ ਸੀਟ ਸੰਗਰੂਰ ਲਈ ਜ਼ੋਰਦਾਰ ਤਿਆਰੀ ਕਰ ਰਹੀ ਹੈ। ਬੁੱਧਵਾਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਸੰਗਰੂਰ ਦੇ ਸਾਰੇ ਵਿਧਾਇਕਾਂ ਨਾਲ ਮੀਟਿੰਗ ਕੀਤੀ। ਮਾਨ ਨੇ ਉਨ੍ਹਾਂ ਨੂੰ ਇੱਕ ਸਕਾਰਾਤਮਕ ਮੁਹਿੰਮ ਚਲਾਉਣ ਲਈ ਕਿਹਾ ਜਿੱਥੇ 'ਆਪ' ਆਗੂ ਲੋਕਾਂ ਵਿੱਚ ਜਾਣਗੇ ਅਤੇ ਉਨ੍ਹਾਂ ਨੂੰ 'ਆਪ' ਸਰਕਾਰ ਦੇ ਪਿਛਲੇ ਦੋ ਸਾਲਾਂ ਦੇ ਕੰਮਾਂ ਅਤੇ ਪ੍ਰਾਪਤੀਆਂ ਤੋਂ ਜਾਣੂ ਕਰਵਾਉਣਗੇ।

ਭਗਵੰਤ ਮਾਨ 2014 ਅਤੇ 2019 ਵਿੱਚ ਦੋ ਵਾਰ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਚੁਣੇ ਗਏ, ਫਿਰ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਉਹ ਧੂਰੀ (ਸੰਗਰੂਰ) ਤੋਂ ਜਿੱਤ ਕੇ ਪੰਜਾਬ ਦੇ ਮੁੱਖ ਮੰਤਰੀ ਬਣੇ। ਸੰਗਰੂਰ ਲੋਕ ਸਭਾ ਸੀਟ ਦੇ ਸਾਰੇ ਨੌਂ ਵਿਧਾਇਕ ਆਮ ਆਦਮੀ ਪਾਰਟੀ ਦੇ ਹਨ। ਮੀਤ ਹੇਅਰ ਨੂੰ ਵੀ ਭਰੋਸਾ ਹੈ ਕਿ ਪਾਰਟੀ ਇੱਕ ਵਾਰ ਫਿਰ ਸੰਗਰੂਰ ਵਿੱਚ ਵੱਡੀ ਜਿੱਤ ਦਰਜ ਕਰੇਗੀ।

ਇਸ ਮੀਟਿੰਗ 'ਚ ਸੰਗਰੂਰ ਤੋਂ 'ਆਪ' ਦੇ ਸੰਸਦ ਮੈਂਬਰ ਤੇ ਬਰਨਾਲਾ ਤੋਂ ਵਿਧਾਇਕ ਗੁਰਮੀਤ ਸਿੰਘ ਮੀਤ ਹੇਅਰ, ਪੰਜਾਬ ਦੇ ਵਿੱਤ ਮੰਤਰੀ ਤੇ ਦਿੜ੍ਹਬਾ ਦੇ ਵਿਧਾਇਕ ਹਰਪਾਲ ਸਿੰਘ ਚੀਮਾ, ਮੰਤਰੀ ਤੇ ਸੁਨਾਮ ਤੋਂ ਵਿਧਾਇਕ ਅਮਨ ਅਰੋੜਾ, ਹਲਕਾ ਲਹਿਰਾਗਾਗਾ ਦੇ ਵਿਧਾਇਕ ਬਰਿੰਦਰ ਕੁਮਾਰ ਗੋਇਲ, ਹਲਕਾ ਭਦੌੜ ਦੇ ਵਿਧਾਇਕ ਲਾਭ ਸਿੰਘ ਉਗੋਕੇ, ਮਹਿਲ ਕਲਾਂ ਦੇ ਵਿਧਾਇਕ ਡਾ. ਕੁਲਵੰਤ ਪੰਡੋਰੀ, ਮਾਲੇਰਕੋਟਲਾ ਦੇ ਵਿਧਾਇਕ ਮੁਹੰਮਦ ਜਮੀਲ ਉਰ ਰਹਿਮਾਨ ਅਤੇ ਸੰਗਰੂਰ ਤੋਂ ਵਿਧਾਇਕ ਨਰਿੰਦਰ ਕੌਰ ਭਰਾਜ ਸ਼ਾਮਲ ਸਨ।

ਮੀਟਿੰਗ ਵਿੱਚ ਸੀਐਮ ਮਾਨ ਨੇ ਸੰਗਰੂਰ ਲੋਕ ਸਭਾ ਹਲਕੇ ਲਈ ਵਿਧਾਇਕਾਂ ਨਾਲ ਚੋਣ ਰਣਨੀਤੀ ਬਾਰੇ ਚਰਚਾ ਕੀਤੀ। ਮਾਨ ਨੇ ਵਿਧਾਇਕਾਂ ਨੂੰ ਕਿਹਾ ਕਿ ਉਹ ਸੰਗਰੂਰ ਵਿੱਚ ਪਾਰਟੀ ਦੇ ਸਮੂਹ ਅਹੁਦੇਦਾਰਾਂ ਨਾਲ ਮੀਟਿੰਗਾਂ ਕਰਨ ਅਤੇ ਹਰ ਪਿੰਡ ਵਿੱਚ ਵੀ ਮੀਟਿੰਗਾਂ ਕਰਨ। ਉਨ੍ਹਾਂ ਕਿਹਾ ਕਿ ਲੋਕਾਂ ਕੋਲ ਜਾ ਕੇ ਪੰਜਾਬ ਦੀ ਸਰਕਾਰ ਵਜੋਂ ਪਿਛਲੇ ਦੋ ਸਾਲਾਂ ਦੌਰਾਨ ਲਏ ਗਏ ਸਾਰੇ ਪੰਜਾਬ ਪੱਖੀ ਅਤੇ ਲੋਕ ਪੱਖੀ ਫੈਸਲਿਆਂ ਬਾਰੇ ਗੱਲ ਕਰੋ ਅਤੇ ਨਾਲ ਹੀ ਲੋਕਾਂ ਨਾਲ ਉਨ੍ਹਾਂ ਦੇ ਮੁੱਦਿਆਂ ਬਾਰੇ ਵੀ ਗੱਲ ਕਰੋ, ਜਿਨ੍ਹਾਂ ਨੂੰ ਉਹ ਸੰਸਦ ਵਿੱਚ ਹੱਲ ਕਰਾਉਣਾ ਚਾਹੁੰਦੇ ਹਨ।

ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੀਤ ਹੇਅਰ ਨੇ ਕਿਹਾ ਕਿ ਸੀਐਮ ਮਾਨ ਨੇ ਸਾਨੂੰ ਪਿਛਲੇ ਦੋ ਸਾਲਾਂ ਵਿੱਚ ਕੀਤੇ ਸਾਰੇ ਕੰਮਾਂ ਨੂੰ ਲੈ ਕੇ ਲੋਕਾਂ ਵਿੱਚ ਜਾਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਅਤੇ ਕਾਂਗਰਸ ਦੇ 20 ਸਾਲਾਂ ਦੇ ਕੰਮ 'ਆਪ' ਸਰਕਾਰ ਦੀਆਂ ਦੋ ਸਾਲਾਂ ਦੀਆਂ ਪ੍ਰਾਪਤੀਆਂ ਦੇ ਨੇੜੇ-ਤੇੜੇ ਵੀ ਨਹੀਂ ਪਹੁੰਚੇ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ 43,000 ਸਰਕਾਰੀ ਨੌਕਰੀਆਂ ਦਿੱਤੀਆਂ, ਉਹ ਵੀ ਮੈਰਿਟ ਦੇ ਆਧਾਰ 'ਤੇ ਅਤੇ 13,000 ਕੱਚੇ ਅਧਿਆਪਕਾਂ ਨੂੰ ਰੈਗੂਲਰ ਕੀਤਾ। ਅਸੀਂ ਆਪਣੀ ਸਰਕਾਰ ਬਣਨ ਤੋਂ ਬਾਅਦ 600 ਯੂਨਿਟ ਮੁਫਤ ਬਿਜਲੀ ਦੇ ਰਹੇ ਹਾਂ। ਪੰਜਾਬ ਦੇ 90% ਤੋਂ ਵੱਧ ਘਰਾਂ ਨੂੰ ਜ਼ੀਰੋ ਬਿਜਲੀ ਦਾ ਬਿੱਲ ਆ ਰਿਹਾ ਹੈ। ਅਸੀਂ ਕਿਸਾਨਾਂ ਅਤੇ ਉਦਯੋਗਾਂ ਨੂੰ ਲੋੜੀਂਦੀ ਬਿਜਲੀ ਦੇ ਰਹੇ ਹਾਂ। ਅਸੀਂ ਰਾਜ ਦੇ ਮਾਲੀਏ ਵਿੱਚ ਵਾਧਾ ਕੀਤਾ ਹੈ। ਇਕੱਲੇ ਆਬਕਾਰੀ ਵਿਚ ਅਸੀਂ ਇਕ ਸਾਲ ਵਿਚ ਮਾਲੀਆ 6,000 ਕਰੋੜ ਤੋਂ ਵਧਾ ਕੇ 10,000 ਕਰੋੜ ਕਰ ਦਿੱਤਾ ਹੈ।

ਮੀਤ ਹੇਅਰ ਨੇ ਅੱਗੇ ਕਿਹਾ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਚੰਗੀ ਕਾਰਗੁਜ਼ਾਰੀ ਦਾ ਇਨਾਮ ਦੇਣ ਲਈ ਤਿਆਰ ਹਨ। ਸੰਗਰੂਰ ਦੇ ਨਾਲ-ਨਾਲ ਪੂਰੇ ਪੰਜਾਬ ਦੇ ਲੋਕ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦੇ ਨਾਲ ਹਨ। ਸਾਡਾ ਕਿਸੇ ਨਾਲ ਕੋਈ ਨਿੱਜੀ ਝਗੜਾ ਨਹੀਂ ਹੈ, ਸਾਡੀ ਲੜਾਈ ਲੋਕਾਂ ਦੇ ਮੁੱਦਿਆਂ 'ਤੇ ਅਧਾਰਤ ਹੈ। ਅਸੀਂ ਸਿੱਖਿਆ, ਸਿਹਤ ਅਤੇ ਖੇਡਾਂ ਦੇ ਖੇਤਰ ਵਿੱਚ ਆਪਣਾ ਕੰਮ ਕਰ ਰਹੇ ਹਾਂ। ਮੁੱਖ ਮੰਤਰੀ ਨੇ ਸਾਨੂੰ ਆਪਣਾ ਸਕਾਰਾਤਮਕ ਏਜੰਡਾ ਲੋਕਾਂ ਤੱਕ ਪਹੁੰਚਾਉਣ ਅਤੇ ਕਿਸੇ ਬਾਰੇ ਵੀ ਨਕਾਰਾਤਮਕ ਗੱਲ ਨਾ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਅਸੀਂ ਆਪਣਾ ਕੰਮ ਇਮਾਨਦਾਰੀ ਨਾਲ ਕਰ ਰਹੇ ਹਾਂ ਅਤੇ 95 ਫੀਸਦੀ ਪੰਜਾਬੀਆਂ ਨੂੰ ਸਾਡੇ ਫੈਸਲਿਆਂ ਦਾ ਲਾਭ ਮਿਲ ਰਿਹਾ ਹੈ।

ਮੀਤ ਹੇਅਰ ਨੇ ਅੱਗੇ ਕਿਹਾ ਕਿ ਅਸੀਂ ਮਹਿਸੂਸ ਕਰਦੇ ਹਾਂ ਕਿ ਸਾਨੂੰ ਪ੍ਰਚਾਰ ਕਰਨ ਦੀ ਵੀ ਲੋੜ ਨਹੀਂ ਹੈ, ਲੋਕ ਸਾਡੇ ਲਈ ਖੁਦ ਪ੍ਰਚਾਰ ਕਰ ਰਹੇ ਹਨ, ਦੇਸ਼ ਦਾ ਹਰ ਬੱਚਾ ਜਾਣਦਾ ਹੈ ਕਿ ਅਰਵਿੰਦ ਕੇਜਰੀਵਾਲ ਭ੍ਰਿਸ਼ਟਾਚਾਰ ਅਤੇ ਤਾਨਾਸ਼ਾਹੀ ਵਿਰੁੱਧ ਕਿਵੇਂ ਲੜ ਰਹੇ ਹਨ। ਭਾਜਪਾ ਬੇਨਕਾਬ ਹੋ ਰਹੀ ਹੈ ਅਤੇ ਹਰ ਕੋਈ ਉਨ੍ਹਾਂ ਦੀ ਗੰਦੀ ਰਾਜਨੀਤੀ ਤੋਂ ਜਾਣੂ ਹੈ। ਉਨ੍ਹਾਂ ਕਿਹਾ ਕਿ ਇਹ ਸਾਡੇ ਲੋਕਤੰਤਰ ਦਾ ਪਹਿਲਾ ਕਾਲਾ ਦੌਰ ਨਹੀਂ ਹੈ। ਲੋਕਾਂ ਨੇ ਪਹਿਲਾਂ ਵੀ ਤਾਨਾਸ਼ਾਹ ਸਿਆਸਤਦਾਨਾਂ ਵਿਰੁੱਧ ਲੜਾਈ ਲੜੀ ਹੈ ਅਤੇ ਉਨ੍ਹਾਂ ਨੂੰ ਹਰਾਇਆ ਹੈ। ਇਸ ਵਾਰ ਵੀ ਲੋਕਤੰਤਰ ਅਤੇ ਸੰਵਿਧਾਨ ਨੂੰ ਬਚਾਉਣ ਲਈ ਜਨਤਾ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰੇਗੀ।ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਹਰਪਾਲ ਚੀਮਾ ਨੇ ਕਿਹਾ ਕਿ ਅਸੀਂ ਕੰਮ ਦੀ ਰਾਜਨੀਤੀ ਕਰਦੇ ਹਾਂ। ਇਸ ਲਈ ਇਸ ਲੋਕ ਸਭਾ ਚੋਣ ਵਿਚ ਅਸੀਂ ਪੰਜਾਬ ਦੇ ਲੋਕਾਂ ਨੂੰ ਸਾਡੇ ਕੰਮ ਦੇ ਆਧਾਰ 'ਤੇ ਸਾਨੂੰ ਵੋਟ ਪਾਉਣ ਲਈ ਕਹਾਂਗੇ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਪੰਜਾਬ ਦੀਆਂ ਪੰਜ ਵੱਡੀਆਂ ਚੋਣ ਗਾਰੰਟੀਆਂ ਵਿੱਚੋਂ ਚਾਰ ਨੂੰ ਪੂਰਾ ਕੀਤਾ ਹੈ, ਜਦੋਂ ਕਿ ਅਗਲੀਆਂ ਚੋਣਾਂ ਨੇੜੇ ਆਉਣ ਤੱਕ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਕੰਮ ਵੀ ਸ਼ੁਰੂ ਨਹੀਂ ਕਰਦੀਆਂ। ਇੱਕ ਸਵਾਲ ਦੇ ਜਵਾਬ ਵਿੱਚ ਚੀਮਾ ਨੇ ਕਿਹਾ ਕਿ ਪੰਜਾਬ ਦੇ ਲੋਕ ਭਲੀ-ਭਾਂਤ ਜਾਣਦੇ ਹਨ ਕਿ ਭਾਜਪਾ ਸਾਡੇ ਸੂਬੇ ਨਾਲ ਜੋ ਵਿਤਕਰਾ ਕਰਦੀ ਹੈ, ਉਹ ਸਾਡੇ ਫੰਡ ਜਾਰੀ ਕਰਨ ਤੋਂ ਇਨਕਾਰ ਕਰ ਰਹੀ ਹੈ ਅਤੇ ਕਿਸਾਨ ਵਿਰੋਧੀ ਬਿੱਲ ਲਿਆਂਦੀ ਜਾ ਰਹੀ ਹੈ। ਉਹ 750 ਤੋਂ ਵੱਧ ਕਿਸਾਨਾਂ ਦੀ ਮੌਤ ਲਈ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਹਰ ਪੰਜਾਬੀ ਨੂੰ ਯਾਦ ਹੈ ਕਿ ਜਦੋਂ ਸਾਡੇ ਕਿਸਾਨ ਕੇਂਦਰ ਤੋਂ ਆਪਣੇ ਹੱਕ ਮੰਗਣ ਗਏ ਸਨ ਤਾਂ ਉਨ੍ਹਾਂ ਨਾਲ ਕੀ ਸਲੂਕ ਹੋਇਆ ਸੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਭਾਜਪਾ ਨੂੰ ਕਦੇ ਵੀ ਵੋਟ ਨਹੀਂ ਪਾਉਣਗੇ।

# ਭਾਰਤੀ ਚੋਣ ਕਮਿਸ਼ਨ ਵੱਲੋਂ ਸਮੂਹ ਅਧਿਕਾਰੀਆਂ ਨੂੰ ਲੋਕ ਸਭਾ ਚੋਣਾਂ ਦੌਰਾਨ ਸ਼ਰਾਬ, ਨਕਦੀ ਅਤੇ ਨਸ਼ਿਆਂ ਦੀ ਗੈਰ-ਕਾਨੂੰਨੀ ਤਸਕਰੀ ਖਿਲਾਫ਼ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼

**ਚੰਡੀਗੜ੍ਹ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**




ਭਾਰਤੀ ਚੋਣ ਕਮਿਸ਼ਨ ਦੀ ਟੀਮ ਨੇ ਬੁੱਧਵਾਰ ਨੂੰ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ, ਪੁਲਿਸ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਕਪਤਾਨਾਂ (ਐਸਐਸਪੀਜ਼) ਨੂੰ ਲੋਕ ਸਭਾ ਚੋਣਾਂ-2024 ਦੌਰਾਨ ਸੂਬੇ ਵਿੱਚ ਨਸ਼ੇ, ਨਕਦੀ ਅਤੇ ਸ਼ਰਾਬ ਦੀ ਤਸਕਰੀ ਨੂੰ ਰੋਕਣ ਲਈ ਨਿਗਰਾਨੀ ਵਧਾਉਣ ਦੇ ਨਿਰਦੇਸ਼ ਦਿੱਤੇ ਹਨ।

ਇੱਥੇ ਉੱਪ ਚੋਣ ਕਮਿਸ਼ਨਰ ਹਿਰਦੇਸ਼ ਕੁਮਾਰ ਦੀ ਅਗਵਾਈ ਵਿੱਚ ਹੋਈ ਮੀਟਿੰਗ ਦੌਰਾਨ ਚੋਣ ਕਮਿਸ਼ਨ ਦੀ ਟੀਮ ਨੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਲੋਕ ਸਭਾ ਚੋਣਾਂ-2024 ਵਿੱਚ ਵੋਟ ਪ੍ਰਤੀਸ਼ਤਤਾ ਵਧਾਉਣ ਲਈ ਸਾਰੇ ਪੋਲਿੰਗ ਸਟੇਸ਼ਨਾਂ 'ਤੇ ਸਾਰੇ ਲੋੜੀਂਦੇ ਪ੍ਰਬੰਧ ਕਰਨ।

ਚੋਣ ਕਮਿਸ਼ਨ ਦੀ ਟੀਮ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਵੋਟਿੰਗ ਦੌਰਾਨ ਸੁਰੱਖਿਆ ਡਿਊਟੀ 'ਤੇ ਬਾਹਰੋਂ ਆਉਣ ਵਾਲੇ ਕੇਂਦਰੀ ਬਲਾਂ ਦੇ ਜਵਾਨਾਂ ਦੇ ਰਹਿਣ ਲਈ ਵੀ ਪੁਖਤਾ ਪ੍ਰਬੰਧ ਯਕੀਨੀ ਬਣਾਉਣ ਲਈ ਕਿਹਾ।

ਇਸ ਦੌਰਾਨ ਸਾਰੇ ਜ਼ਿਲ੍ਹਿਆਂ ਦੇ ਪੁਲਿਸ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਕਪਤਾਨਾਂ ਤੋਂ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਤੋਂ ਬਾਅਦ ਸ਼ਰਾਬ ਅਤੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਸਬੰਧੀ ਵਿਸਤ੍ਰਿਤ ਜਾਣਕਾਰੀ ਲਈ ਗਈ। ਇਸ ਤੋਂ ਇਲਾਵਾ ਵੱਖ-ਵੱਖ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਤੋਂ ਵੋਟਰਾਂ ਦੀ ਗਿਣਤੀ ਵਧਾਉਣ, ਵੈਬਕਾਸਟਿੰਗ ਦੇ ਪ੍ਰਬੰਧਾਂ ਅਤੇ ਪੋਲਿੰਗ ਸਟੇਸ਼ਨਾਂ 'ਤੇ ਸਾਰੀਆਂ ਤਿਆਰੀਆਂ ਕਰਨ ਲਈ ਚੁੱਕੇ ਗਏ ਕਦਮਾਂ ਬਾਰੇ ਵੀ ਜਾਣਕਾਰੀ ਹਾਸਲ ਕੀਤੀ ਗਈ। ਇਸ ਦੇ ਨਾਲ ਹੀ ਚੋਣ ਕਮਿਸ਼ਨ ਦੀ ਟੀਮ ਨੇ ਸਾਰੇ ਡੀਸੀਜ਼, ਸੀਪੀਜ਼ ਅਤੇ ਐਸਐਸਪੀਜ਼ ਨਾਲ ਚੋਣ ਪ੍ਰਕਿਰਿਆ ਨਾਲ ਸਬੰਧਤ ਮਹੱਤਵਪੂਰਨ ਸੁਝਾਅ ਅਤੇ ਜਾਣਕਾਰੀ ਵੀ ਸਾਂਝੀ ਕੀਤੀ।

ਇਸ ਮੌਕੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਕਮਿਸ਼ਨ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਵਿੱਚ ਲੋਕ ਸਭਾ ਚੋਣਾਂ ਬਿਨਾਂ ਕਿਸੇ ਦਬਾਅ, ਨਿਰਪੱਖ ਅਤੇ ਆਜ਼ਾਦ ਤਰੀਕੇ ਨਾਲ ਕਰਵਾਈਆਂ ਜਾਣਗੀਆਂ। ਮੁੱਖ ਚੋਣ ਅਧਿਕਾਰੀ ਨੇ ਚੋਣ ਕਮਿਸ਼ਨ ਦੀ ਟੀਮ ਨੂੰ ਇਹ ਵੀ ਯਕੀਨ ਦਿਵਾਇਆ ਕਿ ਸਾਰੇ ਅਧਿਕਾਰੀਆਂ ਨੂੰ ਆਦਰਸ਼ ਚੋਣ ਜ਼ਾਬਤੇ ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਅਤੇ ਪੰਜਾਬ ਵਿੱਚ ਨਸ਼ਿਆਂ ਦੇ ਨਾਲ-ਨਾਲ ਸ਼ਰਾਬ ਦੀ ਗੈਰ-ਕਾਨੂੰਨੀ ਤਸਕਰੀ ਨੂੰ ਰੋਕਣ ਲਈ ਹਰ ਸੰਭਵ ਕਦਮ ਚੁੱਕੇ ਜਾ ਰਹੇ ਹਨ। ਸਿਬਿਨ ਸੀ ਨੇ ਕਿਹਾ ਕਿ ਇਸ ਵਾਰ ਵੱਧ ਤੋਂ ਵੱਧ ਵੋਟਰਾਂ ਨੂੰ ਵੋਟਿੰਗ ਲਈ ਆਕਰਸ਼ਿਤ ਕਰਨ ਵਾਸਤੇ ਸੂਬੇ ਦੇ ਸੱਭਿਆਚਾਰ ਨੂੰ ਦਰਸਾਉਂਦੇ ਥੀਮ ਆਧਾਰਿਤ ਮਾਡਲ ਪੋਲਿੰਗ ਸਟੇਸ਼ਨਾਂ ਦੀ ਗਿਣਤੀ ਵਧਾਉਣ ਅਤੇ ਵੋਟਿੰਗ ਦੇ ਸਮੁੱਚੇ ਤਜ਼ਰਬੇ ਨੂੰ ਤਸੱਲੀਬਖਸ਼ ਅਤੇ ਅਨੰਦਦਾਇਕ ਬਣਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਚੋਣ ਕਮਿਸ਼ਨ ਦੀ ਟੀਮ ਨੇ ਸੂਬੇ ਵੱਲੋਂ ਕੀਤੇ ਜਾ ਰਹੇ ਇਸ ਉਪਰਾਲੇ ਦੀ ਸ਼ਲਾਘਾ ਵੀ ਕੀਤੀ। ਮੁੱਖ ਚੋਣ ਅਧਿਕਾਰੀ ਨੇ ਅੱਗੇ ਕਿਹਾ ਕਿ ਹਰੇਕ ਪੋਲਿੰਗ ਸਟੇਸ਼ਨ 'ਤੇ ਪੀਣ ਵਾਲੇ ਪਾਣੀ, ਲੋੜੀਂਦੇ ਫਰਨੀਚਰ, ਉਚਿਤ ਰੋਸ਼ਨੀ, ਦਿਸ਼ਾ ਸੂਚਕ, ਹੈਲਪ ਡੈਸਕ ਅਤੇ ਪਖਾਨਿਆਂ ਸਮੇਤ ਹੋਰ ਸਹੂਲਤਾਂ ਨੂੰ ਵਧਾਉਣ ਲਈ ਪਹਿਲਾਂ ਹੀ ਜ਼ਿਲ੍ਹਾ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ ਜਾ ਚੁੱਕੇ ਹਨ।

ਇਸ ਦੌਰਾਨ ਚੋਣ ਕਮਿਸ਼ਨ ਦੀ ਟੀਮ ਅਤੇ ਮੁੱਖ ਚੋਣ ਅਧਿਕਾਰੀ ਵੱਲੋਂ ਡੀਸੀ ਮਾਲੇਰਕੋਟਲਾ ਦੀ ਇੱਕ ਵਿਲੱਖਣ ਪਹਿਲਕਦਮੀ ਤਹਿਤ ਚੋਣਾਂ ਨਾਲ ਸਬੰਧਤ ਜਾਣਕਾਰੀ ਪ੍ਰਦਾਨ ਕਰਨ ਵਾਸਤੇ 'ਬੂਥ ਰਾਬਤਾ' ਨਾਮਕ ਇੱਕ ਵਿਸ਼ੇਸ਼ ਐਪਲੀਕੇਸ਼ਨ ਤਿਆਰ ਕਰਨ ਲਈ ਸ਼ਲਾਘਾ ਕੀਤੀ ਗਈ, ਜਿਸ ਵਿੱਚ ਨਜ਼ਦੀਕੀ ਪੁਲਿਸ ਸਟੇਸ਼ਨ, ਹਸਪਤਾਲ, ਐਂਬੂਲੈਂਸ ਸੇਵਾ, ਸਕੂਲ ਦੇ ਪ੍ਰਿੰਸੀਪਲਾਂ/ਬਿਲਡਿੰਗ ਇੰਚਾਰਜ ਨਾਲ ਸੰਪਰਕ, ਅਪਾਹਜ ਵਿਅਕਤੀਆਂ ਨੂੰ ਵੋਟਿੰਗ ਲਈ ਸਹਾਇਤਾ ਪ੍ਰਦਾਨ ਕਰਨਾ ਅਤੇ ਆਪਣੇ ਬੀ.ਐਲ.ਓ. ਨੂੰ ਜਾਣਨਾ ਸ਼ਾਮਲ ਹੈ। ਚੋਣ ਕਮਿਸ਼ਨ ਦੀ ਟੀਮ ਨੇ 70% ਤੋਂ ਵੱਧ ਵੋਟਾਂ ਦੇ ਟੀਚੇ ਨੂੰ ਪੂਰਾ ਕਰਨ ਲਈ ਵੋਟਰਾਂ ਦੀ ਗਿਣਤੀ ਵਧਾਉਣ ਵਾਸਤੇ ਟਰਨਆਊਟ ਇੰਪਲੀਮੈਨਟੇਸ਼ਨ ਪਲਾਨ ਸਮੇਤ ਤਿੰਨ ਕਿਤਾਬਾਂ, ਸੂਬਾ ਅਤੇ ਜ਼ਿਲ੍ਹਾ ਪ੍ਰੋਫਾਈਲ ਦੇ ਨਾਲ ਵੋਟਿੰਗ ਦੀ ਤਿਆਰੀ ਬਾਰੇ ਹੈਂਡਬੁੱਕ ਅਤੇ ਚੋਣਾਂ ਵਿੱਚ ਕਾਨੂੰਨੀ ਵਿਵਸਥਾਵਾਂ ਬਾਰੇ ਬੁੱਕਲੈਟ ਵੀ ਰਿਲੀਜ਼ ਕੀਤੀ।

# 26 ਮਾਰਕੀਟ ਕਮੇਟੀਆਂ ਭੰਗ ਕਰਨ ਦੀਆਂ ਖਬਰਾਂ ਬੇਬੁਨਿਆਦ, ਆਪਣੇ ਸਿਆਸੀ ਹਿੱਤਾਂ ਲਈ ਵਿਰੋਧੀ ਆਗੂ ਕਿਸਾਨਾਂ ਨੂੰ ਗੁੰਮਰਾਹ ਕਰ ਰਹੇ ਹਨ: ਹਰਚੰਦ ਸਿੰਘ ਬਰਸਟ

**ਮੁਹਾਲੀ, 28 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਨੇ ਮੀਡੀਆ ਵਿੱਚ 26 ਮਾਰਕੀਟਿੰਗ ਕਮੇਟੀਆਂ ਨੂੰ ਭੰਗ ਕਰਕੇ ਇਨ੍ਹਾਂ ਦਾ ਪ੍ਰਬੰਧ ਪ੍ਰਾਈਵੇਟ ਸਾਇਲੋਜ ਨੂੰ ਸੌਂਪਣ ਦੀ ਖਬਰ ਨੂੰ ਝੂਠੀ ਦਸਦਿਆਂ ਇਸ ਦਾ ਖੰਡਨ ਕੀਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਕੋਈ ਵੀ ਮਾਰਕੀਟ ਕਮੇਟੀ ਭੰਗ ਨਹੀਂ ਕੀਤੀ ਹੈ ਅਤੇ ਨਾ ਹੀ ਭੰਗ ਕਰਨ ਦੀ ਕੋਈ ਯੋਜਨਾ ਹੈ।

ਬਰਸਟ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪ੍ਰਾਈਵੇਟ ਸਾਇਲੋਜ ਨੂੰ ਮੰਡੀ ਯਾਰਡਾਂ ਵਿੱਚ ਤਬਦੀਲ ਕਰਨ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਹੈ। ਇਹ ਫੈਸਲਾ ਕਿਸਾਨਾਂ ਦੀਆਂ ਮੰਗਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਵੱਲੋਂ 2013 ਵਿੱਚ ਸਾਇਲੋਜਾਂ ਨੂੰ ਮੰਡੀ ਯਾਰਡ ਬਣਾਉਣ ਦਾ ਫੈਸਲਾ ਲਿਆ ਗਿਆ ਸੀ ਅਤੇ ਉਦੋਂ ਤੋਂ ਹੀ ਉਹ ਸਾਇਲੋਜ ਨੂੰ ਖਰੀਦ ਕੇਂਦਰਾਂ ਵਿੱਚ ਤਬਦੀਲ ਕਰ ਰਹੇ ਸਨ ਪਰ ਇਸ ਸਾਲ ਮੁੱਖ ਮੰਤਰੀ ਮਾਨ ਨੇ ਇਸ ਫੈਸਲੇ ਨੂੰ ਡੀ-ਨੋਟੀਫਾਈ ਕਰ ਦਿੱਤਾ ਹੈ।

ਮੰਡੀ ਬੋਰਡ ਦੇ ਚੇਅਰਮੈਨ ਨੇ ਕਿਹਾ ਕਿ ਜਿਥੋਂ ਤੱਕ ਖਰੀਦ ਕੇਂਦਰਾਂ ਦੀ ਗਿਣਤੀ ਦਾ ਸਬੰਧ ਹੈ, ਕਿਸਾਨਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਹਰ ਸਾਲ ਨਵੇਂ ਖਰੀਦ ਕੇਂਦਰ ਸਥਾਪਿਤ ਕੀਤੇ ਜਾਂਦੇ ਹਨ। ਹੁਣ ਤੱਕ ਪੰਜਾਬ ਵਿੱਚ ਕੁੱਲ 1907 ਖਰੀਦ ਕੇਂਦਰ ਹਨ। ਇਸ ਵਾਰ 47 ਨਵੇਂ ਕੇਂਦਰ ਜੋੜੇ ਗਏ ਹਨ। ਕਿਸਾਨਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਹਰ ਸਾਲ ਮੰਡੀਆਂ ਦੀ ਗਿਣਤੀ ਵਧਾਈ ਜਾਂਦੀ ਹੈ। ਪਿਛਲੇ ਸਾਲ 1860 ਖਰੀਦ ਕੇਂਦਰ ਸਨ ਅਤੇ ਇਸ ਸਾਲ ਇਹ ਗਿਣਤੀ 1907 ਹੈ। ਪਿਛਲੇ ਸਾਲ ਨਾਲੋਂ ਇਸ ਵਾਰ 47 ਖਰੀਦ ਕੇਂਦਰ ਵੱਧ ਹਨ।

ਉਨ੍ਹਾਂ ਦੱਸਿਆ ਕਿ 2013 ਵਿੱਚ 3 ਸਾਈਲੋਜ, 2014 ਵਿੱਚ 1 ਸਾਈਲੋਜ, 2015 ਵਿੱਚ 4 ਸਾਇਲੋਦ, 2017 ਵਿੱਚ 1 ਸਾਇਲੋਜ, 2018 ਵਿੱਚ 4 ਸਾਇਲੋਜ, 2018 ਵਿੱਚ 4 ਸਾਈਲੋਜ, 2019 ਵਿੱਚ 1 ਸਾਈਲੋਜ, 2021 ਵਿੱਚ 1 ਸਾਇਲੋਜ, 2023 ਵਿੱਚ 10 ਸਾਇਲੋਜ ਨੂੰ ਖਰੀਦ ਕੇਂਦਰ ਐਲਾਨਿਆ ਗਿਆ ਸੀ। ਸਾਲ 2024 ਵਿੱਚ 12 ਸਾਈਲੋਜ ਵੀ ਖਰੀਦ ਕੇਂਦਰ ਐਲਾਨੇ ਗਏ ਸਨ ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਸੇ ਵੀ ਪ੍ਰਾਈਵੇਟ ਸਾਇਲੋਜ ਨੂੰ ਖਰੀਦ ਕੇਂਦਰ ਵਿੱਚ ਨਾ ਬਦਲਣ ਦਾ ਫੈਸਲਾ ਕੀਤਾ ਹੈ।

ਬਰਸਟ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਵਿੱਚ ਆਗਾਮੀ ਖਰੀਦ ਸੀਜ਼ਨ ਲਈ ਪੁਖਤਾ ਪ੍ਰਬੰਧ ਕੀਤੇ ਜਾ ਰਹੇ ਹਨ। ਕਿਸਾਨਾਂ, ਮਜ਼ਦੂਰਾਂ, ਕਾਰੀਗਰਾਂ ਅਤੇ ਵਪਾਰੀਆਂ ਨੂੰ ਪ੍ਰਬੰਧ ਕਰਨ ਵੇਲੇ ਸਭ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਮੰਡੀਆਂ ਦੀ ਸਫ਼ਾਈ, ਪੀਣ ਵਾਲਾ ਪਾਣੀ, ਬਿਜਲੀ, ਬੈਠਣ ਲਈ ਛਾਂ ਦਾਰ ਥਾਂ ਆਦਿ ਸਭ ਮੰਡੀਆਂ ਵਿੱਚ ਮੁਹੱਈਆ ਕਰਵਾਇਆ ਗਿਆ ਹੈ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਮੰਡੀਆਂ ਭੰਗ ਹੋਣ ਦੀ ਕਿਸੇ ਵੀ ਖ਼ਬਰ ਨੂੰ ਨਕਾਰਦਿਆਂ ਭਰੋਸਾ ਦਿੱਤਾ ਹੈ ਕਿ ਪੰਜਾਬ ਸਰਕਾਰ ਅਤੇ ਮੰਡੀ ਬੋਰਡ ਕਿਸਾਨਾਂ, ਮਜ਼ਦੂਰਾਂ, ਆੜ੍ਹਤੀਆਂ ਅਤੇ ਵਪਾਰੀਆਂ ਦੀ ਸਹੂਲਤ ਅਨੁਸਾਰ ਕੰਮ ਕਰਦਾ ਹੈ ਅਤੇ ਕਰਦਾ ਰਹੇਗਾ।

ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨਿੱਜੀ ਸਾਇਲੋਜ ਨੂੰ ਮੰਡੀ ਵਿੱਚ ਤਬਦੀਲ ਕਰਨ 'ਤੇ ਰੋਕ ਲਗਾ ਦਿੱਤੀ ਹੈ, ਇਸ ਦੀ ਸ਼ੁਰੂਆਤ ਅਕਾਲੀ-ਭਾਜਪਾ ਨੇ 2013 ਵਿੱਚ ਕੀਤੀ ਸੀ ਅਤੇ ਫਿਰ ਕਾਂਗਰਸ ਨੇ ਵੀ ਅਜਿਹਾ ਕੀਤਾ। ਉਨ੍ਹਾਂ ਨੇ ਹਰਸਿਮਰਤ ਕੌਰ ਬਾਦਲ ਨੂੰ ਘੇਰਿਆ ਅਤੇ ਕਿਹਾ ਜਦੋਂ ਸੂਬੇ ਵਿੱਚ ਉਨ੍ਹਾਂ ਦੀ ਸਰਕਾਰ ਸੀ ਤਾਂ ਉਨਾਂ ਨੇ ਕਦੇ ਵਿਰੋਧ ਨਹੀ ਕੀਤਾ। ਕਾਂਗਰਸ ਦੇ ਰਾਜ ਦੌਰਾਨ ਵੀ ਉਹ ਚੁੱਪ ਰਹੀ। ਅਕਾਲੀ-ਭਾਜਪਾ ਸਰਕਾਰ ਵੇਲੇ 6 ਪ੍ਰਾਈਵੇਟ ਸਾਇਲੋਜ ਨੂੰ ਨਿੱਜੀ ਮੰਡੀਆਂ ਵਿੱਚ ਤਬਦੀਲ ਕਰ ਦਿੱਤਾ ਗਿਆ। ਪਰ ਹਰਸਿਮਰਤ ਕੌਰ ਬਾਦਲ ਜੀ ਦੇ ਮੂੰਹੋਂ ਇੱਕ ਵੀ ਸ਼ਬਦ ਨਹੀਂ ਨਿਕਲਿਆ। ਉਹ ਚੁੱਪ ਰਹੀ ਕਿਉਂਕਿ ਅਕਾਲੀ-ਭਾਜਪਾ ਅਤੇ ਕਾਂਗਰਸ ਸਾਰੇ ਇੱਕੋ ਜਿਹੇ ਹਨ ਅਤੇ ਸਾਰੇ ਕਾਰਪੋਰੇਟ ਘਰਾਣਿਆਂ ਨਾਲ ਜੁੜੇ ਹੋਏ ਹਨ। ਕੰਗ ਨੇ ਪ੍ਰਤਾਪ ਸਿੰਘ ਬਾਜਵਾ ਨੂੰ ਵੀ ਘੇਰਦੀਆਂ ਕਿਹਾ ਉਨ੍ਹਾਂ ਦੀ ਸਰਕਾਰ ਦੌਰਾਨ ਅੱਠ ਪ੍ਰਾਈਵੇਟ ਸਾਇਲੋਜਾਂ ਨੂੰ ਨਿੱਜੀ ਮੰਡੀਆਂ ਵਿੱਚ ਤਬਦੀਲ ਕਰ ਦਿੱਤਾ ਗਿਆ।ਸਾਇਲੋਜ ਨੂੰ ਨਿੱਜੀ ਮੰਡੀਆਂ ਦਾ ਰੂਪ ਦਿੱਤਾ ਗਿਆ, ਫਿਰ ਡੀ-ਨੋਟੀਫਾਈ ਕਿਉਂ ਨਹੀਂ ਕੀਤਾ ਗਿਆ? ਅੱਜ ਕਿਸਾਨਾਂ ਦੇ ਦਰਦ ਨੂੰ ਸਮਝਣ ਵਾਲੇ ਭਗਵੰਤ ਸਿੰਘ ਮਾਨ ਨੇ ਇਸ ਨੂੰ ਡੀ-ਨੋਟੀਫਾਈ ਕਰ ਦਿੱਤਾ। ਉਨ੍ਹਾਂ ਕਿਸਾਨ ਆਗੂਆਂ ਤੇ ਕਿਸਾਨਾਂ ਨੂੰ ਬੇਨਤੀ ਕੀਤੀ ਕਿ ਉਹ ਇਸ ਸਬੰਧੀ ਇਨ੍ਹਾਂ ਆਗੂਆਂ ਤੋਂ ਪੁੱਛਗਿੱਛ ਕਰਨ। ਉਨ੍ਹਾਂ ਕਿਹਾ ਕਿ ਇਹ ਕਿਸੇ ਲਈ ਹੈਰਾਨੀ ਵਾਲੀ ਗੱਲ ਨਹੀਂ ਕਿਉਂਕਿ ਸਾਰੀਆਂ ਰਵਾਇਤੀ ਸਿਆਸੀ ਪਾਰਟੀਆਂ ਕਿਸਾਨ ਵਿਰੋਧੀ ਹਨ। ਉਹਨਾਂ ਨੇ ਕਦੇ ਵੀ ਕਿਸਾਨਾਂ ਦੇ ਹਿੱਤ ਵਿੱਚ ਕੋਈ ਫੈਸਲਾ ਨਹੀਂ ਲਿਆ ਕਿਉਂਕਿ ਉਹਨਾਂ ਦੇ ਆਪਣੇ ਹਿੱਤ ਹੀ ਵੱਡੇ ਸਨ।

ਮੀਡੀਆ ਨੂੰ ਸੰਬੋਧਨ ਕਰਦਿਆਂ ਉਨ੍ਹਾਂ 'ਆਪ' ਦੇ ਸੀਨੀਅਰ ਆਗੂ ਸੰਜੇ ਸਿੰਘ ਦੀ ਜ਼ਮਾਨਤ ਦੀ ਖ਼ਬਰ 'ਤੇ ਖੁਸ਼ੀ ਦਾ ਪ੍ਰਗਟਾਵਾ ਵੀ ਕੀਤਾ। ਕੰਗ ਨੇ ਕਿਹਾ ਕਿ ਪੰਜਾਬ ਦੇ ਅਕਾਲੀ ਅਤੇ ਕਾਂਗਰਸੀ ਆਗੂਆਂ ਦੇ ਉਲਟ ਸੰਜੇ ਸਿੰਘ ਨੇ ਅਸਲ ਵਿੱਚ ਕਿਸਾਨ ਵਿਰੋਧੀ ਬਿੱਲਾਂ ਦਾ ਬੜੇ ਜੋਸ਼ ਨਾਲ ਵਿਰੋਧ ਕੀਤਾ ਸੀ। ਉਨਾਂ ਅੱਗੇ ਕਿਹਾ ਕਿ ਈਡੀ ਕੋਲ ਉਨਾਂ ਜਾਂ ਕਿਸੇ ਹੋਰ 'ਆਪ' ਨੇਤਾ ਵਿਰੁੱਧ ਕੋਈ ਸਬੂਤ ਨਹੀਂ ਹੈ ਕਿਉਂਕਿ ਕੋਈ ਘੁਟਾਲਾ ਨਹੀਂ ਹੋਇਆ।

ਇਹ ਸਿਰਫ਼ ਸਾਨੂੰ ਰੋਕਣ ਦੀ ਸਾਜ਼ਿਸ਼ ਹੈ ਪਰ ਉਹ ਅਜਿਹਾ ਨਹੀਂ ਕਰ ਸਕਣਗੇ ਕਿਉਂਕਿ ਸੱਚਾਈ ਦੀ ਹਮੇਸ਼ਾ ਜਿੱਤ ਹੁੰਦੀ ਹੈ।

# ਪਟਿਆਲਾ ਤਾਈਕਵਾਡੋਂ ਦਾ ਕਲੰਡਰ ਡੀਜੀਪੀ ਅਰਪਿਤ ਸ਼ੁਕਲਾ ਵੱਲੋਂ ਰਿਲੀਜ



ਤਾਈਕਵਾਡੋਂ ਕੈਲੰਡਰ ਰਿਲੀਜ ਕਰਦੇ ਹੋਏ ਅਰਪਿਤ ਸ਼ੁਕਲਾ ਡੀਜੀਪੀ ਸਤਿੰਦਰ ਸਿੰਘ ਐਸਐਸਪੀ, ਕੋਚ ਸਤਵਿੰਦਰ ਸਿੰਘ ਪਟਿਆਲਾ ਅਤੇ ਹੋਰ ।

**ਚੰਡੀਗੜ੍ਹ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਅਰਪਿਤ ਸ਼ੁਕਲਾ ਡੀਜੀਪੀ ਪੰਜਾਬ, ਪ੍ਰਧਾਨ ਪੰਜਾਬ ਤਾਈਕਵਾਡੋਂ ਐਸੋਸੀਏਸ਼ਨ ਅਤੇ ਸਤਿੰਦਰ ਸਿੰਘ ਐਸਐਸਪੀ ਅੰਮ੍ਰਿਤਸਰ ਜਰਨਲ ਸਕੱਤਰ ਪੰਜਾਬ ਤਾਈਕਵਾਡੋਂ ਐਸੋਸੀਏਸ਼ਨ ਵੱਲੋਂ ਪਟਿਆਲਵੀ ਕੋਚ ਸਤਵਿੰਦਰ ਸਿੰਘ ਦੀਆਂ ਉਪਲਬਧੀਆਂ ਨੂੰ ਦਰਸਾਉਂਦਾ ਤਾਈਕਵਾਡੋਂ ਕੈਲੰਡਰ ਗੋਲਫ ਕਲੱਬ ਪੀਏਪੀ ਜਲੰਧਰ ਵਿਖੇ ਰਿਲੀਜ਼ ਕੀਤਾ ਗਿਆ ।

ਉਹਨਾ ਕਿਹਾ ਕਿ ਸਮੁੱਚੇ ਤੌਰ ਤੇ ਤਾਈਕਵਾਡੋਂ ਖੇਡ ਨੂੰ ਨੈਸ਼ਨਲ ਅਤੇ ਇੰਟਰਨੈਸ਼ਨਲ ਪੱਧਰ ਤੇ ਉੱਚਾ ਚੁੱਕਣ ਲਈ ਅਤੇ ਪੰਜਾਬ ਤਾਇਕਵਾਡੋਂ ਦਾ ਮਾਣ ਵਧਾਉਣ ਲਈ ਕੋਚ ਸਤਵਿੰਦਰ ਸਿੰਘ ਦਾ ਵਿਸ਼ੇਸ਼ ਸਹਿਯੋਗ ਹੈ ।

ਇਸ ਮੌਕੇ ਵੱਖ ਵੱਖ ਜਿਲੇ ਦੇ ਇੰਚਾਰਜ ਸਾਹਿਬਾਨ ਵੀ ਮੌਜੂਦ ਸਨ । ਜਿਨ੍ਹਾਂ ਵਿਚ ਐਸਪੀ ਸ਼ੁਕਲਾ ਕੈਸ਼ੀਅਰ, ਰਵਿੰਦਰ ਮਾਨ ਬਠਿੰਡਾ, ਸ਼ਿਵ ਕੁਮਾਰ ਮਹਾਰਾਜਾ ਰਣਜੀਤ ਸਿੰਘ ਅਵਾਰਡੀ, ਨਿਖਿਲ ਹੰਸ ਪ੍ਰੈਸ ਸਕੱਤਰ ਹਰਮੀਤ ਸਿੰਘ ਆਫਿਸ ਸੈਕਟਰੀ ਅਸ਼ਵਨੀ ਕੁਮਾਰ ਪੁਨਿਆਤਨ ਦੇਵ ਕੋਹਲੀ ਜਲੰਧਰ, ਕਰਨ ਕੁਮਾਰ ਲੁਧਿਆਣਾ, ਰਾਜਕੁਮਾਰ ਵਰਮਾ ਪੁਨੀਤ ਕੁਮਾਰ ਪਟਿਆਲਾ, ਸੁਰਿੰਦਰ ਪਾਲ ਸਿੰਘ ਇੰਚਾਰਜ ਪਵਨਦੀਪ ਸਿੰਘ ਫਤਿਹਗੜ੍ਹ ਸਾਹਿਬ, ਸਾਹੂ ਅੰਮ੍ਰਿਤਸਰ ਰਮਨਦੀਪ ਸਿੰਘ ਤਰਨਤਾਰਨ, ਤਜਿੰਦਰ ਸਿੰਘ ਮਾਨਸਾ, ਅਵਤਾਰ ਸਿੰਘ ਫਿਰੋਜ਼ਪੁਰ, ਅਸ਼ਵਨੀ ਕੁਮਾਰ ਫਰੀਦਕੋਟ ਰਮਨ ਮੌਹਾਲੀ ਮੌਜੂਦ ਰਹੇ।

# ਭਾਵਿਪ ਵਲੋਂ ਹਵਨ ਯੱਗ ਤੇ ਲੋੜਵੰਦਾਂ ਨੂੰ ਰਾਸ਼ਣ ਸਮੱਗਰੀ ਵੰਡੀ



ਭਾਵਿਪ ਅਹੁਦੇਦਾਰ ਹਵਨ ਯੱਗ ਕਰਾਉਂਦੇ ਤੇ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਦੇ ਹੋਏ।

**ਜਲਾਲਾਬਾਦ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੀ ਪ੍ਰਮੁੱਖ ਸਮਾਜ ਸੇਵੀ ਸੰਸਥਾ ਭਾਰਤ ਵਿਕਾਸ ਪ੍ਰੀਸ਼ਦ ਜਲਾਲਾਬਾਦ (ਪੱ) ਵੱਲੋਂ ਸ਼੍ਰੀ ਰਾਮ ਸ਼ਰਨਮ ਨਗਰ ਵਿਖੇ ਸ਼੍ਰੀ ਵਿਸ਼ਵੇਸ਼ਵਰ ਮਹਾਦੇਵ ਮੰਦਿਰ ਵਿੱਚ ਸ਼੍ਰੀ ਰੋਸ਼ਨ ਲਾਲ ਅਸੀਜਾ ਬਰਾਂਚ ਪ੍ਰਧਾਨ ਦੀ ਪ੍ਰਧਾਨਗੀ ਹੇਠ ਹਵਨਯੱਗ ਕਰਵਾਇਆ ਗਿਆ ਅਤੇ 9 ਜਰੂਰਤ ਮੰਦ ਪ੍ਰਵਾਰਾਂ ਨੂੰ ਰਾਸ਼ਨ ਸਮਗਰੀ ਵੰਡ ਕੇ ਸਾਲ 2024-25 ਦੀ ਸ਼ੁਰੂਆਤ ਕੀਤੀ ਗਈ। ਇਸ ਵਿਸ਼ੇਸ਼ ਸਮਾਗਮ ਦੇ ਮੁੱਖ ਮਹਿਮਾਨ ਸ਼੍ਰੀ ਵਿਕਟਰ ਛਾਬੜਾ ਪ੍ਰਧਾਨ ਪੰਜਾਬ ਸਾਊਥ ਅਤੇ ਜ਼ਿਲਾ ਪ੍ਰਧਾਨ ਸ਼੍ਰੀ ਦਵਿੰਦਰ ਕੁੱਕੜ ਸ਼ਾਮਿਲ ਹੋਏ।

ਇਸ ਮੌਕੇ ਸ਼੍ਰੀ ਵਿਕਟਰ ਛਾਬੜਾ ਨੇ ਜਿੱਥੇ ਸ਼ੁੱਭ ਸ਼ੁਰੂਆਤ ਦੇ ਮੌਕੇ ਸਮਾਗਮ ਦੀ ਸ਼ਾਲਾਘਾ ਕੀਤੀ, ਉੱਥੇ ਹੀ ਪ੍ਰਧਾਨ ਰੋਸ਼ਨ ਲਾਲ ਅਸੀਜਾ, ਸਕੱਤਰ ਗੁਰਮੀਤ ਮਦਾਨ ਲਾਡੀ ਅਤੇ ਖਜਾਨਚੀ ਸੁਰੇਸ਼ ਗਾਬਾ ਜੀ ਨੂੰ ਵਧਾਈ ਵੀ ਦਿੱਤੀ ਅਤੇ ਇਹ ਉਮੀਦ ਵੀ ਕੀਤੀ ਕਿ ਪਿਛਲੇ ਸਾਲਾਂ ਦੀ ਤਰ੍ਹਾਂ ਹੀ ਇਸ ਸਾਲ ਵੀ ਵੱਧ ਤੋ ਵੱਧ ਸਮਾਜ ਭਲਾਈ ਦੇ ਕਾਰਜ ਕਰਵਾਏ ਜਾਣਗੇ।

ਇਸ ਮੌਕੇ ਬਰਾਂਚ ਪ੍ਰਧਾਨ ਰੋਸ਼ਨ ਲਾਲ ਅਸੀਜਾ ਵੱਲੋਂ ਇਹ ਵਿਸ਼ਵਾਸ ਦਿਵਾਇਆ ਗਿਆ ਕਿ ਵੱਧ ਤੋਂ ਵੱਧ ਸਮਾਜ ਭਲਾਈ ਦੇ ਕਾਰਜ ਕੀਤੇ ਜਾਣਗੇ। ਇਸ ਸਮੇਂ ਜ਼ਿਲਾ ਪ੍ਰਧਾਨ ਦਵਿੰਦਰ ਕੁੱਕੜ ਜੀ ਵੱਲੋਂ ਰਾਸ਼ਨ ਵੰਡਿਆ ਗਿਆ। ਇਸ ਸਮਾਗਮ ਵਿੱਚ ਵਿਕਟਰ ਛਾਬੜਾ ਜੀ ਨੂੰ ਅਤੇ ਦਵਿੰਦਰ ਕੁੱਕੜ ਜੀ ਨੂੰ ਸੰਸਥਾ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਸਮੁੱਚਾ ਇੰਤਜਾਮ ਸੁਰੇਸ਼ ਗਾਬਾ ਅਤੇ ਰਮੇਸ਼ ਸਿਡਾਨਾ ਜੀ ਵੱਲੋਂ ਬਾਖੂਬੀ ਕੀਤਾ ਗਿਆ॥ਇਸ ਸਮਾਗਮ ਵਿੱਚ ਅਸ਼ੋਕ ਅਨੇਜਾ, ਸਕੱਤਰ ਗੁਰਮੀਤ ਮਦਾਨ ਲਾਡੀ, ਸੁਰੇਸ਼ ਗਾਬਾ ਖਜਾਨਚੀ, ਫਾਊਂਡਰ ਮੈਂਬਰ ਵਿਜੇ ਖੰਨਾ, ਨਰੇਸ਼ ਕੁੱਕੜ ਅਡਵਾਈਜ਼ਰ, ਅਸ਼ੋਕ ਦੂਮੜਾ, ਤਰਸੇਮ ਵਿਖੌਨਾ, ਮਦਨ ਲਾਲ ਦੂਮੜਾ ਅਤੇ ਪ੍ਰਵੇਸ਼ ਖੰਨਾ ਸਾਰੇ ਸਾਬਕਾ ਪ੍ਰਧਾਨ, ਰਮੇਸ਼ ਸਿਡਾਨਾ ਐਡਵਾਈਜਰ, ਲਲਿਤ ਗਾਂਧੀ ਪੀ ਆਰ ਓ, ਪ੍ਰਵੇਸ਼ ਅਗਰਵਾਲ, ਰਾਜਨ ਸਿਡਾਨਾ, ਭਾਰਤ ਭੂਸ਼ਣ ਗਾਵੜੀ, ਅਨਿਲ ਘੀਕ, ਪ੍ਰਤੀਕ ਮੁਟਨੇਜਾ, ਰਾਜਨ ਦੂਮੜਾ, ਅੰਕੁਸ਼ ਅਸੀਜਾ, ਨਵਦੀਪ ਅਸੀਜਾ, ਜਨਕ ਰਾਜ ਗਿਰਧਰ, ਬਬਲੂ ਗਿਰਧਰ, ਸ਼ੇਰ ਸਿੰਘ ਕਾਮਰਾ ਆਦਿ ਹਾਜ਼ਰ ਸਨ।

# ਸਾਡੀ ਸੰਸਥਾ ਜਾਤ ਪਾਤ ਵਿੱਚ ਵਿਸ਼ਵਾਸ਼ ਨਹੀਂ ਕਰਦੀ : ਜਤਿੰਦਰ ਸ਼ਰਮਾ




**ਅੰਮ੍ਰਿਤਸਰ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿਊਮਨ ਸਰਵਿਸ ਸੋਸਾਇਟੀ ਦੇ ਸਟੇਟ ਪ੍ਰਧਾਨ ਜਤਿੰਦਰ ਸ਼ਰਮਾ ਅਤੇ ਉਹਨਾਂ ਦੀ ਟੀਮ ਦੇ ਸਮਾਜ ਸੇਵੀ ਕੰਮਾਂ ਨੂੰ ਦੇਖਦੇ ਹੋਏ ਪਾਵਨ ਵਾਲਮੀਕਿ ਤੀਰਥ ਅੰਮ੍ਰਿਤਸਰ ਗੁਰੂ ਗਿਆਨ ਨਾਥ ਵਾਲਮੀਕਿ ਧਰਮ ਸਮਾਜ (ਰਜਿ:) ਭਾਰਤ ਅੰਮ੍ਰਿਤਸਰ ਸਰਪ੍ਰਸਤ ਸੰਤ ਬਾਬਾ ਨਛੱਤਰ ਨਾਥ ਸ਼ੇਰਗਿੱਲ ਜੀ ਅਤੇ ਦਰਸ਼ਨ ਸਿੰਘ ਮੈਣ ਸੂਬਾ ਪ੍ਰਧਾਨ ਯੂਥ ਵਿੰਗ ਪੰਜਾਬ ਵਲੋਂ ਵਾਇਸ ਚੇਅਰਮੈਨ ਜਰਨਲ ਕੈਟਾਗਰੀ ਪੰਜਾਬ ਲਗਾਇਆ ਗਿਆ। ਜਤਿੰਦਰ ਸ਼ਰਮਾ ਨੇ ਬੋਲਦੇ ਕਿਹਾ ਕਿ ਸਾਡੀ ਸੰਸਥਾ ਜਾਤ ਪਾਤ ਵਿੱਚ ਵਿਸ਼ਵਾਸ਼ ਨਹੀਂ ਕਰਦੀ ਕਿਉਂਕਿ ਕੋਈ ਵੀ ਧਰਮ ਉੱਚਾ ਨੀਵਾਂ ਨਹੀਂ। ਜੇਕਰ ਕੋਈ ਵੀ ਸਮਾਜ ਵਿੱਚ ਕਿਸੇ ਨਾਲ ਵੀ ਪੰਜਾਬ ਵਿੱਚ ਧੱਕਾ ਹੁੰਦਾ ਹੈ ਤਾਂ ਸਾਡੀ ਟੀਮ ਉਸ ਦਾ ਵਿਰੋਧ ਕਰਦੀ ਹੈ ਤੇ ਕਦੀ ਰਹੇਗੀ, ਕੁੱਝ ਲੋਕ ਅੱਜ ਵੀ ਦੇਸ਼ ਆਜ਼ਾਦ ਹੋਣ ਤੋਂ ਬਾਅਦ ਵੀ ਸੋਚ ਨਹੀਂ ਬਦਲੀ।

ਜਦੋਂ ਕਿਸੇ ਮਰੀਜ ਨੂੰ ਖੂਨ ਦੀ ਲੋੜ ਪੈਂਦੀ ਹੈ ਤਾਂ ਉਸ ਟਾਈਮ ਕਿਉਂ ਨਹੀਂ ਪੁੱਛਦੇ ਇਹ ਖੂਨ ਕਿਸ ਜਾਤ ਵਲੋਂ ਦਿੱਤਾ ਹੈ। ਬਾਕੀ ਸਾਨੂੰ ਸਭ ਨੂੰ ਮਿਲ ਜੁਲ ਕੇ ਰਹਿਣਾ ਚਾਹੀਦਾ ਹੈ ਬਾਕੀ ਜੋ ਜਿੰਮੇਵਾਰੀ ਮੈਨੂੰ ਸੌਂਪੀ ਹੈ ਸੱਚੇ ਦਿਨ ਨਾਲ ਨਿਭਾਵਾਂਗਾ। ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਦਰਸ਼ਨ ਸਿੰਘ ਮੈਣ, ਐਸ.ਸੀ. ਵਿੰਗ ਸਟੇਟ ਪ੍ਰਧਾਨ ਕਰਮਜੀਤ ਲਚਕਾਣੀ, ਰਿਟਾਇਡ ਐਸ.ਐਸ.ਪੀ. ਸੁਸ਼ੀਲ ਕੁਮਾਰ, ਰਿਟਾਇਰਡ ਐਸ.ਐਸ.ਪੀ. ਪਵਨ ਕੁਮਾਰ, ਪ੍ਰਧਾਨ ਰਤਨ ਮੱਟੂ, ਸੁਰਿੰਦਰ ਯਾਦਵ, ਗੋਲਡੀ ਵਾਲੀਆ, ਰੰਧਾਵਾ ਸਿੰਘ ਅਤੇ ਹੋਰ ਪਤਵੰਤੇ ਸੱਜਣ ਮੌਜੂਦ ਰਹੇ।

# ਸਰਕਾਰੀ ਸਕੂਲਾਂ ਦੇ ਪੰਜਵੀਂ ਕਲਾਸ ਦੇ ਵਿਦਿਆਰਥੀਆਂ ਨੇ ਪੰਜਾਬ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਜਿਲ੍ਹਾ ਪਠਾਨਕੋਟ ਦਾ ਕੀਤਾ ਨਾਮ ਰੋਸਨ-ਡਿਪਟੀ ਕਮਿਸਨਰ

**ਪਠਾਨਕੋਟ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਜਿਲ੍ਹਾ ਪਠਾਨਕੋਟ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਇ ਤਿਹਾਸ ਦੀ ਸਿਰਜਨਾ ਕਰਦਿਆਂ ਪੂਰੇ ਪੰਜਾਬ ਅੰਦਰ ਪੰਜਾਵੀਂ ਕਲਾਸ ਦੇ ਨਤੀਜਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਜਿੱਥੇ ਜਿਲ੍ਹਾ ਪਠਾਨਕੋਟ ਦਾ ਮਾਣ ਵਧਾਇਆ ਹੈ ਉੱਥੇ ਹੀ ਪੂਰੇ ਪੰਜਾਬ ਅੰਦਰ ਜਿਲ੍ਹਾ ਪਠਾਨਕੋਟ ਨੂੰ ਵੱਖਰੀ ਪਹਿਚਾਣ ਦਿੱਤੀ ਹੈ। ਇਹ ਪ੍ਰਗਟਾਵਾ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ ਨੇ ਕੀਤਾ। ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਦੇ ਪ੍ਰਾਇਮਰੀ ਸਕੂਲ ਵਿੱਚ ਪੜਦੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਹਾਦਿੱਕ ਸੁਭਕਾਮਨਾਵਾਂ ਦਿੱਤੀਆਂ। ਜਾਣਕਾਰੀ ਦਿੰਦਿਆਂ ਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ ਨੇ ਦੱਸਿਆ ਕਿ ਜਿਲ੍ਹਾ ਪਠਾਨਕੋਟ ਵਿੱਚ 376 ਸਰਕਾਰੀ ਪ੍ਰਾਇਮਰੀ ਸਕੂਲ ਚਲ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਸਾਲ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪੰਜਵੀਂ ਕਲਾਸ ਵਿੱਚ ਪੜਨ ਵਾਲੇ 5695 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਸੀ ਜਿਸ ਵਿੱਚੋਂ 5693 ਵਿਦਿਆਰਥੀਆਂ ਨੇ ਪਾਸ ਹੋ ਕੇ ਪੂਰੇ ਪੰਜਾਬ ਅੰਦਰ 99.96 ਪ੍ਰਤੀਸਤ ਨਤੀਜੇ ਪ੍ਰਾਪਤ ਕੀਤੇ ਹਨ। ਉਨ੍ਹਾਂ ਕਿਹਾ ਕਿ ਜਿਵੇਂ ਕਿ ਅੱਜ ਦੇ ਸਮੇਂ ਵਿੱਚ ਬੇਟੀ ਵੀ ਬੇਟੇ ਤੋਂ ਅੱਗੇ ਨਿਕਲ ਕੇ ਅਪਣੇ ਮਾਪਿਆਂ ਦਾ ਨਾਮ ਰੋਸਨ ਕਰ ਰਹੀ ਹੈ ਅਤੇ ਜਿਲ੍ਹਾ ਪਠਾਨਕੋਟ ਅੰਦਰ ਬੇਟੀਆਂ ਨੇ ਪੂਰੇ ਪੰਜਾਬ ਅੰਦਰ ਜਿਲ੍ਹਾ ਪਠਾਨਕੋਟ ਨੂੰ ਇੱਕ ਵਿਲੱਖਣ ਪਹਿਚਾਣ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਦੇ ਪੰਜਵੀਂ ਜਮਾਤ ਦੇ ਨਤੀਜੇ ਵਧੀਆ ਆਉਂਣ ਤੇ ਉਹ ਜਿਲ੍ਹਾ ਵਾਸੀਆਂ ਅਤੇ ਸਰਕਾਰੀ ਸਕੂਲਾਂ ਅੰਦਰ ਪੜਨ ਵਾਲੇ ਬੱਚਿਆਂ ਦੇ ਮਾਤਾ ਪਿਤਾ ਨੂੰ ਹਾਰਦਿੱਕ ਸੁਭਕਾਮਨਾਵਾਂ ਦਿੰਦੇ ਹਨ।

ਉਨ੍ਹਾਂ ਜਿਲ੍ਹਾ ਪਠਾਨਕੋਟ ਦੇ ਨਿਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਰਕਾਰੀ ਸਕੂਲਾਂ ਅੰਦਰ ਬੱਚਿਆਂ ਨੂੰ ਦਾਖਲ ਕਰਵਾਓ ਅਤੇ ਵਧੀਆ ਕਵਾਲਿਟੀ ਦੀ ਸਿੱਖਿਆ ਬੱਚਿਆਂ ਨੂੰ ਦਿਓ। ਉਨ੍ਹਾਂ ਕਿਹਾ ਕਿ ਪੰਜਵੀਂ ਜਮਾਤ ਦੇ ਨਤੀਜੇ ਵਧੀਆ ਆਉਂਣ ਤੇ ਉਹ ਸ. ਹਰਭਗਵੰਤ ਸਿੰਘ ਜਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਪਠਾਨਕੋਟ , ਸ੍ਰੀ ਡੀ.ਜੀ. ਸਿੰਘ ਉੱਪ ਜਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਪਠਾਨਕੋਟ ਅਤੇ ਸਰਕਾਰੀ ਸਕੂਲਾਂ ਦੇ ਸਟਾਫ ਨੂੰ ਵੀ ਹਾਰਦਿੱਕ ਸੁਭਕਾਮਨਾਵਾਂ ਦਿੰਦੇ ਹਨ।

# ਪਾਵਰਕੌਮ ਨੇ ਕਣਕ ਦੀ ਵਾਢੀ ਦੌਰਾਨ ਅੱਗ ਲੱਗਣ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਜਾਰੀ ਕੀਤੀ ਐਡਵਾਈਜ਼ਰੀ

**ਜਲਾਲਾਬਾਦ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਰਾਜ ਪਾਵਰਕੌਮ ਦੇ ਸਥਾਨਕ ਉਪ ਮੰਡਲ ਅਫਸਰ ਸੰਦੀਪ ਕੰਬੋਜ ਨੇ ਆਉਣ ਵਾਲੇ ਦਿਨਾਂ ਵਿੱਚ ਕਣਕ ਦੀ ਵਾਢੀ ਦੇ ਮੱਦੇਨਜ਼ਰ ਸ਼ਾਰਟ ਸਰਕਟ ਕਾਰਨ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਅਹਿਤਿਆਤ ਵਜੋਂ ਕਿਸਾਨਾਂ ਨੂੰ ਐਡਵਾਈਜ਼ਰੀ ਜਾਰੀ ਕੀਤੀ ਹੈ।

ਇਸ ਸਬੰਧੀ ਗੱਲਬਾਤ ਕਰਦਿਆਂ ਪਾਵਰਕੌਮ ਦੇ ਉਪ ਮੰਡਲ ਅਧਿਕਾਰੀ ਸੰਦੀਪ ਕੰਬੋਜ ਨੇ ਦੱਸਿਆ ਕਿ ਅਕਸਰ ਦੇਖਿਆ ਜਾਂਦਾ ਹੈ ਕਿ ਖੇਤਾਂ ਵਿੱਚ ਲੱਗੇ ਟਰਾਂਸਫਾਰਮਰ ਵਿੱਚੋਂ ਸਪਾਰਕਿੰਗ ਹੋਣ ਕਾਰਨ ਅੱਗ ਦੀ ਚੰਗਿਆੜੀ ਕਾਰਨ ਖੜ੍ਹੀ ਕਣਕ ਦੀ ਫ਼ਸਲ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਦੇਖਣ ਨੂੰ ਮਿਲਦੀਆਂ ਹਨ। ਕਿਸਾਨ ਭਰਾਵਾਂ ਨੂੰ ਅਪੀਲ ਹੈ ਕਿ ਖੇਤਾਂ ਦੇ ਆਲੇ-ਦੁਆਲੇ ਜਿੱਥੇ ਟਰਾਂਸਫਾਰਮਰ ਲੱਗੇ ਹੋਏ ਹਨ 10 ਮੀਟਰ ਦਾ ਘੇਰਾ ਗਿੱਲਾ ਰੱਖਿਆ ਜਾਵੇ ਤਾਂ ਜੋ ਜੇਕਰ ਕੋਈ ਚੰਗਿਆੜੀ ਡਿੱਗਦੀ ਹੈ ਤਾਂ ਅੱਗ ਲੱਗਣ ਦੀ ਘਟਨਾ ਨੂੰ ਰੋਕਿਆ ਜਾ ਸਕੇ। ਐਸ.ਡੀ.ਓ ਸੰਦੀਪ ਕੰਬੋਜ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਟਾਈ ਵਾਲੀ ਕੰਬਾਈਨ ਦਿਨ ਵੇਲੇ ਹੀ ਚਲਾਈ ਜਾਵੇ ਅਤੇ ਕੰਬਾਈਨ ਦੇ ਪਾਰਟਸ ਵਿੱਚੋਂ ਨਿਕਲਣ ਵਾਲੀਆਂ ਚੰਗਿਆੜੀਆਂ ਤੋਂ ਬਚਣ ਦਾ ਵੀ ਧਿਆਨ ਰੱਖਿਆ ਜਾਵੇ ਅਤੇ ਇਸ ਦੇ ਨਾਲ ਹੀ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਕਟਾਈ ਵਾਲੀ ਕੰਬਾਈਨ ਬਿਜਲੀ ਦੇ ਖੰਭਿਆਂ, ਬਿਜਲੀ ਦੀਆਂ ਤਾਰਾਂ ਜਾਂ ਕਿਸੇ ਜੋੜ ਨੂੰ ਨਾ ਛੂਹੇ। ਪਾਵਰਕੌਮ ਅਧਿਕਾਰੀ ਸੰਦੀਪ ਕੰਬੋਜ ਨੇ ਕਿਸਾਨਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਕਿ ਉਹ ਬਾਂਸ ਜਾਂ ਡੰਡੇ ਨਾਲ ਬਿਜਲੀ ਦੀਆਂ ਤਾਰਾਂ ਨੂੰ ਨਾ ਛੇੜਿਆ ਜਾਵੇ ਅਤੇ ਕਿਸੇ ਵੀ ਅਣਅਧਿਕਾਰਤ ਵਿਅਕਤੀ ਨੂੰ ਜੀ.ਓ. ਸਵਿੱਚ ਨੂੰ ਨਾ ਦਿੱਤਾ ਜਾਵੇ। ਉਨ੍ਹਾਂ ਕਿਸਾਨਾਂ ਨੂੰ ਕਣਕ ਦੀ ਫ਼ਸਲ ਨੂੰ ਅੱਗ ਤੋਂ ਬਚਾਉਣ ਲਈ ਵਿਸ਼ੇਸ਼ ਸਾਵਧਾਨੀਆਂ ਵਰਤਣ ਦੀ ਅਪੀਲ ਕਰਦਿਆਂ ਕਿਹਾ ਕਿ ਖੇਤ ਵਿੱਚ ਅੱਗ ਲੱਗਣ ਦੀ ਸੂਰਤ ਵਿੱਚ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਲਈ ਬਿਜਲੀ ਬੋਰਡ ਦੇ ਕੰਟਰੋਲ ਰੂਮ ਦੇ ਨੰਬਰ 96466-97101 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪਿੰਡ ਅਗੰਮਪੁਰ ਵਿੱਚ ਅੱਜ ਤੋ ਸ਼੍ਰੀ ਮਦ ਭਾਗਵਤ ਕਥਾ ਸ਼ੁਰੂ 8 ਅਪ੍ਰੈਲ ਨੂੰ ਪਵੇਗਾ ਭੋਗ

**ਸ਼੍ਰੀ ਅਨੰਦਪੁਰ ਸਾਹਿਬ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਬਲਾਕ ਦੇ ਪਿੰਡ ਅਗੰਮਪੁਰ ਦੀ ਵਿਸ਼ਵ ਕਰਮਾ ਕਮੇਟੀ ਵਲੋ 2 ਅਪ੍ਰੈਲ ਤੋ 8 ਅਪ੍ਰੈਲ ਤੱਕ ਸ਼੍ਰੀ ਮਦਭਾਗਵਤ ਕਥਾ ਕਰਵਾਈ ਜਾ ਰਹੀ । ਜਿਸ ਵਿੱਚ ਪ੍ਰਸਿੱਧ ਕਥਾਵਾਚਕ ਪੰਡਿਤ ਹਰਬੰਸ ਲਾਲ ਸ਼ਾਸ਼ਤਰੀ ਸੰਗਤ ਨੂੰ ਕਥਾ ਸੁਣਾਉਣਗੇ । ਅੱਜ ਕਥਾ ਦੇ ਸਬੰਧ ਵਿੱਚ ਕਲਸ਼ ਯਾਤਰਾ ਕੱਢੀ ਗਈ ਜੋ ਸ਼ਿਵ ਮੰਦਿਰ ਤੋ ਸ਼ੁਰੂ ਹੋ ਕੇ ਵਿਸ਼ਵਕਰਮਾ ਮੰਦਿਰ ਵਿੱਚ ਸਮਾਪਤ ਹੋਈ ।

ਇਸ ਤੋ ਬਾਅਦ ਪੂਜਾ ਕਰਨ ਉਪਰੰਤ ਕਥਾ ਸ਼ੁਰੂ ਕੀਤੀ ਗਈ। ਵਿਸ਼ਵਕਰਮਾ ਕਮੇਟੀ ਦੇ ਪ੍ਰਧਾਨ ਮਿ.ਰਾਮਪਾਲ ਸੋਹਲ ਨੇ ਦੱਸਿਆ ਕੀ ਰੋਜ ਸਵੇਰੇ 8 ਤੋ 10 ਵਜੇ ਤੱਕ ਪੂਜਾ ਕੀਤੀ ਜਾਵੇਗੀ । ਦੁਪਿਹਰ 2 ਵਜੇ ਤੋ ਸ਼ਾਮ 5 ਵਜੇ ਤੱਕ ਕਥਾ ਹੋਵੇਗੀ ਤੇ ਰਾਤ ਨੂੰ 7 ਤੋ 9 ਵਜੇ ਤੱਕ ਕੀਰਤਨ ਹੋਵੇਗਾ । 8 ਅਪ੍ਰੈਲ ਨੂੰ ਕਥਾ ਦੇ ਆਖਿਰੀ ਦਿਨ ਹਵਨ-ਯੱਗ ਹੋਵੇਗਾ ਤੇ ਵਿਸ਼ਾਲ ਭੰਡਾਰਾ ਕੀਤਾ ਜਾਵੇਗਾ ।ਇਸ ਮੌਕੇ ਰਮੇਸ਼ ਸੋਹਲ,ਚਮਨ ਸੋਹਲ, ਪ੍ਰੇਮ ਸੋਹਲ, ਸਤਿਆ ਦੇਵੀ,ਦਰਸ਼ਨਾ ਦੇਵੀ,ਪ੍ਰਸੰਨੀ ਦੇਵੀ, ਆਦਿ ਹਾਜਰ ਸਨ

# ਮਾਂ ਸ਼ਾਰਦਾ ਵਿਦਿਆਪੀਠ ਵਿੱਚ ਸਵਾਮੀ ਧੀਰਾਨੰਦ ਨੇ ਕਿਹਾ, ਵਿੱਦਿਆ ਤੋਂ ਵੱਡਾ ਕੋਈ ਦਾਨ ਨਹੀਂ ਹੈ

**ਜਲਾਲਾਬਾਦ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਸਕੂਲ ਦੇ ਹੋਣਹਾਰ ਬੱਚਿਆਂ ਦਾ ਸਨਮਾਨ ਕਰਦੇ ਹੋਏ ਸਵਾਮੀ ਧੀਰਾਨੰਦ ਤੇ ਮਹਿਮਾਨ।

ਨੋਬਲ ਫਾਊਂਡੇਸ਼ਨ ਲੁਧਿਆਣਾ ਅਤੇ ਸ਼੍ਰੀ ਮਹਾਦੇਵ ਮਾਨਵ ਸੇਵਾ ਸੰਮਤੀ ਵੱਲੋਂ ਕਮਰੇਵਾਲਾ ਰੋਡ 'ਤੇ ਚਲਾਈ ਜਾ ਰਹੀ ਮੁਫਤ ਮਾਂ ਸ਼ਾਰਦਾ ਵਿਦਿਆਪੀਠ 'ਚ ਪੜ੍ਹ ਰਹੇ ਬੱਚਿਆਂ ਦੇ ਸਾਲਾਨਾ ਇਮਤਿਹਾਨਾਂ ਦੇ ਨਤੀਜੇ ਐਲਾਨੇ ਗਏ। ਇਸ ਮੌਕੇ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਦੇ ਸਵਾਮੀ ਧੀਰਾਨੰਦ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਅਧਿਆਪਕਾਂ ਨਾਲ ਮੁਲਾਕਾਤ ਕੀਤੀ ਅਤੇ ਬੱਚਿਆਂ ਦੀ ਪ੍ਰਗਤੀ ਰਿਪੋਰਟ ਲਈ।ਇਸ ਮੌਕੇ ਸਮਾਜ ਸੇਵੀ ਸੰਸਥਾ ਇਨਰਵੀਲ ਕਲੱਬ ਦੀ ਪ੍ਰਧਾਨ ਸ੍ਰੀਮਤੀ ਪ੍ਰੇਰਨਾ ਜੁਨੇਜਾ, ਲਾਇਨਜ਼ ਕਲੱਬ ਜਲਾਲਾਬਾਦ ਦੇ ਸਾਬਕਾ ਪ੍ਰਧਾਨ ਸੋਨਾ, ਵਰਿੰਦਰਾ ਮੋਹਨ ਨਾਗਪਾਲ (ਕਾਲਾ ਸਮਾਜ ਸੇਵੀ ਮਦਨ ਲਾਲ ਗੁੰਬਰ, ਸਾਜਨ ਵਾਟਸ, ਅਸ਼ੋਕ ਗਗਨੇਜਾ, ਸਾਜਨ ਵਟਸ, ਅਸ਼ੋਕ ਕੁਮਾਰ, ਪ੍ਰੀਤ ਕਾਮਰਾ ਅਤੇ ਹੋਰ ਪਤਵੰਤੇ ਹਾਜ਼ਰ ਸਨ। ਆਪਣੇ ਸੰਬੋਧਨ ਵਿੱਚ ਸਵਾਮੀ ਧੀਰਾਨੰਦ ਜੀ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਦੇਖ ਕੇ ਖੁਸ਼ੀ ਹੋ ਰਹੀ ਹੈ ਕਿ ਮਾਂ ਸ਼ਾਰਦਾ ਵਿਦਿਆਪੀਠ ਝੁੱਗੀ-ਝੌਂਪੜੀਆਂ ਵਿੱਚ ਰਹਿਣ ਵਾਲੇ ਬਹੁਤ ਹੀ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਸਿੱਖਿਅਤ ਕਰਨ ਅਤੇ ਉਨ੍ਹਾਂ ਨੂੰ ਸਮਾਜ ਦੇ ਜ਼ਿੰਮੇਵਾਰ ਨਾਗਰਿਕ ਬਣਾਉਣ ਲਈ ਕੰਮ ਕਰ ਰਹੀ ਹੈ। ਸਵਾਮੀ ਜੀ ਨੇ ਕਿਹਾ ਕਿ ਵਿੱਦਿਆ ਤੋਂ ਵੱਡਾ ਕੋਈ ਪੁੰਨ ਨਹੀਂ ਹੈ, ਉਨ੍ਹਾਂ ਸਮਾਜ ਦੇ ਵਸੀਲਿਆਂ ਵਾਲੇ ਲੋਕਾਂ ਨੂੰ ਸੰਸਥਾ ਵੱਲੋਂ ਚਲਾਏ ਜਾ ਰਹੇ ਵਿੱਦਿਆ ਦੇ ਯੱਗ ਵਿੱਚ ਦਾਨ ਦੇਣ ਦੀ ਅਪੀਲ ਕੀਤੀ। ਇਸ ਮੌਕੇ ਹਾਜ਼ਰ ਮਹਿਮਾਨਾਂ ਵੱਲੋਂ ਸਕੂਲ ਦੇ ਹੋਣਹਾਰ ਬੱਚਿਆਂ ਨੂੰ ਇਨਾਮ ਵੀ ਤਕਸੀਮ ਕੀਤੇ ਗਏ। ਸੰਸਥਾ ਦੇ ਡਾਇਰੈਕਟਰ ਰਾਕੇਸ਼ ਗਾਂਧੀ ਨੇ ਦੱਸਿਆ ਕਿ ਜਿੱਥੇ ਸ਼ਹਿਰ ਦੇ ਸਮਾਜ ਸੇਵੀ ਲੋਕਾਂ ਦੇ ਸਹਿਯੋਗ ਨਾਲ ਬੱਚਿਆਂ ਨੂੰ ਸਿੱਖਿਆ ਦਿੱਤੀ ਜਾ ਰਹੀ ਹੈ, ਉੱਥੇ ਹੀ ਲਾਇਨਜ਼ ਕਲੱਬ ਵੱਲੋਂ ਬੱਚਿਆਂ ਲਈ ਮਿਡ-ਡੇ-ਮੀਲ ਪ੍ਰੋਜੈਕਟ ਵੀ ਚਲਾਇਆ ਜਾ ਰਿਹਾ ਹੈ ਅਤੇ ਇਨਰਵ੍ਹੀਲ ਕਲੱਬ ਸੰਸਥਾ ਵੱਲੋਂ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

# ਕੈਬਨਿਟ ਮੰਤਰੀ ਕਟਾਰੂਚੱਕ ਵੱਲੋਂ ਗੋਲੀਕਾਂਡ ਦੇ ਜ਼ਖ਼ਮੀ ਨਾਲ ਮੁਲਾਕਾਤ

**ਪਠਾਨਕੋਟ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਇਸ ਹਫਤੇ ਜ਼ਿਲ੍ਹਾ ਪਠਾਨਕੋਟ ਦੇ ਸਰਨਾ ਵਿੱਚ ਹੋਏ ਗੋਲੀਕਾਂਡ ਵਿੱਚ ਜ਼ਖਮੀ ਦਾ ਹਾਲ ਜਾਣਨ ਲਈ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਰੰਧਾਵਾ ਹਸਪਤਾਲ ਵਿੱਚ ਪਹੁੰਚੇ। ਇਸ ਮੌਕੇ ਉਨ੍ਹਾਂ ਇਸ ਗੋਲੀਕਾਂਡ ਵਿੱਚ ਜ਼ਖ਼ਮੀ ਹੋਏ ਅਜੈ ਕੁਮਾਰ ਨਾਲ ਆਈਸੀਯੂ ਵਿੱਚ ਜਾ ਕੇ ਮੁਲਾਕਾਤ ਕੀਤੀ।

ਜਾਣਕਾਰੀ ਦਿੰਦੇ ਹੋਏ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਇਸ ਹਫਤੇ ਸਰਨਾ ਵਿੱਚ ਇੱਕ ਢਾਬੇ ਤੇ ਹੋਈ ਗੋਲੀਕਾਂਡ ਦੀ ਘਟਨਾ ਬਹੁਤ ਹੀ ਮੰਦਭਾਗੀ ਹੈ। ਉਨ੍ਹਾਂ ਕਿਹਾ ਕਿ ਅਜੈ ਕੁਮਾਰ ਜੋ ਕਿ ਇਸ ਗੋਲੀਕਾਂਡ ਵਿੱਚ ਜ਼ਖਮੀ ਹੋਇਆ ਸੀ, ਨੂੰ ਉਹ ਮਿਲੇ ਹਨ

ਉਸ ਦੀ ਸਿਹਤ ਵਿੱਚ ਪਹਿਲਾਂ ਨਾਲੋਂ ਕਾਫੀ ਸੁਧਾਰ ਹੈ। ਉਨ੍ਹਾਂ ਅਜੈ ਕੁਮਾਰ ਨੂੰ ਭਰੋਸਾ ਦਿੱਤਾ ਕਿ ਇਸ ਘਟਨਾ ਵਿੱਚ ਸ਼ਾਮਲ ਮੁਲਜ਼ਮਾਂ ਨੂੰ ਮੁਆਫ ਨਹੀਂ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਕਾਨੂੰਨੀ ਸਜ਼ਾ ਕਰਵਾ ਕੇ ਇਨਸਾਫ ਦਿਵਾਇਆ ਜਾਵੇਗਾ।

ਉਨ੍ਹਾਂ ਕਿਹਾ ਕਿ ਸਮਾਜ ਅੰਦਰ ਅਜਿਹੇ ਸ਼ਰਾਰਤੀ ਤੱਤ ਹਨ ਜੋ ਕਿ ਕਿਸੇ ਦੇ ਬਹਿਕਾਵੇ ਵਿੱਚ ਆ ਕੇ ਅਜਿਹੀਆਂ ਮੰਦਭਾਗੀ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ। ਉਨ੍ਹਾਂ ਸਪੱਸ਼ਟ ਕਿਹਾ ਕਿ ਇਨਸਾਫ ਲਈ ਕਾਨੂੰਨ ਅਪਣਾ ਕੰਮ ਕਰ ਰਿਹਾ ਹੈ ਅਤੇ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇਣ ਵਾਲੇ ਲੋਕ ਬਖਸ਼ੇ ਨਹੀਂ ਜਾਣਗੇ। ਜ਼ਿਕਰਯੋਗ ਹੈ

ਇਸ ਹਫਤੇ ਅਦਾਲਤ ਵਿੱਚ ਪੇਸ਼ੀ ਭੁਗਤਣ ਆਏ 2 ਗੁੱਟਾਂ ਵਿੱਚੋਂ ਇੱਕ ਗੁੱਟ ਦੇ ਮੈਂਬਰ ਅਦਾਲਤ ਦੇ ਸਾਹਮਣੇ ਇੱਕ ਢਾਬੇ 'ਤੇ ਜਦ ਖਾਣਾ ਖਾ ਰਹੇ ਸਨ ਤਾਂ ਉਸ ਵੇਲੇ ਦੂਸਰੇ ਗੁੱਟ ਨੇ ਉੱਥੇ ਪੁੱਜ ਕੇ ਉਨ੍ਹਾਂ ਉਪਰ ਗੋਲੀਆਂ ਚਲਾ ਦਿੱਤੀਆਂ ਸਨ।

ਪੁਰਾਣੀ ਰੰਜਿਸ਼ ਨੂੰ ਲੈ ਕੇ ਚੱਲੀ ਇਸ ਗੋਲੀਬਾਰੀ ਵਿੱਚ ਇੱਕ ਹੋਰ ਵਿਅਕਤੀ ਅਜੈ ਕੁਮਾਰ ਜਿਸ ਦਾ ਦੋਹਾਂ ਗੁੱਟਾਂ ਨਾਲ ਕੋਈ ਸਬੰਧ ਨਹੀਂ ਸੀ,

ਉਥੇ ਖਾਣਾ ਖਾ ਰਿਹਾ ਸੀ, ਇਸ ਗੋਲੀਕਾਂਡ ਵਿੱਚ ਜ਼ਖਮੀ ਹੋ ਗਿਆ ਸੀ।

# ਗਣਿਤ ਦੇ ਸਵਾਲ ਹੱਲ ਕਰਨ ਵਾਲੇ ਵਿਦਿਆਰਥੀ ਸਨਮਾਨੇ




**ਭੁੱਚੋ ਮੰਡੀ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਕੂਲੀ ਵਿਦਿਆਰਥੀਆਂ ਨੂੰ ਗਣਿਤ ਗਣਨਾ ਵਿੱਚ ਮੋਹਰੀ ਬਣਾਉਣ ਲਈ ਭੁੱਚੋ ਮੰਡੀ ਵਿੱਚ ਸ਼ਾਰਪ ਬ੍ਰੇਨਜ਼ ਏਜੂਕੇਸ਼ਨ ਸੈਂਟਰ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਮੌਕੇ ਚੈਂਪੀਅਨ ਵਰਲਡ ਚੰਡੀਗੜ੍ਹ ਦੇ ਐਮਡੀ ਸੰਜੀਵ ਕੁਮਾਰ ਅਤੇ ਸ਼ਾਰਪ ਬ੍ਰੇਨਜ਼ ਦੇ ਡਾਇਰਕੈਟਰ ਰੰਜੀਵ ਗੋਇਲ ਨੇ ਮਾਪਿਆਂ ਅਤੇ ਵਿਦਿਆਰਥੀਆਂ ਨੂੰ ਅਬੈਕਸ ਵਿਧੀ ਵਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਸਿੱਖਿਅਤ ਵਿਦਿਆਰਥੀਆਂ ਤੋਂ ਗਣਿਤ ਦੇ ਲੰਮੀਆਂ ਰਕਮਾਂ ਵਾਲੇ ਸਵਾਲ ਪੁੱਛੇ, ਜਿਨ੍ਹਾਂ ਦਾ ਵਿਦਿਆਰਥੀਆਂ ਵੱਲੋਂ ਸਹੀ ਜਵਾਬ ਦੇਣ 'ਤੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸ਼ਾਰਪ ਬ੍ਰੇਨਸ ਦੇ 16 ਵਿਦਿਆਰਥੀਆਂ ਵੱਲੋ ਪਿਛਲੇ 2 ਸਾਲਾਂ ਵਿੱਚ ਇੰਡੀਆ ਬੁੱਕ ਆਫ ਰਿਕਾਰਡ, ਏਸ਼ੀਆ ਬੁੱਕ ਆਫ ਰਿਕਾਰਡਜ਼ ਅਤੇ ਇੰਟਰਨੈਸ਼ਨਲ ਬੁੱਕ ਆਫ ਰਿਕਾਰਡਜ਼ ਵਿੱਚ ਆਪਣੇ ਨਾਮ ਦਰਜ ਕਰਵਾਏ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਅਬੈਕਸ ਸਿੱਖਿਆ ਬੱਚੇ ਵੱਡੀਆਂ ਪ੍ਰੀਖਿਆਵਾਂ ਵਿੱਚ ਆਸਾਨੀ ਨਾਲ ਸਫਲ ਹੋ ਜਾਂਦੇ ਹਨ। ਇਸ ਮੌਕੇ ਸੈਂਟਰ ਇੰਚਾਰਜ ਰੇਖਾ ਸਿੰਘ ਨੇ ਦੱਸਿਆ ਕਿ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦਾ 'ਰਾਈਟ ਬ੍ਰੇਨ' ਵਿਕਸਤ ਕੀਤਾ ਜਾਂਦਾ ਹੈ।

# ਸਕੂਲ ਵਿੱਚ ਕੰਪਿਊਟਰ ਲੈਬ ਦਾ ਉਦਘਾਟਨ

**ਅੰਮ੍ਰਿਤਸਰ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**




ਸ਼੍ਰੋਮਣੀ ਕਮੇਟੀ ਦੇ ਸਕੂਲਾਂ ਵਿੱਚ ਬੱਚਿਆਂ ਨੂੰ ਆਧੁਨਿਕ ਸਹੂਲਤਾਂ ਨਾਲ ਸਿੱਖਿਆ ਦੇਣ ਦੇ ਮਕਸਦ ਤਹਿਤ ਅੱਜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਥਾਨਕ ਗੁਰੂ ਨਾਨਕ ਦੇਵ ਸੀਨੀਅਰ ਸੈਕੰਡਰੀ ਸਕੂਲ ਵਿੱਚ ਆਈਸੀਟੀ ਕੰਪਿਊਟਰ ਲੈਬ ਦਾ ਉਦਘਾਟਨ ਕੀਤਾ। ਇਸ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਸਕੂਲਾਂ ਵਿੱਚ ਸਿੱਖਿਆ ਦੇ ਮਿਆਰ ਨੂੰ ਹੋਰ ਬਿਹਤਰ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਇਸ ਕਾਰਜ ਲਈ ਸ਼੍ਰੋਮਣੀ ਕਮੇਟੀ ਦੇ ਬਜਟ ਵਿੱਚ ਵਿਸ਼ੇਸ਼ ਫੰਡ ਰੱਖੇ ਗਏ ਹਨ। ਉਨ੍ਹਾਂ ਨੇ ਅਧਿਆਪਕਾਂ ਨੂੰ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉਣ ਦੀ ਪ੍ਰੇਰਨਾ ਕਰਦਿਆਂ ਕਿਹਾ ਕਿ ਚੰਗੇ ਸਮਾਜ ਦੀ ਸਿਰਜਣਾ ਵਿਚ ਅਧਿਆਪਕ ਦਾ ਵੱਡਾ ਯੋਗਦਾਨ ਹੁੰਦਾ ਹੈ ਅਤੇ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਅਧਿਆਪਕਾਂ ਨੂੰ ਯਤਨ ਕਰਦੇ ਰਹਿਣਾ ਚਾਹੀਦਾ ਹੈ।

ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਗੁਰਮੀਤ ਸਿੰਘ ਬੂਹ, ਓਐਸਡੀ ਸਤਬੀਰ ਸਿੰਘ ਧਾਮੀ, ਸਕੱਤਰ ਵਿਦਿਆ ਸੁਖਮਿੰਦਰ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਸਹਾਇਕ ਡਾਇਰੈਕਟਰ (ਸਕੂਲਜ਼) ਬੀਬੀ ਸਤਵੰਤ ਕੌਰ ਹਾਜ਼ਰ ਸਨ।

# ਮਾਤਾ ਸੁੰਦਰੀ ਇਸਟੀਚਿਊਟ ਵਿੱਚ ਐੱਨਐੱਸਐੱਸ ਕੈਂਪ ਸਮਾਪਤ

**ਚਾਉਕੇ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਤਾ ਸੁੰਦਰੀ ਗਰੁੱਪ ਆਫ ਇਸਟੀਚਿਊਟ ਢੱਡੇ ਵਿੱਚ ਕੌਮੀ ਸੇਵਾ ਯੋਜਨਾ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਯੁਵਕ ਸੇਵਾਵਾਂ ਵਿਭਾਗ ਪੰਜਾਬ ਦੀ ਰਹਿਨੁਮਾਈ ਹੇਠ ਸੱਤ ਰੋਜ਼ਾ ਐੱਨਐੱਸਐੱਸ ਕੈਂਪ ਲਾਇਆ ਗਿਆ। ਕੈਂਪ ਵਿੱਚ ਵੱਖ-ਵੱਖ ਖੇਤਰਾਂ 'ਚ ਮਸ਼ਹੂਰ ਸ਼ਖ਼ਸੀਅਤਾਂ ਨੇ ਲੈਕਚਰ ਸੈਸ਼ਨਾਂ ਲਈ ਸਮਾਂ ਕੱਢ ਕੇ ਵਿਦਿਆਰਥੀਆਂ ਦੀ ਜਾਗਰੂਕਤਾ ਅਤੇ ਗਿਆਨ ਵਿੱਚ ਵਾਧਾ ਕੀਤਾ। ਕੈਂਪ ਦੀ ਸਮਾਪਤੀ ਮੌਕੇ ਨੈਸ਼ਨਲ ਐਵਾਰਡੀ ਐੱਸ.ਐੱਚ.ਓ ਜੋਗਾ ਬੇਅੰਤ ਕੌਰ ਨੇ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਵੱਲੋਂ ਇਸ ਕੈਂਪ ਵਿੱਚ ਵਧੀਆਂ ਕੰਮ ਕਰਨ ਵਾਲੇ ਵਾਲੰਟੀਅਰਾਂ ਨੂੰ ਤ਼ਗਮੇ ਅਤੇ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ।

ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਢੱਡੇ ਤੇ ਐੱਮਡੀ ਗੁਰਬਿੰਦਰ ਸਿੰਘ ਬੱਲੀ ਨੇ ਦੱਸਿਆ ਕਿ ਮਾਤਾ ਸੁੰਦਰੀ ਗਰੁੱਪ ਢੱਡੇ ਹਮੇਸ਼ਾ ਤੋਂ ਹੀ ਐੱਨਐੱਸਐੱਸ ਦੇ ਖੇਤਰ ਵਿੱਚ ਮੋਹਰੀ ਰਿਹਾ ਹੈ।

# ਪੰਜਾਬ ’ਚ ਪਹਿਲੀ ਵਾਰ 13-0 ਨਾਲ ਜਿੱਤੇਗੀ ਆਮ ਆਦਮੀ ਪਾਰਟੀ: ਭਗਵੰਤ ਮਾਨ

**ਚੰਡੀਗੜ੍ਹ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦਾਅਵਾ ਕੀਤਾ ਹੈ ਕਿ ਉਹ ਪੰਜਾਬ ਦੇ ਵਿਕਾਸ ਦੇ ਮੁੱਦੇ ’ਤੇ ਸੂਬੇ ਦੀਆਂ 13 ਲੋਕ ਸਭਾ ਸੀਟਾਂ ’ਤੇ ਜਿੱਤ ਹਾਸਲ ਕਰਨਗੇ। ‘ਜਗ ਬਾਣੀ’ਦੇ ਵਿਸ਼ੇਸ਼ ਪੱਤਰਕਾਰ ਰਮਨਦੀਪ ਸੋਢੀ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਭਗਵੰਤ ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਇਕਲੌਤੀ ਪਾਰਟੀ ਹੈ, ਜੋ ਆਮ ਲੋਕਾਂ ਨੂੰ ਖੁੱਲ੍ਹੇ ਤੌਰ ’ਤੇ ਕਹਿੰਦੀ ਹੈ ਕਿ ਜੇ ਜਨਤਾ ਨੂੰ ਉਨ੍ਹਾਂ ਦੇ ਕੰਮ ਪਸੰਦ ਹਨ ਤਾਂ ਉਹ ਉਸ ਦੇ ਉਮੀਦਵਾਰਾਂ ਨੂੰ ਵੋਟਾਂ ਪਾਉਣ। ਇਸ ਇੰਟਰਵਿਊ ਦੌਰਾਨ ਭਗਵੰਤ ਮਾਨ ਨੇ ਪੰਜਾਬ ਦੇ ਮੌਜੂਦਾ ਸਿਆਸੀ ਹਾਲਾਤ, ਆਮ ਆਦਮੀ ਪਾਰਟੀ ਦੀਆਂ ਚੋਣ ਤਿਆਰੀਆਂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 10 ਸਾਲਾਂ ਦੇ ਕੰਮ-ਕਾਜ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਅਤੇ ਅਕਾਲੀ ਦਲ ਤੋਂ ਇਲਾਵਾ ਸੂਬੇ ਦੀ ਭਾਜਪਾ ਇਕਾਈ ਦੇ ਪ੍ਰਧਾਨ ਸੁਨੀਲ ਜਾਖੜ ’ਤੇ ਜਿੱਥੇ ਬੇਬਾਕ ਤਰੀਕੇ ਨਾਲ ਆਪਣੇ ਵਿਚਾਰ ਰੱਖੇ, ਉੱਥੇ ਹੀ ਆਪਣੇ ਪਰਿਵਾਰ ’ਚ ਹਾਲ ਹੀ ’ਚ ਆਈ ਖ਼ੁਸ਼ੀ ਨੂੰ ਲੈ ਕੇ ਵੀ ਦਿਲ ਖੋਲ੍ਹ ਕੇ ਚਰਚਾ ਕੀਤੀ। ਪੇਸ਼ ਹੈ ਭਗਵੰਤ ਮਾਨ ਦੀ ਪੂਰੀ ਇੰਟਰਵਿਊ

**ਪੰਜਾਬ ’ਚ ਪਹਿਲੀ ਵਾਰ 13-0 ਦਾ ਹੋਵੇਗਾ ਨਤੀਜਾ**

ਭਗਵੰਤ ਮਾਨ ਨੇ ਕਿਹਾ ਕਿ ਅਸੀਂ ਸੂਬੇ ਦੀਆਂ 13 ਲੋਕ ਸਭਾ ਸੀਟਾਂ ਜਿੱਤਾਂਗੇ ਅਤੇ ਪਹਿਲੀ ਵਾਰ ਪੰਜਾਬ ’ਚ 13-0 ਦਾ ਨਤੀਜਾ ਹੋਵੇਗਾ। ਵਿਧਾਨ ਸਭਾ ਚੋਣਾਂ ’ਚ ਵੀ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ 92 ਸੀਟਾਂ ਦਾ ਬੰਪਰ ਬਹੁਮਤ ਦਿੱਤਾ ਸੀ ਅਤੇ ਇਸ ਪਿਆਰ ਦੇ ਅਸੀਂ ਸ਼ੁਕਰਗੁਜ਼ਾਰ ਹਾਂ। ਇਸੇ ਪਿਆਰ ਕਾਰਨ ਅਸੀਂ ਪਿਛਲੇ ਦੋ ਸਾਲਾਂ ’ਚ ਜਨਤਾ ਦੇ ਵਿਚ ਜਾ ਕੇ ਕੰਮ ਕੀਤਾ ਹੈ ਅਤੇ ਹੁਣ ਲੋਕ ਸਭਾ ਚੋਣਾਂ ’ਚ ਆਮ ਆਦਮੀ ਪਾਰਟੀ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਜਿੱਤ ਕੇ ਇਤਿਹਾਸ ਰਚੇਗੀ। ਮੈਂ ਵੱਖ-ਵੱਖ ਥਾਵਾਂ ’ਤੇ ਜਾ ਕੇ ਖ਼ੁਦ ਲੋਕਾਂ ਨਾਲ ਰੂ-ਬ-ਰੂ ਹੋ ਰਿਹਾ ਹਾਂ। ਸੂਬੇ ’ਚ ਪਹਿਲਾ ਮੁੱਦਾ ਬਿਜਲੀ ਦਾ ਹੈ, ਅੱਜ 90 ਫ਼ੀਸਦੀ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ। ਨਾਲ ਹੀ ਬਿਜਲੀ ਬੋਰਡ ਨੂੰ ਵੀ ਕੋਈ ਘਾਟਾ ਨਹੀਂ ਪੈਣ ਦਿੱਤਾ। ਨਾਲ ਹੀ, ਖੇਤਾਂ ’ਚ ਲਗਾਤਾਰ ਬਿਜਲੀ ਸਪਲਾਈ ਹੋ ਰਹੀ ਹੈ। ਪਹਿਲਾਂ 8 ਘੰਟੇ ਬਿਜਲੀ ਕੱਟ ਲੱਗਦੇ ਸਨ, ਅੱਜ ਉਹ ਸਥਿਤੀ ਨਹੀਂ ਹੈ। ਨਾਲ ਹੀ, ਝੋਨੇ ਦੀ ਬਿਜਾਈ ਦੌਰਾਨ 12 ਤੋਂ 14 ਘੰਟੇ ਬਿਜਲੀ ਸਪਲਾਈ ਲਗਾਤਾਰ ਦਿੱਤੀ ਜਾ ਰਹੀ ਹੈ। ਝਾਰਖੰਡ ’ਚ ਕੋਲਾ ਖਾਨ ’ਚ 70 ਲੱਖ ਮਿਲੀਅਨ ਟਨ ਕੋਲੇ ਦਾ ਉਤਪਾਦਨ ਹੁੰਦਾ ਹੈ। ਇਸ ਤੋਂ ਪਹਿਲਾਂ ਦੀਆਂ ਸਰਕਾਰਾਂ ਆਪਣੇ ਚਹੇਤਿਆਂ ਨੂੰ ਕੋਲੇ ਦੀ ਸਪਲਾਈ ਕਰਦੀਆਂ ਰਹੀਆਂ ਹਨ ਪਰ ਅਸੀਂ ਪ੍ਰਾਈਵੇਟ ਥਰਮਲ ਪਲਾਟ ਵੀ ਖ਼ਰੀਦਿਆ ਹੈ। ਹੁਣ ਇੰਡਸਟਰੀ ’ਚ ਵੀ ਬਿਜਲੀ ਸਸਤੀ ਕੀਤੀ ਜਾਵੇਗੀ, ਤਾਂ ਕਿ ਪੰਜਾਬ ’ਚ ਇੰਡਸਟਰੀ ਨੂੰ



ਹੁਲਾਰਾ ਮਿਲ ਸਕੇ। ਹੁਣ ਆਪਣਾ ਕੋਲਾ ਹੋਣ ਨਾਲ ਬਿਜਲੀ ਸਸਤੀ ਮਿਲਣੀ ਸ਼ੁਰੂ ਹੋ ਗਈ ਹੈ। ਉਨ੍ਹਾਂ ਕਿਹਾ ਕਿ ਅਸੀਂ ਪੂਰੇ ਵਿਜ਼ਨ ਨਾਲ ਚੱਲਦੇ ਹਾਂ। ਅਸੀਂ 1100 ਮੈਗਾਵਾਟ ਦੇ ਸੋਲਰ ਪਾਵਰ ਦਾ ਸੌਦਾ ਕੀਤਾ ਹੈ, ਜੋ 2.76 ਪੈਸੇ ਰੇਟ ’ਤੇ ਮਿਲ ਰਿਹਾ ਸੀ, ਪਰ ਉਸ ’ਚ ਅਸੀਂ ਰੇਟ ਘਟਾਏ, ਜਿਸ ’ਚ ਇਕ ਸਾਲ ਦੇ ਅੰਦਰ 300 ਕਰੋੜ ਰੁਪਏ ਦੀ ਬੱਚਤ ਹੋਣ ਵਾਲੀ ਹੈ, ਜਿਸ ਨੂੰ ਸੂਬੇ ਦੇ ਵਿਕਾਸ ’ਤੇ ਖ਼ਰਚਿਆ ਜਾਵੇਗਾ। ਇਸ ਤਰ੍ਹਾਂ ਸਾਡੀ ਸਰਕਾਰ ਲੋਕਾਂ ਦਾ ਪੈਸਾ ਬਚਾ ਕੇ ਖਜ਼ਾਨੇ ’ਚ ਲਿਆ ਕੇ ਲੋਕਾਂ ਦੇ ਵਿਕਾਸ ’ਤੇ ਹੀ ਲਗਾ ਰਹੀ ਹੈ, ਜਿਸ ਨੂੰ ਲੋਕ ਕਾਫ਼ੀ ਪਸੰਦ ਕਰ ਰਹੇ ਹਨ। ਸਾਰੇ ਵਿਧਾਇਕਾਂ ਦੀ ਇਕ ਪੈਨਸ਼ਨ ਕੀਤੀ ਗਈ, ਉਸ ਤੋਂ ਬਾਅਦ 43000 ਤੋਂ ਵੱਧ ਨੌਕਰੀਆਂ ਦਿੱਤੀਆਂ ਗਈਆਂ, ਇਸ ਤੋਂ ਬਾਅਦ ਬਿਜਲੀ ਮੁਫ਼ਤ ਦਿੱਤੀ ਗਈ, ਇਸ ਤੋਂ ਬਾਅਦ ਤੀਰਥ ਯਾਤਰਾ ਦਾ ਪ੍ਰੋਗਰਾਮ ਸ਼ੁਰੂ ਕੀਤਾ ਗਿਆ, ਇਸ ਤੋਂ ਬਾਅਦ ਸੜਕ ਸੁਰੱਖਿਆ ਫੋਰਸ ਬਣਾਈ ਗਈ, ਜਿਸ ਦੀ ਲੋਕਾਂ ਵੱਲੋਂ ਕਾਫ਼ੀ ਸ਼ਲਾਘਾ ਕੀਤੀ ਗਈ। ਕਿਉਂਕਿ ਜਦੋਂ ਮੈਂ ਅੰਕੜੇ ਕੱਢੇ ਤਾਂ ਪਤਾ ਲੱਗਾ ਕਿ ਪੰਜਾਬ ’ਚ ਰੋਜ਼ਾਨਾ 14 ਮੌਤਾਂ ਹੋ ਰਹੀਆਂ ਹਨ, ਇਕ ਮਹੀਨੇ ’ਚ 510, ਸਾਲ ’ਚ 6000 ਤੋਂ ਵੱਧ ਮੌਤਾਂ ਹੁੰਦੀਆਂ ਹਨ, ਜਿਸ ’ਤੇ ਇਕ ਮੀਟਿੰਗ ਬੁਲਾ ਕੇ ਫ਼ੈਸਲਾ ਲਿਆ ਗਿਆ ਕਿ ਸੜਕ ਸੁਰੱਖਿਆ ਫੋਰਸ ਬਣਾਈ ਜਾਵੇ, ਜਿਸ ’ਚ ਨਵੀਆਂ ਭਰਤੀਆਂ ਕੀਤੀਆਂ ਜਾ ਰਹੀਆਂ ਹਨ। ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੈ, ਜਿਸ ’ਚ ਸੜਕ ਸੁਰੱਖਿਆ ਫੋਰਸ ਬਣਾਈ ਗਈ ਹੈ।

**4 ਜੂਨ ਨੂੰ ਖੁੱਲ੍ਹ ਜਾਣਗੀਆਂ ਜਲੰਧਰ ਦੇ ਭਾਜਪਾ ਉਮੀਦਵਾਰ ਦੀਆਂ ਅੱਖਾਂ**

ਜਲੰਧਰ ਤੋਂ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਅਤੇ ਪਾਰਟੀ ਦੇ ਐਲਾਨੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਵੱਲੋਂ ਭਾਜਪਾ ਜੁਆਇਨ ਕੀਤੇ ਜਾਣ ਦੇ ਸਵਾਲ ’ਤੇ ਭਗਵੰਤ ਮਾਨ ਨੇ ਕਿਹਾ ਕਿ 4 ਜੂਨ ਨੂੰ ਵੇਖ ਲੈਣਾ ਉਹ ਇਨਸਾਨ ਫਿਰ ਉਥੇ ਹੀ ਆ ਜਾਵੇਗਾ, ਜਿੱਥੋਂ ਉਹ ਸ਼ੁਰੂ ਹੋਇਆ ਸੀ। ਕਈ ਵਾਰ ਇਨਸਾਨ ਨੂੰ ਗਲਤਫਹਿਮੀ ਹੋ ਜਾਂਦੀ ਹੈ ਕਿ ਮੈਂ ਅਜਿਹਾ ਕਰਾਂਗਾ ਤਾਂ ਅਜਿਹਾ ਹੋ ਜਾਵਾਂਗਾ ਪਰ ਉੱਪਰ ਪਰਮਾਤਮਾ ਹੁੰਦਾ ਹੈ, ਜੋ ਸਭ ਕੁਝ ਵੇਖਦਾ ਹੈ। ਲੋਕਾਂ ਵਿਚ ਪਰਮਾਤਮਾ ਵੱਸਦਾ ਹੈ ਅਤੇ ਲੋਕਾਂ ਨੂੰ ਵੀ ਸਭ ਪਤਾ ਹੈ ਕਿ ਅਸੀਂ ਉਸ ਨੂੰ ਕਿਥੋਂ ਲੈ ਆਏ ਸੀ ਅਤੇ ਕਿਥੇ ਚਲੇ ਗਿਆ। ਜਲੰਧਰ ਵਿਚ ਮੈਂ ਹੁਣ ਵੀ ਪ੍ਰਚਾਰ ਕਰਾਂਗਾ। ਪਿਛਲੀ ਵਾਰ ਦੇ ਮੁਕਾਬਲੇ ਜ਼ਿਆਦਾ ਵੋਟਾਂ ਨਾਲ ਜਿੱਤਾਂਗੇ।

**ਸਰਕਾਰ ਨਹੀਂ ਤੋੜ ਸਕਦੀ ਭਾਜਪਾ, ਕੋਈ ਨੇਤਾ ਸੰਪਰਕ ’ਚ ਨਹੀਂ**

ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੇ ਭਾਜਪਾ ਵਿਚ ਸੰਪਰਕ ਹੋਣ ਦੀ ਆ ਰਹੀਆਂ ਖ਼ਬਰਾਂ ਦੇ ਸਵਾਲ ਦੇ ਜਵਾਬ ਵਿਚ ਭਗਵੰਤ ਮਾਨ ਨੇ ਕਿਹਾ ਕਿ ਕਿਸ ਚੀਜ਼ ਲਈ ਸੰਪਰਕ ਵਿਚ ਹਨ, ਕੀ ਮਤਲਬ, ਅਜਿਹਾ ਤਾਂ ਨਹੀਂ ਹੈ ਕਿ ਪੰਜਾਬ ਸਰਕਾਰ ਚੱਲ ਨਹੀਂ ਰਹੀ। ਪੰਜਾਬ ਸਰਕਾਰ ਮਜ਼ਬੂਤ ਸਥਿਤੀ ਵੀ ਹੈ ਅਤੇ ਸਹੀ ਤਰੀਕੇ ਨਾਲ ਚੱਲ ਰਹੀ ਹੈ। ਕਿੰਨੇ ਸਾਰੇ ਕੰਮਾਂ ਵਿਚ ਪੰਜਾਬ ਨੰਬਰ ਇਕ ਹੈ। ਭਾਜਪਾ ਸਰਕਾਰ ਤੋੜਨ ਦੀਆਂ ਲੱਖ ਕੋਸ਼ਿਸ਼ਾਂ ਕਰ ਲਵੇ ਪਰ ਮੈਂ ਉਨ੍ਹਾਂ ਨੂੰ ਇਹ ਦੱਸ ਦਿੰਦਾ ਹਾਂ ਕਿ ਇਹ ਪੰਜਾਬ ਹੈ। ਪੰਜਾਬ ਦੇ ਲੋਕਾਂ ਨੂੰ ਜੇਕਰ ਪਿਆਰ ਨਾਲ ਬੁਲਾਓਗੇ ਤਾਂ ਜਾਹਰ ਹੈ ਪਿਆਰ ਮਿਲੇਗਾ ਪਰ ਜੇਕਰ ਧੱਕੇਸ਼ਾਹੀ ਕਰੋਗੇ ਤਾਂ ਇਸ ਦਾ ਜਵਾਬ ਠੋਕ ਕੇ ਦੇਣਗੇ। ਜਿਸ ਤਰ੍ਹਾਂ ਨਾਲ ਇਨ੍ਹਾਂ ਨੇ 26 ਜਨਵਰੀ ਨੂੰ ਝਾਂਕੀਆਂ ਨੂੰ ਬਾਹਰ ਕੱਢਿਆ ਹੈ ਅਤੇ ਭਗਤ ਸਿੰਘ ਅਤੇ ਰਾਜਗੁਰੂ ਵਰਗੇ ਸ਼ਹੀਦਾਂ ਦੀਆਂ ਝਾਂਕੀਆਂ ਨੂੰ ਰਿਜੈਕਟ ਕੀਤਾ ਹੈ ਤਾਂ ਇਹ ਭੁੱਲ ਜਾਓ ਕਿ ਪੰਜਾਬ ਦੇ ਲੋਕ ਇਸ ਗੱਲ ਨੂੰ ਮੁਆਫ਼ ਕਰ ਦੇਣਗੇ। ਮੈਂ ਤਾਂ ਇਹੋ ਕਹਿਣਾ ਚਾਹਾਂਗਾ ਕਿ ‘ਕੌਮ ਕੋ ਕਬੀਲੋਂ ਮੇਂ ਮਤ ਬਾਂਟੀਏ, ਲੰਬੇ ਸਫ਼ਰ ਕੋ ਮੀਲੋਂ ਮੇਂ ਮਤ ਬਾਂਟੀਏ, ਏਕ ਬਹਤਾ ਦਰੀਆ ਹੈ ਮੇਰਾ ਭਾਰਤ ਦੇਸ਼, ਇਸ ਕੋ ਨਦੀਓਂ ਔਰ ਝੀਲੋਂ ਮੇਂ ਮਤ ਬਾਂਟੀਏ।

# ਲੋਕ ਸਭਾ ਚੋਣਾਂ ਲਈ ਕਾਂਗਰਸ ਨੇ ਮੈਨੀਫੈਸਟੋ ‘ਨਿਆਏ ਪੱਤਰ’ ਜਾਰੀ ਕੀਤਾ



**ਨਵੀਂ ਦਿੱਲੀ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਨੇ ਅੱਜ ਲੋਕ ਸਭਾ ਚੋਣਾਂ ਲਈ ਆਪਣਾ ਮੈਨੀਫੈਸਟੋ ਜਾਰੀ ਕੀਤਾ ਜੋ ਪੰਜ ‘ਨਿਆਂ’ ??ਅਤੇ 25 ‘ਗਾਰੰਟੀਆਂ’ ’ਤੇ ਆਧਾਰਿਤ ਹੈ। ਪਾਰਟੀ ਨੇ ਇਸ ਦਾ ਨਾਂ ‘ਨਿਆਏ ਪੱਤਰ’ ਰੱਖਿਆ ਹੈ। ਇਹ ਚੋਣ ਮਨੋਰਥ ਪੱਤਰ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ, ਸਾਬਕਾ ਪ੍ਰਧਾਨ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੀ ਮੌਜੂਦਗੀ ਵਿੱਚ ਕਾਂਗਰਸ ਦੇ ਮੁੱਖ ਦਫ਼ਤਰ ਵਿੱਚ ਜਾਰੀ ਕੀਤਾ ਗਿਆ। ਇਸ ਮੌਕੇ ਕਾਂਗਰਸ ਸੰਗਠਨ ਦੇ ਜਨਰਲ ਸਕੱਤਰ ਕੇਸੀ ਵੇਣੂਗੋਪਾਲ, ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ, ਪਾਰਟੀ ਮੈਨੀਫੈਸਟੋ ਕਮੇਟੀ ਦੇ ਮੁਖੀ ਤੇ ਸਾਬਕਾ ਵਿੱਤ ਮੰਤਰੀ ਪੀ. ਚਿਦੰਬਰਮ ਸਮੇਤ ਕਈ ਹੋਰ ਸੀਨੀਅਰ ਆਗੂ ਮੌਜੂਦ ਸਨ। ਇਸ ਵਿੱਚ ਲੋਕਾਂ ਨੂੰ ਧਰਮ, ਭਾਸ਼ਾ, ਜਾਤ ਤੋਂ ਉਪਰ ਉੱਠ ਕੇ ਸਮਝਦਾਰੀ ਨਾਲ ਚੋਣ ਕਰਨ ਅਤੇ ਲੋਕਤੰਤਰੀ ਸਰਕਾਰ ਬਣਾਉਣ ਦੀ ਅਪੀਲ ਕੀਤੀ। ਕਾਂਗਰਸ ਦੇਸ਼ ਵਿਆਪੀ ਸਮਾਜਿਕ-ਆਰਥਿਕ ਅਤੇ ਜਾਤੀ ਜਨਗਣਨਾ ਕਰਵਾਉਣ ਦਾ ਵਾਅਦਾ ਕੀਤਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਕਾਂਗਰਸ ਗਾਰੰਟੀ ਦਿੰਦੀ ਹੈ ਕਿ ਉਹ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਲਈ ਰਾਖਵੇਂਕਰਨ ਦੀ ਹੱਦ 50 ਫੀਸਦੀ ਤੋਂ ਵਧਾਉਣ ਲਈ ਸੰਵਿਧਾਨਕ ਸੋਧ ਪਾਸ ਕਰੇਗੀ। ਇਸ ਵਿੱਚ ਵਾਅਦਾ ਕੀਤਾ ਗਿਆ ਹੈ ਕਿ ਆਰਥਿਕ ਤੌਰ ’ਤੇ ਕਮਜ਼ੋਰ ਵਰਗ (ਈਡਬਲਿਊਐੱਸ) ਲਈ ਨੌਕਰੀਆਂ, ਵਿਦਿਅਕ ਸੰਸਥਾਵਾਂ ਵਿੱਚ 10 ਪ੍ਰਤੀਸ਼ਤ ਕੋਟਾ ਸਾਰੀਆਂ ਜਾਤਾਂ, ਭਾਈਚਾਰਿਆਂ ਲਈ ਬਿਨਾਂ ਕਿਸੇ ਭੇਦਭਾਵ ਦੇ ਲਾਗੂ ਕੀਤਾ ਜਾਵੇਗਾ। ਇਸ ਦੇ ਨਾਲ ਪਾਰਟੀ ਨੇ ਕੇਂਦਰ ਸਰਕਾਰ ਦੀਆਂ ਵੱਖ ਵੱਖ ਖਾਲ੍ਹੀ 30 ਲੱਖ ਆਸਾਮੀਆਂ ਭਰਨ ਦਾ ਵਾਅਦਾ ਕੀਤਾ।

# ਆਰਬੀਆਈ ਨੇ ਲਗਾਤਾਰ 7ਵੀਂ ਵਾਰ ਰੈਪੋ ਦਰ 6.5 ਫ਼ੀਸਦ ਬਰਕਰਾਰ ਰੱਖੀ, ਮਹਿੰਗਾਈ

**ਨਵੀਂ ਦਿੱਲੀ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਨੇ ਅੱਜ ਚਾਲੂ ਵਿੱਤੀ ਸਾਲ ਦੀ ਪਹਿਲੀ ਦੋ-ਮਾਸਿਕ ਮੁਦਰਾ ਨੀਤੀ ਸਮੀਖਿਆ ‘ਚ ਨੀਤੀਗਤ ਦਰ ਰੈਪੋ ‘ਚ ਕੋਈ ਬਦਲਾਅ ਨਹੀਂ ਕੀਤਾ ਅਤੇ ਇਸ ਨੂੰ 6.5 ਫੀਸਦੀ ‘ਤੇ ਬਰਕਰਾਰ ਰੱਖਿਆ। ਇਹ ਲਗਾਤਾਰ ਸੱਤਵੀਂ ਵਾਰ ਹੈ, ਜਦੋਂ ਰੈਪੋ ਰੇਟ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ। ਆਰਬੀਆਈ ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਅੱਜ ਇਸ ਦਾ ਐਲਾਨ ਕਰਦਿਆਂ ਚਾਲੂ ਵਿੱਤੀ ਸਾਲ ਲਈ ਮਹਿੰਗਾਈ ਦਰ ਦਾ ਅਨੁਮਾਨ 4.5 ਫੀਸਦੀ ‘ਤੇ ਬਰਕਰਾਰ ਰੱਖਿਆ। ਇਹ ਪਿਛਲੇ ਵਿੱਤੀ ਸਾਲ 2023-24 ਦੇ 5.4 ਫੀਸਦੀ ਦੇ ਅਨੁਮਾਨ ਤੋਂ ਘੱਟ ਹੈ। ਇਸ ਦੇ ਨਾਲ ਮੌਜੂਦਾ ਵਿੱਤੀ ਸਾਲ 2024-25 ਲਈ ਜੀਡੀਪੀ (ਕੁੱਲ ਘਰੇਲੂ ਉਤਪਾਦ) ਵਿਕਾਸ ਦਰ ਦੇ ਅਨੁਮਾਨ ਨੂੰ ਸੱਤ ਫ਼ੀਸਦ ਰੱਖਿਆ ਹੈ। ਇਹ 2023-24 ਦੇ 7.6 ਫੀਸਦੀ ਦੇ ਅਨੁਮਾਨ ਤੋਂ ਘੱਟ ਹੈ।



# ਭਾਜਪਾ ਨੇ ਰਚੀ ਕੇਜਰੀਵਾਲ ਨੂੰ ਜੇਲ੍ਹ ਦੀਆਂ ਸਲਾਖਾਂ ਦੇ ਪਿੱਛੇ ਸੁੱਟਣ ਦੀ ਸਾਜਿਸ਼ : ਸੰਜੇ ਸਿੰਘ

**ਨਵੀਂ ਦਿੱਲੀ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਰਾਜ ਸਭਾ ਸੰਸਦ ਮੈਂਬਰ ਸੰਜੇ ਸਿੰਘ ਨੇ ਭਾਜਪਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ’ਤੇ ਨਿਸ਼ਾਨਾ ਵਿੰਨ੍ਹਿਆ। ਉਨ੍ਹਾਂ ਨੇ ਪ੍ਰੈੱਸ ਕਾਨਫਰੰਸ ਕਰ ਕੇ ਕਿਹਾ ਕਿ ਦਿੱਲੀ ਸ਼ਰਾਬ ਘਪਲਾ ‘ਆਪ’ ਨੇ ਨਹੀਂ ਸਗੋਂ ਭਾਜਪਾ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼ਰਾਬ ਘਪਲੇ ਦੇ ਦੋਸ਼ੀ ਨੇ ਭਾਜਪਾ ਨੂੰ 55 ਕਰੋੜ ਰੁਪਏ ਦੀ ਰਿਸ਼ਵਤ ਦਿੱਤੀ। ਉੱਥੇ ਹੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖ਼ਿਲਾਫ਼ ਡੂੰਘੀ ਸਾਜਿਸ਼ ਰਚੀ ਗਈ ਹੈ। ਈ.ਡੀ. ਨੇ ਸ਼ਰਾਬ ਘਪਲੇ ਦੇ ਦੋਸ਼ੀਆਂ ਨੂੰ ਤੰਗ ਕਰ ਕੇ ਕੇਜਰੀਵਾਲ ਖ਼ਿਲਾਫ਼ ਬਿਆਨ ਦਰਜ ਕਰਵਾਏ। ਸਿੰਘ ਨੇ ਈ.ਡੀ. ’ਤੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਈ.ਡੀ. ਨੇ ਉਨ੍ਹਾਂ ਬਿਆਨਾਂ ਨੂੰ ਲੁਕਾ ਲਿਆ, ਜਿਸ ’ਚ ਦੋਸ਼ੀਆਂ ਨੇ ਅਰਵਿੰਦ ਕੇਜਰੀਵਾਲ ਦਾ ਨਾਂ ਨਹੀਂ ਲਿਆ। ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਸੰਜੇ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ



’ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਈ.ਡੀ. ਨੇ ਜਿਸ ਨੂੰ ਸ਼ਰਾਬ ਘਪਲੇਬਾਜ਼ ਦਾ ਦੋਸ਼ ਲਗਾਇਆ, ਉਸ ਨਾਲ ਪੀ.ਐੱਮ. ਤਸਵੀਰਾਂ ਖਿੱਚਵਾ ਰਹੇ ਹਨ। ਈ.ਡੀ. ਨੇ ਸੰਸਦ ਮੈਂਬਰ ਮਗੁੰਟਾ ਰੈੱਡੀ ਨੂੰ ਸ਼ਰਾਬ ਘਪਲੇ ਦਾ ਦੋਸ਼ ਬਣਾਇਆ। ਈ.ਡੀ. ਨੇ ਉਸ ਨੂੰ ਕਿੰਗਪਿੰਗ ਦੱਸਿਆ ਅਤੇ ਗ੍ਰਿਫ਼ਤਾਰ ਕੀਤਾ ਸੀ। ਸ਼ੁਰੂਆਤੀ ਬਿਆਨਾਂ ’ਚ ਉਸ ਨੇ ਕੇਜਰੀਵਾਲ ਦਾ ਨਾਂ ਨਹੀਂ ਲਿਆ, ਜਿਸ ਨੂੰ ਈ.ਡੀ. ਨੇ ਲੁਕਾਇਆ। ਜਦੋਂ ਮੁਗੰਟਾ ਨੇ ਕੇਜਰੀਵਾਲ ਖ਼ਿਲਾਫ਼ ਬਿਆਨ ਦੇ ਦਿੱਤਾ ਤਾਂ ਉਸ ਨੂੰ ਜ਼ਮਾਨਤ ਮਿਲ ਗਈ। ਹੁਣ ਮਗੁੰਟਾ ਫਿਰ ਤੋਂ ਚੋਣ ਲੜ ਰਿਹਾ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫੋਟੋ ਲਗਾ ਕੇ ਚੋਣ ਪ੍ਰਚਾਰ ਕਰ ਰਿਹਾ ਹੈ।

ਸੰਜੇ ਨੇ ਭਾਜਪਾ ’ਤੇ ਦੋਸ਼ ਲਗਾਇਆ ਕਿ ਅਸਲੀ ਸ਼ਰਾਬ ਘਪਲਾ ਈ.ਡੀ. ਦੀ ਜਾਂਚ ਤੋਂ ਬਾਅਦ ਸ਼ੁਰੂ ਹੋਇਆ, ਜਿਸ ਨੂੰ ਭਾਜਪਾ ਨੇ ਕੀਤਾ। ਉਨ੍ਹਾਂ ਕਿਹਾ ਈ.ਡੀ. ਨੇ ਸ਼ਰਾਬ ਘਪਲਾ ਮਾਮਲੇ ’ਚ ਸ਼ਰਦ ਰੈੱਡੀ ਨੂੰ ਗ੍ਰਿਫ਼ਤਾਰ ਕੀਤਾ। ਈ.ਡੀ. ਨੇ ਕਿਹਾ ਸੀ ਕਿ ਸ਼ਰਾਬ ਘਪਲੇ ਦਾ ਕਿੰਗਪਿੰਗ ਸ਼ਰਦ ਰੈੱਡੀ ਹੈ ਪਰ ਸ਼ਰਦ ਰੈੱਡੀ ਨੇ ਆਪਣੇ ਬਿਆਨਾਂ ’ਚ ਕਿਤੇ ਕੇਜਰੀਵਾਲ ਦਾ ਨਾਂ ਨਹੀਂ ਲਿਆ। ਈ.ਡੀ. ਨੇ ਉਸ ਨੂੰ 6 ਮਹੀਨਿਆਂ ’ਚ ਜੇਲ੍ਹ ’ਚ ਰੱਖਿਆ ਅਤੇ ਉਸ ਨੇ ਟੁੱਟ ਕੇ ਕੇਜਰੀਵਾਲ ਦਾ ਨਾਂ ਲੈ ਲਿਆ। ਇਸ ਤੋਂ ਬਾਅਦ ਉਸ ਨੂੰ ਜ਼ਮਾਨਤ ਮਿਲ ਗਈ। ਸ਼ਰਦ ਰੈੱਡੀ ਨੇ ਭਾਜਪਾ ਨੂੰ 55 ਕਰੋੜ ਰੁਪਏ ਰਿਸ਼ਵਤ ਦਿੱਤੀ, ਜਿਸ ਦਾ ਸੁਪਰੀਮ ਕੋਰਟ ਦੇ ਚੋਣ ਬਾਂਡ ਦੇ ਆਦੇਸ਼ ਤੋਂ ਬਾਅਦ ਖੁਲਾਸਾ ਹੋਇਆ। ਅਸਲੀ ਘਪਲੇਬਾਜ਼ ਭਾਜਪਾ ਹੈ ਅਤੇ ਕੇਜਰੀਵਾਲ ਨੂੰ ਸਾਜਿਸ਼ ਦੇ ਅਧੀਨ ਗ੍ਰਿਫ਼ਤਾਰ ਕੀਤਾ ਗਿਆ ਹੈ।

# 10 ਸਾਲਾਂ ’ਚ ਕੀਤਾ ਗਿਆ ਕੰਮ ਤਾਂ ਸਿਰਫ਼ ਟ੍ਰੇਲਰ ਹੈ, ਅਜੇ ਬਹੁਤ ਕੁਝ ਕਰਨਾ ਹੈ : ਮੋਦੀ

**ਜੈਪੁਰ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਸਰਕਾਰ ਦੇ ਬੀਤੇ 10 ਸਾਲਾਂ ’ਚ ਕੀਤੇ ਗਏ ਕੰਮ ਨੂੰ ਸਿਰਫ਼ ਇਕ ਟ੍ਰੇਲਰ (ਨਮੂਨਾ) ਦੱਸਦੇ ਹੋਏ ਕਿਹਾ ਕਿ ਅਜੇ ਤਾਂ ਬਹੁਤ ਕੁਝ ਹੋਰ ਕਰਨਾ ਹੈ ਅਤੇ ਦੇਸ਼ ਨੂੰ ਬਹੁਤ ਅੱਗੇ ਲੈ ਕੇ ਜਾਣਾ ਹੈ। ਵਿਰੋਧੀ ਪਾਰਟੀਆਂ ਦੇ ਗਠਜੋੜ ’ਇੰਡੀਅਨ ਨੈਸ਼ਨਲ ਡਿਵੈਲਪਮੈਂਟ ਇੰਫਲੂਸਿਵ ਅਲਾਇੰਸ’ (ਇੰਡੀਆ) ’ਤੇ ਨਿਸ਼ਾਨਾ ਵਿੰਨ੍ਹਦੇ ਹੋਏ ਪੀ.ਐੱਮ. ਮੋਦੀ ਨੇ ਕਿਹਾ ਕਿ ਇਹ ਸਿਰਫ ਆਪਣਾ ਹਿੱਤ ਦੇਖਦੇ ਹਨ, ਇਨ੍ਹਾਂ ਨੂੰ ਗਰੀਬ, ਦਲਿਤ, ਸ਼ੋਸ਼ਿਤ-ਵੰਚਿਤ ਵਰਗਾਂ ਦੀ ਭਲਾਈ ਜਾਂ ਸਨਮਾਨ ਨਾਲ ਕੋਈ ਮਤਲਬ ਨਹੀਂ ਹੈ।

ਉਨ੍ਹਾਂ ਕਿਹਾ ਕਿ ਫੌਜਾਂ ਦਾ ਅਪਮਾਨ ਅਤੇ ਦੇਸ਼ ਦੀ ਵੰਡ ਕਾਂਗਰਸ ਦੀ ਪਛਾਣ ਹੈ। ਪੀ.ਐੱਮ. ਮੋਦੀ ਪਾਰਟੀ ਉਮੀਦਵਾਰ ਦੇਵੇਂਦਰ ਝਾਝੜੀਆ ਦੇ ਸਮਰਥਨ ’ਚ ਚੁਰੂ ’ਚ ਆਯੋਜਿਤ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਨਵਾਂ ਭਾਰਤ ਘਰ ਵਿੱਚ ਵੜ ਕੇ ਮਾਰਦਾ ਹੈ। ਉਨ੍ਹਾਂ ਕੇਂਦਰ ਵਿੱਚ ਆਪਣੀ ਸਰਕਾਰ ਦੇ 10 ਸਾਲਾਂ ਦੇ ਕਾਰਜਕਾਲ ਦੀ ਤੁਲਨਾ ਇੱਕ ਰੈਸਟੋਰੈਂਟ ਵਿੱਚ ਮੁੱਖ ਭੋਜਨ ਤੋਂ ਪਹਿਲਾਂ ‘ਐਪੀਟਾਈਜ਼ਰ’ ਅਤੇ ਫਿਲਮ ਦੇ ਟ੍ਰੇਲਰ ਨਾਲ ਕੀਤੀ।



ਪੀ.ਐੱਮ. ਨੇ ਕਿਹਾ ਕਿ ਭਾਜਪਾ ਸਰਕਾਰ ਜ਼ਿੰਦਗੀ ਦੇ ਹਰ ਪੜਾਅ ’ਤੇ ਗਰੀਬਾਂ ਨਾਲ ਖੜ੍ਹੀ ਹੈ। ਜੋ ਕੰਮ ਇੰਨੇ ਦਹਾਕਿਆਂ ਵਿੱਚ ਨਹੀਂ ਹੋਇਆ, ਅਸੀਂ 10 ਸਾਲਾਂ ਵਿੱਚ ਕਰ ਦਿੱਤਾ। ਇਸ ਲਈ ਮੈਂ ਕਹਿੰਦਾ ਹਾਂ ਕਿ ਜਦੋਂ ਇਰਾਦੇ ਸਹੀ ਹੁੰਦੇ ਹਨ ਤਾਂ ਨਤੀਜੇ ਸਹੀ ਹੁੰਦੇ ਹਨ।

ਉਨ੍ਹਾਂ ਕਿਹਾ ਕਿ ਜੋ ਕੁਝ ਬੀਤੇ 10 ਸਾਲਾਂ ਵਿਚ ਹੋਇਆ... ਲੋਕ ਕਹਿੰਦੇ ਹਨ ਕਿ ਬਹੁਤ ਕੁਝ ਹੋਇਆ। ਪਿਛਲੀਆਂ ਸਰਕਾਰਾਂ ਦੇ ਮੁਕਾਬਲੇ ਬਹੁਤ ਕੁਝ ਹੋਇਆ ਪਰ ਮੋਦੀ ਦੇ ਮਨ ਦੀ ਗੱਲ ਮੈਂ ਅੱਜ ਚੁਰੂ ’ਚ ਦੱਸ ਦਿੰਦਾ ਹਾਂ... ਜੋ ਹੁਣ ਤਕ ਹੋਇਆ ਹੈ ਉਹ ਤਾਂ ਟ੍ਰੇਲਰ ਹੈ ਟ੍ਰੇਲਰ।

# ਨਾਭਾ ਵਿਖੇ 13ਵਾਂ ਇਨਕਲਾਬੀ ਨਾਟਕ ਮੇਲਾ ਕੱਲ੍ਹ ਸ਼ਾਮ ਨੂੰ- ਜੱਸੀ ਸੋਹੀਆਂ ਵਾਲਾ



**ਨਾਭਾ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਆਜ਼ਾਦ ਵੈਲਫੇਅਰ ਐਂਡ ਸਪੋਰਟਸ ਕਲੱਬ ਰਜਿ. ਨਾਭਾ ਵਲੋਂ ਯੂਥ ਕਲਚਰ ਐਂਡ ਵੈਲਫੇਅਰ ਕਲੱਬ ਦੇ ਸਹਿਯੋਗ ਨਾਲ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਦੀ ਅਗਵਾਈ ਹੇਠ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ੍ਰੀ ਗੁਰੂ ਤੇਗ ਬਹਾਦਰ ਨਗਰ, ਚੌਧਰੀ ਮਾਜਰਾ ਰੋਡ ਨਾਭਾ ਵਿਖੇ 13ਵਾਂ ਇਨਕਲਾਬੀ ਨਾਟਕ ਮੇਲਾ 7 ਅਪ੍ਰੈਲ 2024, ਦਿਨ ਐਤਵਾਰ ਨੂੰ ਸ਼ਾਮ 7 ਵਜੇ ਤੋਂ ਰਾਤ 10 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆ ਕਲੱਬ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਦੱਸਿਆ ਕਿ ਇਸ ਇਨਕਲਾਬੀ ਨਾਟਕ ਮੇਲੇ ਦੌਰਾਨ ਅਕਸ਼ ਰੰਗਮੰਚ ਮੰਚ ਸਮਰਾਲਾ ਦੀ ਟੀਮ ਵਲੋਂ ਉਘੇ ਰੰਗਕਰਮੀ ਰਾਜਵਿੰਦਰ ਸਮਰਾਲਾ ਦੀ ਨਿਰਦੇਸ਼ਨਾ ਹੇਠ ਨਸ਼ਿਆ ਅਤੇ ਸਮਾਜਿਕ ਬੁਰਾਈਆ ਦੇ ਖਿਲਾਫ ਨੌਜਵਾਨਾਂ ਨੂੰ ਜਾਗਰੂਕ ਕਰਨ ਲਈ ਨਾਟਕ ਖੇਡੇ ਜਾਣਗੇ ਅਤੇ ਕੋਰੀਓਗ੍ਰਾਫੀ ਪੇਸ਼ ਕੀਤੀ ਜਾਵੇਗੀ।

# ਪੰਜਾਬ ਵਿਚ ਦਿਲ ਕੰਬਾਅ ਦੇਣ ਵਾਲਾ ਹਾਦਸਾ, ਦੋ ਔਰਤਾਂ ਸਮੇਤ 5 ਲੋਕਾਂ ਦੀ ਮੌਕੇ ’ਤੇ ਮੌਤ

**ਕੋਟਕਪੂਰਾ/ਫਰੀਦਕੋਟ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੋਟਕਪੂਰਾ ਦੇ ਨਜ਼ਦੀਕੀ ਪਿੰਡ ਪੰਜਗਰਾਈਂ ਖੁਰਦ ਨੇੜੇ ਸ਼ੁੱਕਰਵਾਰ ਰਾਤ 2 ਵਜੇ ਦੇ ਕਰੀਬ ਟਾਟਾ ਐੱਸ ਸਵਾਰ ਸੰਗਤ ਅਤੇ ਇੱਟਾਂ ਦੇ ਭਰੇ ਟਰਾਲੇ ਵਿਚਕਾਰ ਭਿਆਨਕ ਟੱਕਰ ਹੋ ਗਈ। ਇਸ ਦਿਲ ਕੰਬਾਅ ਦੇਣ ਵਾਲੇ ਹਾਦਸੇ ਵਿਚ ਦੋ ਔਰਤਾਂ ਸਮੇਤ 5 ਲੋਕਾਂ ਦੀ ਮੌਤ ਹੋ ਗਈ, ਜਦਕਿ 8 ਲੋਕ ਗੰਭੀਰ ਰੂਪ ’ਚ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਇਲਾਜ ਲਈ ਕੋਟਕਪੂਰਾ ਅਤੇ ਫਰੀਦਕੋਟ ਦੇ ਹਸਪਤਾਲਾਂ ’ਚ ਦਾਖਲ ਕਰਵਾਇਆ ਗਿਆ ਹੈ।



ਮਿਲੀ ਜਾਣਕਾਰੀ ਮੁਤਾਬਕ ਇਹ ਸਾਰੇ ਵਿਅਕਤੀ ਮੁਕਤਸਰ ਦੇ ਪਿੰਡ ਮਰਾੜ ਕਲਾਂ ਦੇ ਵਸਨੀਕ ਹਨ, ਜੋ ਕਿ ਬਾਘਾ ਪੁਰਾਣਾ ਦੇ ਪਿੰਡ ਨਿਗਾਹਾ ਵਿਖੇ ਇੱਕ ਧਾਰਮਿਕ ਸਥਾਨ ’ਤੇ ਮੱਥਾ ਟੇਕਣ ਤੋਂ ਬਾਅਦ ਟਾਟਾ ਐੱਸ ਗੱਡੀ (ਛੋਟੇ ਹਾਥੀ) ਵਿਚ ਸਵਾਰ ਹੋ ਕੇ ਵਾਪਸ ਆ ਰਹੇ ਸਨ। ਇਸ ਦੌਰਾਨ ਜਦੋਂ ਇਹ ਪੰਜਗਰਾਈਂ ਖੁਰਦ ਨੇੜੇ ਪਹੁੰਚੇ ਤਾਂ ਸਾਹਮਣੇ ਤੋਂ ਆ ਰਹੇ ਇਕ ਤੇਜ਼ ਰਫ਼ਤਾਰ ਟਰਾਲੇ ਨੇ ਉਨ੍ਹਾਂ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਹਾਦਸੇ ਤੋਂ ਬਾਅਦ ਚੀਖ ਚਿਹਾੜਾ ਮਚ ਗਿਆ। ਟੱਕਰ ਇੰਨੀ ਜ਼ੋਰਦਾਰ ਸੀ ਕਿ ਛੋਟੇ ਹਾਥੀ ਦੇ ਪਰਖੱਚੇ ਹੀ ਉਡ ਗਏ। ਫਿਲਹਾਲ ਪੁਲਸ ਵਲੋਂ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਕਬਜ਼ੇ ਵਿਚ ਲੈ ਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਆਸ਼ਾ ਰਾਣੀ ਤੇ ਚੈਕ ਬਾਊਂਸ ਕੇਸ ਵਿੱਚ ਡੇਡ ਸਾਲ ਦੀ ਸਜ਼ਾ

**ਪਟਿਆਲਾ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਨਯੋਗ ਅਦਾਲਤ ਪਟਿਆਲਾ ਜੱਜ ਸ਼੍ਰੀ.ਅਕਬਰ ਖਾਨ ਜੀ ਦੀ ਅਦਾਲਤ ਨੇ ਸੀਨੀਅਰ ਵਕੀਲ਼ ਸ. ਸੁਖਵਿੰਦਰ ਸਿੰਘ ਬੱਲ ਅਤੇ ਬੇਅੰਤ ਸਿੰਘ ਕੰਬੋਜ ਵਕੀਲ਼ ਦੀ ਦਲੀਲਾਂ ਤੋਂ ਸਹਿਮਤ ਹੁੰਦੇ ਹੋਏ ਦੋਸ਼ੀ ਆਸ਼ਾ ਰਾਣੀ ਪਤਨੀ ਨੰਦ ਕਿਸ਼ੋਰ (ਉਰਫ ਬਿੱਲਾ ਡਰਾਈਵਰ) ਵਾਸੀ ਸੰਤ ਹਜ਼ਾਰਾ ਸਿੰਘ ਨਗਰ ਨੇੜੇ ਨਾਰਾਇਣ ਪਬਲਿਕ ਸਕੂਲ ਸਨੌਰ ਰੋਡ ਪਟਿਆਲਾ ਨੂੰ ਚੈਕ ਬਾਊਂਸ ਦੇ ਦੋ ਵੱਖ ਵੱਖ ਮਾਮਲਿਆਂ ਵਿੱਚ ਦੋਸ਼ੀ ਕਰਾਰ ਦੇਂਦੇ ਹੋਏ 18 ਮਹੀਨਿਆਂ ਦੀ ਸਜ਼ਾ ਸੁਣਾਈ। ਆਸ਼ਾ ਰਾਣੀ ਦੇ ਖਿਲਾਫ ਪਟਿਆਲਾ ਦੀ ਵੱਖ ਵੱਖ ਅਦਾਲਤਾਂ ਵਿੱਚ ਲੋਕਾਂ ਦੇ ਲੱਖਾਂ ਰੁਪਏ ਹੜੱਪਨ,ਬਲੈਕਮੇਲ ਕਰਨ ਅਤੇ ਰੁਪਏ ਨਾ ਮੋੜਨੇ ਪੈਣ ਦੀ ਨੀਅਤ ਨਾਲ ਉਹਨਾਂ ਦੇ ਹੀ ਵਿਰੁੱਧ ਪੁਲਿਸ ਨੂੰ ਝੂਠੀਆਂ ਦਰਖਾਸਤਾਂ ਦੇਣ ਦੀ ਆਦਿ ਦੇ ਅਦਾਲਤ ਵਿਚ ਅਲੱਗ ਅਲੱਗ ਧਾਰਾ ਅਧੀਨ 6 ਕੇਸ ਚਲ ਰਹੇ ਹਨ। ਮਾਮਲਾ ਦਸ ਦੇਈਏ ਆਸ਼ਾ ਰਾਣੀ ਨੇ ਰਜਨੀਸ਼ ਸਕਸੇਨਾ ਵਾਸੀ ਪਟਿਆਲਾ ਨਾਮ ਦੇ ਵਿਅਕਤੀ ਤੋਂ ਕਰੀਬ 8.60 ਹਜ਼ਾਰ ਰੁਪਏ 7 ਸਾਲ ਪਹਿਲਾਂ ਆਪਣੇ ਬੱਚਿਆਂ ਦੀ ਪੜਾਈ ਅਤੇ ਘਰੇਲੂ ਜ਼ਰੂਰਤਾਂ ਲਈ ਉਧਾਰ ਲਏ ਸਨ। ਉਧਾਰ ਲਿਤੇ ਰੁਪਏ ਨਾ ਮੋੜਨ ਦੀ ਨੀਅਤ ਨਾਲ ਪੁਲਿਸ ਦੇ ਕੁੱਛ ਮੁਲਾਜ਼ਮਾ ਨਾਲ ਮਿਲ ਕੇ ਰਜਨੀਸ਼ ਦੇ ਖ਼ਿਲਾਫ਼ ਝੂਠੀਆਂ ਦਰਖਾਸਤਾਂ ਦੇ ਕੇ ਆਪਣੇ ਵਿਰੁੱਧ ਚਲਦੇ ਅਲੱਗ ਅਲੱਗ ਅਦਾਲਤ ਵਿਚ ਭਿੰਨ ਭਿੰਨ ਧਾਰਾਵਾਂ 138 ਅਤੇ ਧਾਰਾ 182 ਅਧੀਨ ਚ ਚਲਦੇ ਕੇਸਾਂ ਨੂੰ ਪ੍ਰਭਾਵਿਤ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਪਰੰਤੂ ਐਡਵੋਕੇਟ ਸੁਖਵਿੰਦਰ ਸਿੰਘ ਬੱਲ ਅਤੇ ਬੇਅੰਤ ਸਿੰਘ ਕੰਬੋਜ ਦੀਆਂ ਦਲੀਲਾਂ ਤੋਂ ਸਹਿਮਤ ਹੁੰਦੇ ਹੋਏ ਜੱਜ ਸਾਹਿਬ ਨੇ ਆਸ਼ਾ ਰਾਣੀ ਨੂੰ 18 ਮਹੀਨਿਆਂ ਦੀ ਸਜ਼ਾ ਸੁਣਾਈ।



# ‘ਅਗਨੀ-ਪ੍ਰਾਈਮ’ ਮਿਜ਼ਾਈਲ ਦਾ ਸਫਲ ਪ੍ਰੀਖਣ

**ਨਵੀਂ ਦਿੱਲੀ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਨੇ ਓਡਿਸ਼ਾ ਦੇ ਸਮੁੰਦਰੀ ਕੰਢੇ ਦੇ ਖੇਤਰ ਦੇ ਏ.ਪੀ.ਜੇ. ਅਬਦੁਲ ਕਲਾਮ ਟਾਪੂ ਤੋਂ ਪ੍ਰਮਾਣੂ ਹਥਿਆਰ ਲਿਜਾਣ ਦੇ ਸਮਰੱਥ ਨਵੀਂ ਪੀੜ੍ਹੀ ਦੀ ਬੈਲਿਸਟਿਕ ਮਿਜ਼ਾਈਲ ‘ਅਗਨੀ-ਪ੍ਰਾਈਮ’ ਦਾ ਸਫਲ ਪ੍ਰੀਖਣ ਕੀਤਾ।

ਰੱਖਿਆ ਮੰਤਰਾਲੇ ਨੇ ਕਿਹਾ ਕਿ ਮਿਜ਼ਾਈਲ ਦੇ ਭਰੋਸੇਯੋਗ ਪ੍ਰਦਰਸ਼ਨ ਨਾਲ ਪ੍ਰੀਖਣ ਦੇ ਸਾਰੇ ਉਦੇਸ਼ ਹਾਸਲ ਕਰ ਲਏ ਗਏ। ਰਣਨੀਤਕ ਫੋਰਸ ਕਮਾਂਡ (ਐੱਸ. ਐੱਫ. ਸੀ.) ਨੇ ਰੱਖਿਆ ਖੋਜ ਅਤੇ ਵਿਕਾਸ ਸੰਗਠਨ (ਡੀ. ਆਰ. ਡੀ. ਓ.) ਦੇ ਨਾਲ ਮਿਲ ਕੇ 1,000 ਤੋਂ 2,000 ਕਿਲੋਮੀਟਰ ਤੱਕ ਦੀ ਮਾਰ ਕਰਨ ਦੀ ਸਮਰੱਥਾ ਵਾਲੀ ਮਿਜ਼ਾਈਲ ਦਾ ਉਡਾਣ ਪ੍ਰੀਖਣ ਕੀਤਾ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਮਿਜ਼ਾਈਲ ਦੇ ਸਫਲ ਪ੍ਰੀਖਣ ਲਈ ਡੀ. ਆਰ. ਡੀ. ਓ., ਐੱਸ. ਐੱਫ. ਸੀ. ਅਤੇ ਹਥਿਆਰਬੰਦ ਫੋਰਸਾਂ ਨੂੰ ਵਧਾਈ ਦਿੱਤੀ।



# ਕੈਂਸਰ ਨਾਲ ਜੂਝ ਰਹੀ ਪਤਨੀ ਦੇ ਆਪ੍ਰੇਸ਼ਨ ਤੋਂ ਬਾਅਦ ਨਵਜੋਤ ਸਿੱਧੂ ਨੇ ਸਾਂਝੀ ਕੀਤੀ ਪੋਸਟ

## (ਡਾ. ਨਵਜੋਤ ਕੌਰ ਸਿੱਧੂ) ਦਾ ਸੰਕਲਪ ਅਡੋਲ ਹੈ, ਮੁਸਕਰਾਹਟ ਉਸ ਦੇ ਚਿਹਰੇ ਨੂੰ ਕਦੇ ਨਹੀਂ ਛੱਡਦੀ



**ਚੰਡੀਗੜ੍ਹ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਕ੍ਰਿਕਟਰ ਅਤੇ ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਧਰਮਪਤਨੀ ਡਾ. ਨਵਜੋਤ ਕੌਰ ਸਿੱਧੂ ਦਾ ਯਮੁਨਾਨਗਰ ਦੇ ਇਕ ਹਸਪਤਾਲ ’ਚ ਕੈਂਸਰ ਦਾ ਆਪ੍ਰੇਸ਼ਨ ਹੋਇਆ। ਵੀਰਵਾਰ ਨੂੰ ਹੀ ਨਵਜੋਤ ਸਿੰਘ ਸਿੱਧੂ ਆਪਣੀ ਪਤਨੀ ਨਵਜੋਤ ਕੌਰ ਨੂੰ ਲੈ ਕੇ ਹਸਪਤਾਲ ਪਹੁੰਚੇ ਸਨ। ਸ਼ਾਮ 5 ਵਜੇ ਉਨ੍ਹਾਂ ਦੀ ਬ੍ਰੈਸਟ ਕੈਂਸਰ ਦੀ ਸਰਜਰੀ ਡਾ. ਰੁਪਿੰਦਰ ਸਿੰਘ ਨੇ ਸ਼ੁਰੂ ਕੀਤੀ, ਜਿਸ ’ਚ ਢਾਈ ਤੋਂ 3 ਘੰਟੇ ਦਾ ਸਮਾਂ ਲੱਗਾ। ਨਵਜੋਤ ਪਿਛਲੇ 11 ਮਹੀਨਿਆਂ ਤੋਂ ਇੱਥੋਂ ਆਪਣਾ ਇਲਾਜ ਕਰਵਾ ਰਹੇ ਹਨ। ਨਵਜੋਤ ਸਿੰਘ ਸਿੱਧੂ ਨੇ ਟਵੀਟ ਕਰ ਕੇ ਇਸ ਦੀ ਜਾਣਕਾਰੀ ਸਾਂਝੀ ਕੀਤੀ ਹੈ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਨਵਜੋਤ ਸਿੰਘ ਸਿੱਧੂ ਨੇ ਦੱਸਿਆ ਕਿ ਇਹ ਆਪ੍ਰੇਸ਼ਨ ਤਕਰੀਬਨ ਸਾਢੇ ਤਿੰਨ ਘੰਟੇ ਚੱਲਿਆ। ਉਨ੍ਹਾਂ ਆਪਣੀ ਪਤਨੀ ਦੀ ਤਾਰੀਫ਼ ਕਰਦਿਆਂ ਕਿਹਾ ਕਿ ਉਸ ਦਾ ਸੰਕਲਪ ਅਡੋਲ ਹੈ ਤੇ ਉਸ ਦੇ ਚਿਹਰੇ ’ਤੇ ਹਮੇਸ਼ਾ ਮੁਸਕਰਾਹਟ ਰਹਿੰਦੀ ਹੈ। ਉਨ੍ਹਾਂ ਨੇ ਡਾ. ਨਵਜੋਤ ਕੌਰ ਸਿੱਧੂ ਦੀ ਹਿੰਮਤ ਨੂੰ ਸਲਾਮ ਕੀਤਾ ਹੈ। ਸਿੱਧੂ ਨੇ ਟਵੀਟ ਕੀਤਾ, ÷ਆਪ੍ਰੇਸ਼ਨ ਸਾਢੇ ਤਿੰਨ ਘੰਟੇ ਚੱਲਿਆ। ਪ੍ਰਭਾਵਿਤ ਚਮੜੀ ਨੂੰ ਹਟਾਇਆ ਗਿਆ ਅਤੇ ਫਲੈਪਾਂ ਨਾਲ ਪੁਨਰ-ਨਿਰਮਾਣ ਕੀਤਾ ਗਿਆ। ਉਸ (ਡਾ. ਨਵਜੋਤ ਕੌਰ ਸਿੱਧੂ) ਦਾ ਸੰਕਲਪ ਅਡੋਲ ਹੈ, ਮੁਸਕਰਾਹਟ ਉਸ ਦੇ ਚਿਹਰੇ ਨੂੰ ਕਦੇ ਨਹੀਂ ਛੱਡਦੀ - ਹਿੰਮਤ ਤੇਰਾ ਨਾਮ ’ਨੋਨੀ’ ਹੈ...।

# ਫਿਜ਼ੂਲ ਖਰਚ ’ਤੇ ਚੋਣ ਕਮਿਸ਼ਨ ਸਖ਼ਤ; ਚਾਹ-ਮੱਠੀ ਤੋਂ ਲੈ ਕੇ ਵਾਹਨਾਂ ਤਕ ਦੇ ਰੇਟ ਕੀਤੇ ਨਿਰਧਾਰਤ

**ਚੰਡੀਗੜ੍ਹ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ ਦੌਰਾਨ ਸਿਆਸੀ ਪਾਰਟੀਆਂ ਅਤੇ ਉਮੀਦਵਾਰਾਂ ਵੱਲੋਂ ਰੈਲੀਆਂ ਅਤੇ ਚੋਣ ਪ੍ਰਚਾਰ ਆਦਿ ਲਈ ਕੀਤੇ ਜਾਣ ਵਾਲੇ ਖ਼ਰਚੇ ਨੂੰ ਲੈ ਕੇ ਚੋਣ ਕਮਿਸ਼ਨ ਵੱਲੋਂ ਰੇਟ ਤੈਅ ਕੀਤੇ ਗਏ ਹਨ। ਇਸ ’ਚ ਟੈਂਟ, ਕੈਟਰਿੰਗ, ਲਾਈਟਿੰਗ, ਰਜਾਈ, ਗੱਦੇ ਤੋਂ ਇਲਾਵਾ ਖਾਣ -ਪੀਣ ਦਾ ਸਾਮਾਨ ਸ਼ਾਮਲ ਹੈ।

ਇਸ ਵਾਰ ਪੰਜਾਬ ਵਿਚ ਚੋਣ ਪ੍ਰਚਾਰ ਸਮੇਂ ਲਾਊਡ ਸਪੀਕਰ, ਐਂਪਲੀਫਾਇਰ ਅਤੇ ਮਾਈਕ੍ਰੋਫੋਨ ’ਤੇ 900 ਰੁਪਏ ਤੋਂ ਵੱਧ ਖ਼ਰਚਾ ਨਹੀਂ ਕੀਤਾ ਜਾ ਸਕੇਗਾ। ਇਸੇ ਤਰ੍ਹਾਂ ਇਨਵਰਟਰ, ਬੈਟਰੀ ’ਤੇ 350 ਰੁਪਏ, ਲੈਡ ਵਾਲ ’ਤੇ 7500 ਰੁਪਏ, ਪਰਦਾ 60 ਰੁਪਏ, ਰੈਫਰਿਜਰੇਟਰ 600 ਰੁਪਏ, ਤਖ਼ਤਪੋਸ਼ 70 ਰੁਪਏ, ਚਾਹ ਦੀ ਥਰਮਸ ਦਾ 120 ਰੁਪਏ ਖ਼ਰਚਾ ਤੈਅ ਕੀਤਾ ਗਿਆ ਹੈ। ਇਸੇ ਤਰ੍ਹਾਂ 52 ਸੀਟਰ ਬੱਸ ਦਾ 5400 ਰੁਪਏ, ਕਾਰ ਦਾ 1 ਹਜ਼ਾਰ ਰੁਪਏ, ਕਮਰਸ਼ੀਅਲ ਵਾਹਨਾਂ ’ਤੇ 1500 ਰੁਪਏ, ਮਿੰਨੀ ਬੱਸ ’ਤੇ 3600 ਰੁਪਏ ਅਤੇ ਟਰੱਕ ਲਈ 3000 ਰੁਪਏ ਖ਼ਰਚਾ ਤੈਅ ਕੀਤਾ ਗਿਆ ਹੈ।



ਇਸ ਦੇ ਨਾਲ ਹੀ ਹੋਟਲ ਰੂਮਾਂ ਦਾ ਵੀ ਖ਼ਰਚਾ ਤੈਅ ਕੀਤਾ ਗਿਆ ਹੈ, ਜਿਸ ਤਹਿਤ ਏ. ਸੀ. ਡੀਲਕਸ ਨਾਲ ਡਬਲ ਬੈੱਡ ਲਈ 3000 ਰੁਪਏ, ਡਬਲ ਬੈੱਡ ਰੂਮ ਲਈ 2000 ਰੁਪਏ ਤੇ ਸਿੰਗਲ ਬੈੱਡ ਏ. ਸੀ. ਰੂਮ ਲਈ 1050, ਸਿੰਗਲ ਬੈੱਡ ਬਗ਼ੈਰ ਏ. ਸੀ. ਲਈ 700 ਰੁਪਏ ਰੇਟ ਤੈਅ ਕੀਤਾ ਗਿਆ ਹੈ। ਇਸੇ ਤਰ੍ਹਾਂ ਖਾਣ-ਪੀਣ ਦੀਆਂ ਵਸਤਾਂ ਦਾ ਵੀ ਰੇਟ ਤੈਅ ਕੀਤਾ ਗਿਆ ਹੈ, ਜਿਸ ਅਨੁਸਾਰ ਵੇਸਣ ਵਾਲੀ ਬਰਫ਼ੀ 220 ਰੁਪਏ ਪ੍ਰਤੀ ਕਿੱਲੋ, ਬਿਸਕੁਟ 275 ਰੁਪਏ, ਬ੍ਰੈੱਡ ਪਕੌੜਾ 15 ਰੁਪਏ, ਬਰਫ਼ੀ 300 ਰੁਪਏ, ਕੇਕ 350, ਛੋਲੇ-ਭਟੂਰੇ 40 ਰੁਪਏ, ਕੌਫ਼ੀ 15 ਰੁਪਏ ਕੱਪ, ਗੱਚਕ ਸੌ ਰੁਪਏ, ਜਲੇਬੀ 175 ਰੁਪਏ ਕਿੱਲੋ, ਕਚੌਰੀ 15 ਰੁਪਏ , ਲੱਡੂ 150 ਰੁਪਏ, ਮੱਠੀ 10 ਰੁਪਏ, ਦੁੱਧ ਦੀ ਕੀਮਤ 55 ਰੁਪਏ ਤੈਅ ਕੀਤੀ ਗਈ ਹੈ।

ਇਸ ਦੇ ਨਾਲ ਹੀ ਪਨੀਰ ਦੇ ਪਕੌੜੇ 175 ਰੁਪਏ ਪ੍ਰਤੀ ਕਿੱਲੋ, ਪਕੌੜਾ 20 ਰੁਪਏ, ਪਰੌਂਠਾ 30 ਰੁਪਏ, ਜਲੇਬੀ 150 ਰੁਪਏ, ਚਟਨੀ ਨਾਲ ਸਮੋਸਾ 15 ਰੁਪਏ, ਛੋਲਿਆਂ ਨਾਲ ਸਮੋਸਾ 25 ਰੁਪਏ, ਸੈਂਡਵਿਚ 15 ਰੁਪਏ , ਢੋਡਾ ਮਠਿਆਈ 450 ਰੁਪਏ ਕਿੱਲੋ, ਸਧਾਰਨ ਰੋਟੀ ਥਾਲੀ 60 ਰੁਪਏ, ਸਾਫਟ ਡਰਿੰਕ 20 ਰੁਪਏ, ਚਾਹ ਦਾ ਕੱਪ 15 ਰੁਪਏ, ਲੱਸੀ 20 ਰੁਪਏ, ਨਿੰਬੂ ਸ਼ਿਕੰਜਵੀ 15 ਰੁਪਏ, ਸ਼ਰਬਤ 15 ਰੁਪਏ, ਆਟਾ 30 ਰੁਪਏ ਪ੍ਰਤੀ ਕਿੱਲੋ, ਪੂੜੀ-ਸਬਜ਼ੀ 40 ਰੁਪਏ, ਟਿੱਕੀ 30 ਰੁਪਏ, ਬਰਗਰ 30 ਰੁਪਏ ਤੋਂ ਇਲਾਵਾ ਮਟਨ ਦਾ 500 ਰੁਪਏ, ਚਿਕਨ ਦਾ 230 ਰੁਪਏ , ਮੱਛੀ ਦਾ 600 ਰੁਪਏ ਰੇਟ ਤੈਅ ਕੀਤਾ ਗਿਆ ਹੈ।

# ਸਿਹਤ ਵਿਭਾਗ ਤੇ ਮਿਲਾਵਟ ਖੋਰਾਂ ਖਿਲਾ.ਫ ਨਾਅਰੇਬਾਜ਼ੀ ਕਰ ਕੀਤਾ ਪ੍ਰਦਰਸ਼ਨ

**ਪਟਿਆਲਾ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰ ਕਿਸਮ ਦੇ ਖਾਣ ਪੀਣ ਵਾਲੇ ਪਦਾਰਥਾਂ *ਚ ਮਿਲਾਵਟ ਤੋਂ ਮੁਕੰਮਲ ਛੁਟਕਾਰੇ ਲਈ ਤੇ ਜਹਿਰ ਰੂਪੀ ਪਦਾਰਥਾਂ ਨੂੰ ਵੇਚਣੇ ਬੰਦ ਕਰਵਾਉਣ ਸਬੰਧੀ ਪਿਛਲੇ ਲੰਮੇ ਸਮੇਂ ਤੋਂ ਕੀਤਾ ਜਾ ਰਿਹਾ ਸੰਘਰਸ਼ ਨੂੰ ਲੈ ਕੇ ਅਰਵਿੰਦਰ ਕੁਮਾਰ ਕਾਕਾ ਦੀ ਅਗਵਾਈ ਹੇਠ ਨਾਅਰੇਬਾਜੀ ਕਰ ਸਿਹਤ ਵਿਭਾਗ ਤੇ ਮਿਲਾਵਟ ਖੋਰਾਂ ਵਿਰੁੱਧ ਪ੍ਰਦਰਸ਼ਨ ਕੀਤਾ। ਇਸ ਦੌਰਾਨ ਸਮਾਜ ਸੇਵੀ ਅਰਵਿੰਦਰ ਕੁਮਾਰ ਕਾਕਾ ਨੇ ਮਿਲਾਵਟ ਖੋਰਾਂ ਨੂੰ ਜਾਨਲੇਵਾ ਬੀਮਾਰੀਆਂ ਵੰਡਣ ਵਾਲੇ ਪੰਜਾਬ ਦੇ ਦੁਸ਼ਮਣ ਤੇ ਵੱਡੇ ਪਾਪੀ ਗੁਨਾਹਗਾਰ ਦੱਸਦਿਆ ਕਿਹਾ ਕਿ ਸਿਹਤ ਵਿਭਾਗ ਵੀ ਦਿਖਾਵੇ ਲਈ ਛਾਪੇਮਾਰੀ ਕਰ ਚੈਕਿੰਗ ਕਰਦਾ ਹੈ ਖਾਨਾ ਪੂਰਤੀ ਲਈ ਸੈਂਪਲ ਭਰੇ ਜਾਂਦੇ ਹਨ ਤੇ ਬਾਅਦ ਵਿੱਚ ਕਲੀਨ ਚਿੱਟ ਦਿੱਤੀ ਜਾਂਦੀ ਹੈ। ਮਿਲਾਵਟ ਖੋਰਾਂ ਦੇ ਬਰਾਬਰ ਸਿਹਤ ਵਿਭਾਗ ਦੇ ਅਨੇਕਾਂ ਅਧਿਕਾਰੀ ਤੇ ਕਰਮਚਾਰੀ ਘੱਟ ਕਸੂਰਵਾਰ ਨਹੀਂ ਹਨ ਜਿਨਾਂ ਦੇ ਲਾਲਚ ਕਾਰਨ ਪੰਜਾਬ ਵਿੱਚ ਮਿਲਾਵਟ ਖੋਰੀ ਦਾ ਧੰਦਾ ਵੱਧ ਫੁੱਲ ਰਿਹਾ ਹੈ ਜੇਕਰ ਸਿਹਤ ਵਿਭਾਗ ਆਪਣੀ ਇਮਾਨਦਾਰੀ ਨਾਲ ਕੰਮ ਕਰੇ ਤਾਂ ਮਿਲਾਵਟ ਖੋਰਾਂ ਦੇ ਹੌਂਸਲੇ ਕਦੇ ਬੁਲੰਦ ਨਹੀਂ ਹੋ ਸਕਦੇ ਮਿਲਾਟਵ ਖੋਰੀ ਦਾ ਧੰਦਾ ਸਿਹਤ ਵਿਭਾਗ ਦੀ ਮਿਲੀਭੁਗਤ ਤੋਂ ਬਿਨਾਂ ਨਹੀਂ ਚੱਲ ਸਕਦਾ। ਅੱਜ ਮਿਲਾਵਟ ਖੋਰ ਆਪਣੇ ਵੱਧ ਮੁਨਾਫੇ ਦੀ ਖਾਤਰ ਬੇਗੁਨਾਹ ਲੋਕਾਂ ਨੂੰ ਬਿਮਾਰ ਕਰ ਮੌਤ ਦੇ ਮੂੰਹ ਵਲ ਧਕੇਲ ਰਹੇ ਹਨ ਮਿਲਾਵਟੀ ਪਦਾਰਥਾਂ ਨੂੰ ਵੇਚਣਾ ਲੋਕਾਂ ਦੀਆਂ ਹੱਤਿਆਵਾਂ ਕਰਨ ਦੇ ਬਰਾਬਰ ਗੁਨਾਹ ਹੈ। ਜਿਸ ਦੀ ਸਜ਼ਾ ਫਾਂਸੀ ਹੋਣੀ ਚਾਹੀਦੀ ਹੈ। ਜਿਸ ਦੇ ਲਈ ਸਿਹਤ ਵਿਭਾਗ ਪੂਰੀ ਤਰ੍ਹਾਂ ਜਿੰਮੇਵਾਰ ਹੈ ਅਨੇਕਾਂ ਸਵਾਰਥੀ ਦੁਕਾਨਦਾਰ ਘੱਟ ਲਾਗਤ ਤੇ ਵੱਧ ਪੈਸੇ ਕਮਾਉਣ ਦੀ ਦੋੜ ਵਿੱਚ ਲੱਗੇ ਹੋਏ ਹਨ ਜਿਨ੍ਹਾਂ ਨੂੰ ਪ੍ਰਸ਼ਾਸ਼ਨ ਦਾ ਸ਼ਾਇਦ ਕੋਈ ਡਰ ਭੈਅ ਨਹੀਂ ਹੈ। ਸਿਹਤ ਵਿਭਾਗ ਵੱਲੋਂ ਮਿਲਾਵਟ ਖੋਰੀ ਤੇ ਕੇਵਲ ਤਿਉਹਾਰਾਂ ਨੇੜੇ ਹੀ ਚੈਕਿੰਗ ਕੀਤੀ ਜਾਂਦੀ ਹੈ ਜਦੋਂ ਕਿ ਖਾਣ ਸਮੱਗਰੀ ਦੀ ਖਾਣ ਵਿੱਚ ਵਰਤੋ ਸਾਲ ਭਰ ਹੁੰਦੀ ਹੈ ਸਿਹਤ ਵਿਭਾਗ ਇੱਕ ਦੋ ਦਿਨ ਸਖਤੀ ਕਰਕੇ ਛਾਪੇਮਾਰੀ ਕਰਦਾ ਹੈ ਇਹ ਵਰਤਾਰਾ ਜਿਉਂ ਦਾ ਤਿਉ ਚਲਦਾ ਹੀ ਰਹਿੰਦਾ ਹੈ। ਮਿਲਾਵਟ ਖੋਰੀ ਨੂੰ ਰੋਕਣ ਲਈ ਬੇਸ਼ਕ ਕਾਨੂੰਨ ਬਣਾਏ ਗਏ ਹਨ ਪਰ ਮਿਲਾਵਟ ਖੋਰੀ ਦਾ ਧੰਦਾ ਪੰਜਾਬ ਵਿੱਚ ਵਧ ਫੁੱਲ ਰਿਹਾ ਹੈ ਲੋਕ ਇੱਕ ਵਿਸ਼ਵਾਸ਼ ਦੇ ਸਹਾਰੇ ਪੈਸੇ ਖਰਚ ਕਰਕੇ ਬੀਮਾਰੀਆਂ ਖਰੀਦ ਰਹੇ ਹਨ। ਮਿਲਾਵਟ ਖੋਰ ਮਿਲਾਵਟੀ ਪਦਾਰਥ ਲੋਕਾਂ ਨੂੰ ਖੁਆ ਖੁਆ ਕੇ ਕੈਂਸਰ ਵਰਗੀਆਂ ਭਿਆਨਕ ਜਾਨਲੇਵਾ ਬਿਮਾਰੀਆਂ ਦੀਆਂ ਸਮੱਸਿਆਵਾ ਖੜੀਆਂ ਕਰ ਰਹੇ ਹਨ। ਰਿਫ ਵੀ ਮੋਜੂਦਾ ਗਰਕ ਚੁੱਕੇ ਸਿਸਟਮ ਤੇ ਗਹਿਰੀ ਚਿੰਤਾ ਜਹਿਰ ਕਰਦਿਆ ਕਿਹਾ ਕਿ ਧਾਰਮਿਕ ਰਹਿਬਰਾਂ ਦੀਆਂ ਫੋਟੋਆਂ ਦੁਕਾਨਾਂ ਤੇ ਲਗਾ ਕੇ ਰੱਬ ਦੇ ਨਾ ਢੋਂਗ ਰਚ ਕੇ ਇਨਸਾਨ ਦੀ ਜਿੰਦਗੀਆਂ ਨਾਲ ਇਨਸਾਨ ਹੀ ਖਿਲਵਾੜ ਕਰਕੇ ਭੋਲੇ ਭਾਲੇ ਲੋਕਾਂ ਨੂੰ ਜਹਿਰ ਪਰੋਸ ਰਿਹਾ ਹੈ। ਇਹ ਇਨਸਾਨੀਅਤ ਦਾ ਸ਼ਰੇਆਮ ਘਾਣ ਹੋ ਰਿਹਾ ਹੈ। ਬੱਚਿਆਂ ਦੇ ਸਰੀਰਕ, ਮਾਨਸਿਕ, ਬੋਧਿਕ ਵਿਕਾਸ ਵਿੱਚ ਕਮੀ ਆ ਰਹੀ ਹੈ।

[redacted]

# ਨਿੱਕੀ ਦੁਨੀਆਂ

22 ਅਪ੍ਰੈਲ ਧਰਤੀ ਦਿਵਸ ਵਿਸ਼ੇਸ਼



**ਧਰਤੀ ਨੂੰ ਮਾਂ ਦਾ ਦਰਜਾ ਦਿੱਤਾ ਗਿਆ ਹੈ, ਕਿਉਂਕਿ ਇਹ ਮਾਂ ਵਾਂਗ ਹੀ ਪਾਲਦੀ ਹੈ। ਸਾਡੇ ਲਈ ਅਨਾਜ ਪੈਦਾ ਕਰਦੀ ਹੈ ਅਤੇ ਜੀਵ-ਜੰਤੂਆਂ ਨੂੰ ਆਸਰਾ ਵੀ ਦਿੰਦੀ ਹੈ। ਸਾਨੂੰ ਵੀ ਆਪਣੀ ਧਰਤੀ ਮਾਂ ਦਾ ਖਿਆਲ ਰੱਖਣਾ ਚਾਹੀਦਾ ਹੈ। ਇਸ ਲਈ ਜਾਗਰੂਕਤਾ ਲਈ 22 ਅਪ੍ਰੈਲ ਨੂੰ 'ਵਿਸ਼ਵ ਧਰਤੀ ਦਿਵਸ' ਮਨਾਇਆ ਜਾਂਦਾ ਹੈ...**

## ਆਓ ਮਿਲ ਕੇ ਬਚਾਈਏ ਆਪਣੀ ਧਰਤੀ ਮਾਂ

ਧਰਤੀ 'ਤੇ ਮੌਜੂਦ ਦਰੱਖਤ ਤੇ ਜੀਵ-ਜੰਤੂਆਂ ਅਤੇ ਦੁਨੀਆਂ ਭਰ 'ਚ ਵਾਤਾਵਰਨ ਪ੍ਰਤੀ ਜਾਗਰੂਕਤਾ ਨੂੰ ਵਧਾਉਣ ਲਈ 22 ਅਪ੍ਰੈਲ 1970 ਨੂੰ ਪਹਿਲੀ ਵਾਰ ਅਮਰੀਕਾ 'ਚ 'ਵਿਸ਼ਵ ਧਰਤੀ ਦਿਵਸ' ਮਨਾਇਆ ਗਿਆ। ਇਸ ਦਿਨ ਨੂੰ ਮਨਾਉਣ ਦਾ ਮਕਸਦ ਸੀ ਰਾਜਨੀਤਿਕ ਸਤ੍ਹਾ 'ਤੇ ਵਾਤਾਵਰਨ ਸੁਰੱਖਿਆ ਸਬੰਧੀ ਨੀਤੀਆਂ ਨੂੰ ਅਮਲ 'ਚ ਲਿਆਉਣ ਲਈ ਦਬਾਅ ਬਣਾਉਣਾ।

22 ਅਪ੍ਰੈਲ 1990 'ਚ 'ਵਿਸ਼ਵ ਧਰਤੀ ਦਿਵਸ' ਦੇ 20ਵੇਂ ਜਨਮ ਦਿਨ 'ਤੇ 141 ਦੇਸ਼ਾਂ 'ਚ ਦੋ ਕਰੋੜ ਤੋਂ ਜ਼ਿਆਦਾ ਲੋਕਾਂ ਨੇ ਹਿੱਸਾ ਲਿਆ। ਉਸ ਸਮੇਂ ਤੋਂ ਅੱਜ ਤੱਕ ਹਰ ਸਾਲ ਇਸ ਦੁਨੀਆਂ ਭਰ 'ਚ ਵਾਤਾਵਰਨ ਪ੍ਰੇਮੀ ਅਤੇ ਸਰਕਾਰਾਂ ਧਰਤੀ ਨੂੰ ਹਰਿਆ ਭਰਿਆ ਬਣਾਉਣ ਲਈ ਆਪਣੇ ਪੱਧਰ 'ਤੇ ਕੰਮ ਕਰਦੀਆਂ ਹਨ। •

### ਛੋਟੇ ਕਦਮ ਵੱਡੇ ਫਾਇਦੇ

1. ਜਿੰਨਾ ਹੋ ਸਕੇ ਆਪਣੇ ਵਾਤਾਵਰਨ ਨੂੰ ਬਚਾਉਣ ਲਈ ਵੱਧ ਤੋਂ ਵੱਧ ਦਰੱਖ਼ਤ ਲਗਾਓ।
2. ਪਾਣੀ ਬਰਬਾਦ ਨਾ ਕਰੋ।
3. ਪਾਲੀਥੀਨ ਦੀ ਵਰਤੋਂ ਨਾ ਕਰੋ, ਬਾਜ਼ਾਰ ਜਾਂਦੇ ਸਮੇਂ ਬੈਗ ਨਾਲ ਲੈ ਕੇ ਜਾਓ।
4. ਟੀ.ਵੀ, ਪੱਖਾ, ਫਰਿੱਜ ਜ਼ਿਆਦਾ ਦੇਰ ਨਾ ਚਲਾਓ।
5. ਸਬਜ਼ੀਆਂ ਤੋਂ ਬਚੇ ਛਿਲਕਿਆਂ ਨੂੰ ਖਾਦ ਦੇ ਰੂਪ 'ਚ ਵਰਤੋ।
6. ਖਾਲੀ ਡੱਬੇ ਜਾਂ ਗਿਲਾਸ ਨੂੰ ਸਜਾ ਕੇ ਪੈੱਨ ਸਟੈਂਡ ਬਣਾਓ।
7. ਕਾਗਜ਼ ਨੂੰ ਬੇਕਾਰ ਨਾ ਜਾਣ ਦਿਓ।
8. ਖਾਣਾ ਬਚ ਜਾਵੇ ਤਾਂ ਗਰੀਬਾਂ 'ਚ ਵੰਡ ਦਿਓ।

'ਧਰਤੀ ਦਿਵਸ' ਮਨਾਉਣ ਦੇ ਮਕਸਦ ਨਾਲ ਸਾਰੀ ਦੁਨੀਆਂ ਦੇ ਲੋਕਾਂ ਨੂੰ ਜਾਗਰੂਕ ਕੀਤਾ ਜਾਂਦਾ ਹੈ ਕਿ ਕੁਦਰਤ ਨਾਲ ਇਕਮਿਕਤਾ ਕਾਇਮ ਰਖਣੀ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ, ਸਾਨੂੰ ਹਮੇਸ਼ਾ ਇਸ ਨੂੰ ਸਾਫ਼-ਸੁਥਰਾ ਰੱਖਣ 'ਚ ਠੋਸ ਉਪਰਾਲੇ ਕਰਨੇ ਚਾਹੀਦੇ ਹਨ...



## ਸਾਡੀ ਪਿਆਰੀ ਧਰਤੀ ਮਾਂ

ਬੱਚਿਓ! ਸਾਰਿਆਂ ਦਾ ਪਾਲਣ ਪੋਸ਼ਣ ਕਰਨ ਕਾਰਨ ਧਰਤੀ ਨੂੰ ਅਸੀਂ ਸਾਰੇ ਮਾਂ ਮੰਨਦੇ ਹਾਂ। ਪ੍ਰਿਥਵੀ ਸਾਨੂੰ ਅਜਿਹਾ ਵਾਤਾਵਰਨ, ਸਾਧਨ ਦਿੰਦੀ ਹੈ ਜਿਸ ਨਾਲ ਦੁਨੀਆਂ ਦੇ ਅਰਬਾਂ ਲੋਕ ਖੁਸ਼ਹਾਲ ਜੀਵਨ ਜੀਓ ਰਹੇ ਹਨ। ਭਾਰੀ ਉਦਯੋਗੀਕਰਨ ਅਤੇ ਬੇਪਰਵਾਹ ਜੀਵਨਸ਼ੈਲੀ ਨੇ ਵਾਤਾਵਰਨ ਦੇ ਵਿਨਾਸ਼ ਨੂੰ ਵਧਾਇਆ ਹੈ। ਦੁਨੀਆਂ ਨੂੰ ਵਾਤਾਵਰਨ ਪ੍ਰਦੂਸ਼ਣ ਤੋਂ ਰਾਹਤ ਦਿਵਾਉਣ ਲਈ ਅਤੇ ਪਰਸਥਿਤੀਆਂ ਨੂੰ ਬਿਹਤਰ ਬਣਾਉਣ ਲਈ ਜਾਗਰੂਕਤਾ ਲਿਆਉਣ ਲਈ ਹਰ ਸਾਲ 22 ਅਪ੍ਰੈਲ ਨੂੰ ਮਦਰ ਡੇਅ ਮਨਾਇਆ ਜਾਂਦਾ ਹੈ। ਆਓ! ਇਸ ਬਾਰੇ ਜਾਣਦੇ ਹਾਂ ਵਿਸਥਾਰ ਨਾਲ...

22 ਅਪ੍ਰੈਲ 1970 ਨੂੰ ਮਦਰ ਅਰਥ ਡੇਅ ਦੇ ਨਾਂ ਨਾਲ ਅਮਰੀਕਾ ਵਿਚ ਇਕ ਜ਼ਬਰਦਸਤ ਵਾਤਾਵਰਨ ਅੰਦੋਲਨ ਹੋਇਆ ਸੀ। ਇਸ ਦੇ ਜਨਕ ਅਮਰੀਕੀ ਸੀਨੇਟਰ ਗੇਲਾਰਡ ਨੈਲਸਨ ਸਨ ਜਿਨ੍ਹਾਂ ਦੇ ਮਨ ਵਿਚ ਵਿਚਾਰ ਆਇਆ ਕਿ ਭਾਰੀ ਵਾਤਾਵਰਨ ਵਿਨਾਸ਼ ਨੂੰ ਰੋਕਣ ਲਈ ਅਤੇ ਖਾਸ ਕਰਕੇ ਪਾਣੀ ਅਤੇ ਹਵਾ ਪ੍ਰਦੂਸ਼ਣ 'ਤੇ ਰੋਕ ਲਗਾਉਣ ਲਈ ਇਕ ਅੰਦੋਲਨ ਚਲਾਇਆ ਜਾਵੇ।

ਇਸ ਤੋਂ ਬਾਅਦ 1990 ਦਾ ਮਦਰ ਅਰਥ ਡੇਅ ਬਹੁਤ ਵਿਆਪਕ ਰਿਹਾ। ਜਿਸ ਦਿਨ ਦੁਨੀਆਂ ਦੇ 141 ਦੇਸ਼ਾਂ ਦੇ ਲਗਪਗ 20 ਕਰੋੜ ਲੋਕ ਧਰਤੀ ਬਚਾਉਣ ਦੇ ਪ੍ਰੋਗਰਾਮਾਂ ਵਿਚ ਸ਼ਾਮਲ ਹੋਏ।

ਇਸ ਤੋਂ ਪ੍ਰੇਰਿਤ ਹੋ ਕੇ 1992 ਵਿਚ ਬ੍ਰਾਜ਼ੀਲ ਦੇ ਸ਼ਹਿਰ ਰਿਓ ਡੀ ਜੇਨੇਰਿਓ ਵਿਚ ਸੰਯੁਕਤ ਰਾਸ਼ਟਰ ਪ੍ਰਿਥਵੀ ਸੰਮੇਲਨ ਹੋਇਆ। ਵਾਤਾਵਰਣ ਵਿਨਾਸ਼ ਦੇ ਅਸਰ ਨਾਲ ਦੁਨੀਆਂ ਦੇ ਜਲਵਾਯੂ ਵਿਚ ਗੰਭੀਰ ਬਦਲਾਅ ਹੋ ਰਹੇ ਹਨ। ਇਸ ਲਈ ਮਦਰ ਅਰਥ ਡੇਅ ਵਰਗੇ ਆਯੋਜਨ ਕਾਫੀ ਅਹਿਮ ਹਨ।

ਇਸ ਦਿਨ ਨੂੰ ਮਨਾਉਣ ਦੇ ਮਕਸਦ ਨਾਲ ਸਾਰੀ ਦੁਨੀਆਂ ਦੇ ਲੋਕਾਂ ਨੂੰ ਜਾਗਰੂਕ ਕੀਤਾ ਜਾਂਦਾ ਹੈ ਕਿ ਕੁਦਰਤ ਨਾਲ ਇਕਮਿਕਤਾ ਕਾਇਮ ਰਖਣੀ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ।

ਹੁਣ ਹਰ ਸਾਲ 190 ਦੇਸ਼ਾਂ ਦੇ ਇਕ ਅਰਬ ਲੋਕਾਂ ਤੋਂ ਜ਼ਿਆਦਾ ਇਨ੍ਹਾਂ ਪ੍ਰੋਗਰਾਮਾਂ ਵਿਚ ਸ਼ਾਮਲ ਹੋ ਕੇ ਧਰਤੀ ਨੂੰ ਸੁਰੱਖਿਅਤ ਰੱਖਣ ਦਾ ਫ਼ੈਸਲਾ ਲੈਂਦੇ ਹਨ। •



### ਧਰਤੀ ਸਾਹਮਣੇ ਵੱਡੀਆਂ ਚੁਣੌਤੀਆਂ

**1 ਜਨਸੰਖਿਅਕ ਬੋਝ**
ਦੁਨੀਆਂ ਦੀ ਆਬਾਦੀ ਹੁਣ 6.91 ਅਰਬ ਹੈ। ਸਾਲ 2050 ਤੱਕ ਇਹ 9.15 ਅਰਬ ਹੋ ਜਾਵੇਗੀ। ਇਹੀ ਤੇਜ਼ੀ ਰਹੀ ਤਾਂ 40 ਸਾਲ 'ਚ ਦਸ ਵਿਚੋਂ ਸਿਰਫ ਇਕ ਵਿਅਕਤੀ ਦੀਆਂ ਜ਼ਰੂਰਤਾਂ ਵੀ ਪੂਰੀਆਂ ਨਹੀਂ ਹੋਣਗੀਆਂ।

**2 ਤਪਦੀ ਧਰਤੀ**
ਗਲੋਬਲ ਵਾਰਮਿੰਗ ਨਾਲ ਧਰਤੀ ਦਾ ਤਾਪਮਾਨ 1880 ਤੋਂ ਬਾਅਦ ਇਕ ਡਿਗਰੀ ਵੱਧ ਚੁੱਕਾ ਸੀ। ਵਾਤਾਵਰਨ 'ਚ ਸੀਓ2 ਨਵੰਬਰ, 1958 'ਚ 313.34 ਮਿਲੀਅਨ ਸੀ। ਇਹ 2009 'ਚ ਕਰੀਬ 387.41 ਮਿਲੀਅਨ ਹੋ ਗਈ।

**3 ਪਿਘਲਦੇ ਗਲੇਸ਼ੀਅਰ**
ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ। ਆਰਕਟਿਕ ਧਰੁਵ 'ਚ ਸਿਰਫ 27 ਗਲੇਸ਼ੀਅਰ ਹੀ ਬਚੇ ਹਨ। ਜਦਕਿ 1990 'ਚ 150 ਸੀ।

**4 ਘਟਦੇ ਜੰਗਲ**
ਨਾਸਾ ਮੁਤਾਬਕ ਵਰਤਮਾਨ 'ਚ ਹਰ ਸਾਲ ਕਰੀਬ 3.5 ਕਰੋੜ ਏਕੜ ਜੰਗਲਾਂ ਦੀ ਕਟਾਈ ਹੁੰਦੀ ਹੈ। ਜੰਗਲ ਕੱਟਣ ਦਾ ਕਾਰਨ ਕਾਗਜ਼, ਤੇਲ, ਮੋਮ, ਰੰਗ ਆਦਿ ਹੈ। ਸਾਨੂੰ ਦਰੱਖ਼ਤਾਂ ਦੀ ਕਟਾਈ ਘੱਟ ਕਰਨ ਲਈ ਇਨ੍ਹਾਂ ਵਸਤੂਆਂ ਦੇ ਦੁਰਵਰਤੋਂ ਤੋਂ ਬਚਣਾ ਚਾਹੀਦਾ ਹੈ।

**5 ਬੰਜਰ ਜ਼ਮੀਨ**
ਮਿੱਟੀ ਦੀ ਉਪਰੀ ਪਰਤ 'ਤੇ ਹਰ ਸਾਲ 25 ਅਰਬ ਟਨ ਘੱਟ ਹੋ ਰਹੀ ਹੈ। ਇਹ ਜ਼ਮੀਨ ਨੂੰ ਉਪਜਾਊ ਬਣਾਉਂਦੀ ਹੈ। ਇਸ 'ਚ 13 ਮਹੱਤਵਪੂਰਨ ਪੋਸ਼ਕ ਤੱਤ ਹੁੰਦੇ ਹਨ, ਜੋ ਪਾਣੀ 'ਚ ਮਿਲਣ ਤੋਂ ਬਾਅਦ ਦਰੱਖ਼ਤਾਂ ਅਤੇ ਫ਼ਸਲਾਂ ਦਾ ਵਿਕਾਸ ਕਰਦੇ ਹਨ। ਇਸ ਦੇ ਖ਼ਤਮ ਹੋਣ ਕਰਕੇ ਜ਼ਮੀਨ ਬੰਜਰ ਹੁੰਦੀ ਹੈ।

**6 ਖ਼ਤਮ ਹੋਣ ਯੋਗ ਸਾਧਨ**
ਹਰ ਸਾਲ 8.1 ਕਰੋੜ ਬੈਰਲ ਤੇਲ ਦਾ ਉਤਪਾਦਨ ਹੁੰਦਾ ਹੈ। ਸਾਲ 2030 ਤੱਕ ਇਹ ਘੱਟ ਕੇ ਕਰੀਬ 3.9 ਕਰੋੜ ਬੈਰਲ ਹੋ ਸਕਦੀ ਹੈ।

**7 ਪ੍ਰਦੂਸ਼ਣ**
1950 'ਚ ਪਲਾਸਟਿਕ ਦਾ ਪ੍ਰਯੋਗ 50 ਲੱਖ ਟਨ ਸੀ, ਜੋ ਅੱਜ ਕਰੀਬ 10 ਕਰੋੜ ਟਨ ਹੈ।

**8 ਪਾਣੀ ਦੀ ਘਾਟ**
ਇਕ ਅਰਬ ਲੋਕਾਂ ਨੂੰ ਪਾਣੀ ਪੀਣ ਨੂੰ ਨਹੀਂ ਮਿਲਦਾ। 2050 ਤੱਕ ਕਰੀਬ ਤਿੰਨ ਅਰਬ ਲੋਕ ਬਿਨਾਂ ਪਾਣੀ ਜਾਂ ਘੱਟ ਪਾਣੀ ਦੇ ਗੁਜ਼ਾਰਾ ਕਰ ਰਹੇ ਹੋਣਗੇ।



ਦੁਨੀਆਂ 'ਚ ਬਹੁਤ ਸਾਰੀਆਂ ਚੀਜ਼ਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਦੇ ਬਹੁਤ ਸਾਰੇ ਅਰਥ ਨਿਕਲਦੇ ਹਨ ਤੇ ਇਨ੍ਹਾਂ ਦੇ ਅਰਥ ਬਹੁਤ ਹੀ ਜਾਣਕਾਰੀ ਭਰਭੂਰ ਹੁੰਦੇ ਹਨ। ਆਓ ਜਾਣੀਏ ਕੁਝ ਚੀਜ਼ਾਂ ਬਾਰੇ..

## ਪੰਜ ਕਿਰਦਾਰ ਅਤੇ ਇਨ੍ਹਾਂ ਦੇ ਗੰਭੀਰ ਮਿਸ਼ਨ



### 1 ਅਰਨੀ ਅਰਥ

ਇਹ ਇਕ ਗੰਭੀਰ ਕਿਰਦਾਰ ਹੈ। ਇਹ ਧਰਤੀ ਦੀ ਪ੍ਰਤੀਨਿਧਤਾ ਦਰਸਾਉਂਦਾ ਹੈ। ਇਹ ਧਰਤੀ ਦੇ ਬਾਰੇ 'ਚ ਰੌਚਕ ਜਾਣਕਾਰੀਆਂ ਦਿੰਦਾ ਹੈ ਅਤੇ ਇਸ ਤੋਂ ਬਚਣ ਲਈ ਕਈ ਤਰ੍ਹਾਂ ਦੇ ਜਵਾਬ ਦਿੰਦਾ ਹੈ।

**ਮਿਸ਼ਨ**

ਕੁਦਰਤ ਅਤੇ ਵਾਤਾਵਰਣ ਦੀ ਰੱਖਿਆ ਕਰਨਾ।

### 2 ਰੇ ਰੀਸਾਈਕਲ

ਇਹ ਇਕ ਸਮਾਰਟ ਐਕਸ਼ਨ ਹੀਰੋ ਹੈ। ਇਹ ਲੰਮੀ ਦੂਰੀ ਤੱਕ ਦੌੜ ਸਕਦਾ ਹੈ ਅਤੇ ਰੀਸਾਈਕਲ ਦਾ ਸੰਦੇਸ਼ ਪਹੁੰਚਾਉਂਦਾ ਹੈ।

**ਮਿਸ਼ਨ**

ਲੋਕਾਂ ਨੂੰ ਚੀਜ਼ਾਂ ਦੀ ਦੁਬਾਰਾ ਵਰਤੋਂ ਅਤੇ ਰੀਸਾਈਕਲ ਦੇ ਵੱਖ ਵੱਖ ਤਰੀਕਿਆਂ ਬਾਰੇ ਜਾਣਕਾਰੀ ਦਿੰਦਾ ਹੈ।



### 3 ਸੈਮੀ ਸਨ

ਇਹ ਕਿਰਦਾਰ ਵੀ ਕਾਫੀ ਸਮਾਰਟ ਹੈ। ਇਹ ਹਮੇਸ਼ਾਂ ਸਨਗਲਾਸ ਪਹਿਨਦਾ ਹੈ। ਇਹ ਲੋਕਾਂ ਨੂੰ ਹਮੇਸ਼ਾਂ ਊਰਜਾ ਬਚਾਉਣ ਦੇ ਵੱਖ ਵੱਖ ਤਰੀਕਿਆਂ ਦੀ ਜਾਣਕਾਰੀ ਦੇਣ ਲਈ ਉਤਸੁਕ ਰਹਿੰਦਾ ਹੈ।

**ਮਿਸ਼ਨ**

ਸਾਰੇ ਲੋਕਾਂ ਨੂੰ ਕੁਦਰਤੀ ਮੁਸ਼ਕਲਾਂ ਤੋਂ ਬਚਾਉਣ ਲਈ ਪ੍ਰੇਰਿਤ ਕਰਨਾ ਹੀ ਇਸ ਦਾ ਮਕਸਦ ਹੁੰਦਾ ਹੈ।



### 4 ਪੇਟਸੀ ਪੀਸ

ਵੱਡੀਆਂ ਵੱਡੀਆਂ ਅੱਖਾਂ ਵਾਲੀ ਇਸ ਕਿਰਦਾਰ ਦਾ ਰੰਗ ਗੁਲਾਬੀ ਅਤੇ ਪੀਲਾ ਹੈ। ਇਹ ਆਪਣੇ ਚਾਰਾਂ ਸਾਥੀਆਂ ਨਾਲ ਪੂਰੀ ਦੁਨੀਆਂ 'ਚ ਉੱਡਦੇ ਹੋਏ ਸ਼ਾਂਤੀ ਫੈਲਾਉਂਦੀ ਹੈ।

**ਮਿਸ਼ਨ**

ਪੂਰੀ ਦੁਨੀਆਂ 'ਚ ਮਨੁੱਖ, ਪਸ਼ੂਆਂ ਅਤੇ ਹੋਰ ਚੀਜ਼ਾਂ ਵਿਚਕਾਰ ਮਤਭੇਦ ਨੂੰ ਖ਼ਤਮ ਕਰਕੇ ਸ਼ਾਂਤੀ ਫੈਲਾਉਂਦੀ ਹੈ।



### 5 ਲੂਲੂ ਲਵ

ਇਹ ਬਹੁਤ ਸੁੰਦਰ ਅਤੇ ਪਿਆਰਾ ਕਿਰਦਾਰ ਹੈ। ਦਿਲ ਦੇ ਆਕਾਰ ਵਾਲੀ ਲੂਲੂ 'ਚ ਪਿਆਰ ਦਾ ਪ੍ਰਤੀਨਿਧ ਕਰਦੀ ਹੈ। ਇਹ ਹਮੇਸ਼ਾਂ ਸਾਰਿਆਂ ਦੀ ਫ਼ਿਕਰ ਕਰਦੀ ਹੈ ਅਤੇ ਖੁਸ਼ ਰਹਿੰਦੀ ਹੈ।

**ਮਿਸ਼ਨ**

ਲੋਕਾਂ ਨੂੰ ਵਾਤਾਵਰਣ ਅਤੇ ਹੋਰ ਜੀਵਾਂ ਨਾਲ ਪਿਆਰ ਕਰਨਾ ਸਿਖਾਉਂਦੀ ਹੈ। •

**ਬੱਚਿਓ! ਕੀ ਤੁਸੀਂ ਜਾਣਦੇ ਹੋ ਕਿ ਜੇ ਚੂਹੇ ਨਹੀਂ ਕੁਤਰਦੇ ਤਾਂ ਉਨ੍ਹਾਂ ਦੇ ਦੰਦ ਇੰਨੇ ਵੱਡੇ ਹੋ ਜਾਂਦੇ ਹਨ ਕਿ ਮੂੰਹ ਬੰਦ ਨਹੀਂ ਕਰ ਸਕਦੇ। ਖ਼ਰਗੋਸ਼ ਅਤੇ ਗਲਿਹਰੀ ਦੇ ਵੀ ਦੰਦ ਵਧਦੇ ਰਹਿੰਦੇ ਹਨ....**

## ਕਿਉਂ ਕੁਤਰਦੇ ਨੇ ਚੂਹੇ?

ਬੱਚਿਓ! ਕੀ ਤੁਸੀਂ ਜਾਣਦੇ ਹੋ ਕਿ ਚੂਹੇ ਦੇ ਦੰਦ ਕਦੇ ਵੀ ਵਧਣਾ ਬੰਦ ਨਹੀਂ ਕਰਦੇ, ਇਸ ਲਈ ਚੂਹੇ ਲਗਾਤਾਰ ਸਖ਼ਤ ਚੀਜ਼ਾਂ ਨੂੰ ਕੁਤਰਦੇ ਹਨ ਤਾਂ ਕਿ ਦੰਦ ਘਿਸਦੇ ਰਹਿਣ। ਜੇ ਉਹ ਨਹੀ ਕੁਤਰਦੇ ਤਾਂ ਉਨ੍ਹਾਂ ਦੇ ਦੰਦ ਇੰਨੇ ਵੱਡੇ ਹੋ ਜਾਂਦੇ ਹਨ ਕਿ ਮੂੰਹ ਬੰਦ ਨਹੀਂ ਕਰ ਸਕਦੇ। ਖ਼ਰਗੋਸ਼ ਅਤੇ ਗਲਿਹਰੀ ਦੇ ਵੀ ਦੰਦ ਵਧਦੇ ਰਹਿੰਦੇ ਹਨ। ਉਸ ਲਈ ਇਹ ਵੀ ਚੂਹਿਆਂ ਵਾਂਗ ਕੁਤਰਦੇ ਹਨ।

ਜਦੋਂ ਚੂਹਾ ਕਿਸੇ ਚੀਜ਼ ਨੂੰ ਕੁਤਰਦਾ ਹੈ ਤਾਂ ਉਪਰੀ ਦੰਦਾਂ ਸਹਾਰੇ ਚੀਜ਼ ਨੂੰ ਕੁਤਰਦੇ ਹਨ। ਚੂਹੇ ਦੇ ਦੰਦ ਇੰਨੇ ਮਜ਼ਬੂਤ ਹੁੰਦੇ ਹਨ ਕਿ ਉਹ ਸੀਮਟ ਅਤੇ ਕਠੋਰ ਧਾਤੂ ਨਾਲ ਬਣੀਆਂ ਚੀਜ਼ਾਂ ਨੂੰ ਵੀ ਕੁਤਰ ਸਕਦੇ ਹਨ। ਸੀਮਟ 'ਚ ਚੂਹਿਆਂ ਨੂੰ ਕੁਤਰਨ ਤੋਂ ਬਚਾਉਣ ਲਈ ਉਸ 'ਚ ਕੱਚ ਮਿਲਾਇਆ ਜਾਂਦਾ ਹੈ। •



ਛੋਟੀਆਂ ਛੋਟੀਆਂ ਚੀਜ਼ਾਂ ਸਾਨੂੰ ਕਿੰਨੀਆਂ ਵਧੀਆ ਤੇ ਸਿੱਖਿਆਦਾਇਕ ਚੀਜ਼ਾਂ ਸਿਖਾ ਦਿੰਦੀਆਂ ਹਨ, ਇਸ ਦਾ ਅੰਦਾਜ਼ਾ ਹੀ ਨਹੀਂ ਲਗਾਇਆ ਜਾ ਸਕਦਾ। ਕੀ ਤੁਹਾਨੂੰ ਪਤਾ ਹੈ ਕਿ ਪੈਂਸਿਲ, ਜਿਸਦਾ ਤੁਸੀ ਰੋਜ਼ਾਨਾ ਪ੍ਰਯੋਗ ਕਰਦੇ ਹੋ, ਉਸ ਦੇ ਵੀ ਕਈ ਫਾਇਦੇ ਹਨ ਤੇ ਆਓ ਤੁਹਾਨੂੰ ਅੱਜ ਇਸ ਦੇ ਗੁਣਾ ਬਾਰੇ ਦੱਸਦੇ ਹਾਂ...

**ਬੱਚਿਓ! ਕੀ ਤੁਹਾਨੂੰ ਪਤਾ ਹੈ ਕਿ ਪੈਂਸਿਲ, ਜਿਸਦਾ ਤੁਸੀਂ ਰੋਜ਼ਾਨਾ ਪ੍ਰਯੋਗ ਕਰਦੇ ਹੋ, ਉਸ ਦੇ ਵੀ ਕਈ ਫਾਇਦੇ ਹਨ। ਇਹ ਸਾਨੂੰ ਬਹੁਤ ਸਿੱਖਿਆ ਦਿੰਦੀ ਹੈ, ਆਓ ਤੁਹਾਨੂੰ ਅੱਜ ਇਸ ਦੇ ਗੁਣਾਂ ਬਾਰੇ ਦੱਸਦੇ ਹਾਂ....**

## ਪੈਂਸਿਲ ਦੇ ਪੰਜ ਗੁਣ



### ਪਹਿਲਾ ਗੁਣ

ਇਹ ਸਾਨੂੰ ਸਿੱਖਿਆ ਦਿੰਦੀ ਹੈ ਕਿ ਤੁਹਾਡੇ ਅੰਦਰ ਵੱਡੀ ਤੋਂ ਵੱਡੀ ਉਪਲਬਧੀ ਪ੍ਰਾਪਤ ਕਰਨ ਦੀ ਸਮਰੱਥਾ ਹੈ, ਪਰ ਤੁਹਾਨੂੰ ਸਹੀ ਦਿਸ਼ਾ ਨਿਰਦੇਸ਼ ਚਾਹੀਦਾ ਹੈ। ਪੈਂਸਿਲ ਚੰਗੀ ਤਰ੍ਹਾਂ ਤਾਂ ਹੀ ਲਿਖ ਸਕੇਗੀ ਜਦੋਂ ਉਸ ਨੂੰ ਸਹੀ ਦਿਸ਼ਾ ਮਿਲੇਗੀ। ਠੀਕ ਉਸ ਤਰ੍ਹਾਂ ਮਨੁੱਖ ਵੀ ਹੈ। ਉਹ ਸਾਨੂੰ ਦਿਸ਼ਾ ਨਿਰਦੇਸ਼ ਦਿੰਦਾ ਹੈ। ਉਹ ਸਾਨੂੰ ਹਮੇਸ਼ਾਂ ਚੰਗੀ ਰਾਹ ਦਿਖਾਵੇਗਾ।

### ਦੂਜਾ ਗੁਣ

ਵਾਰ ਵਾਰ ਲਿਖਣ 'ਤੇ ਇਸ ਦੀ ਨੋਕ ਮੋਟੀ ਹੋ ਜਾਣ ਕਰਕੇ ਇਸ ਨੂੰ ਤਿੱਖਾ ਕਰਨਾ ਪੈਂਦਾ ਹੈ, ਉਸ ਤੋਂ ਬਾਅਦ ਇਹ ਬਹੁਤ ਸੁੰਦਰ ਲਿਖਾਵਟ ਦਿੰਦੀ ਹੈ। ਇਸ ਲਈ ਇਹ ਵਾਰ ਵਾਰ ਤਿੱਖੀ ਹੋ ਕੇ ਹਿੰਮਤ ਰੱਖਣ ਦੀ ਭਾਵਨਾ ਦਿੰਦੀ ਹੈ।

### ਤੀਜਾ ਗੁਣ

ਪੈਂਸਿਲ ਗਲਤੀਆਂ ਸੁਧਾਰਨ ਲਈ ਰਬੜ ਦੇ ਪ੍ਰਯੋਗ ਦੀ ਇਜਾਜ਼ਤ ਵੀ ਦਿੰਦੀ ਹੈ। ਇਸ ਲਈ ਕੋਈ ਗਲਤੀ ਹੋਵੇ ਤਾਂ ਉਸ ਨੂੰ ਸੁਧਾਰ ਲਓ। ਯਾਦ ਰਹੇ, ਗਲਤੀ ਤਾਂ ਹਰ ਕੋਈ ਕਰਦਾ ਹੈ ਪਰ ਸਮਝਦਾਰ ਉਹ ਹੀ ਹੈ, ਜੋ ਇਸ ਗਲਤੀ ਨੂੰ ਸਵੀਕਾਰ ਕਰੇ ਅਤੇ ਜਲਦੀ ਸੁਧਾਰੇ।

### ਚੌਥਾ ਗੁਣ

ਪੈਂਸਿਲ 'ਚ ਮਹੱਤਵ ਬਾਹਰੀ ਲੱਕੜੀ ਦਾ ਨਹੀ ਹੈ, ਅੰਦਰ ਮੌਜੂਦ ਗ੍ਰੇਫਾਈਟ ਦਾ ਹੈ। ਇਸ ਲਈ ਆਪਣੇ ਬਾਹਰੀ ਰੂਪ ਤੋਂ ਜ਼ਿਆਦਾ ਆਪਣੇ ਅੰਦਰ ਚੱਲ ਰਹੇ ਵਿਚਾਰਾਂ 'ਤੇ ਕਰੋ।

### ਪੰਜਵਾਂ ਗੁਣ

ਪੈਂਸਿਲ ਹਮੇਸ਼ਾਂ ਨਿਸ਼ਾਨ ਛੱਡ ਜਾਂਦੀ ਹੈ। ਤੁਸੀ ਵੀ ਆਪਣੇ ਕੰਮਾਂ ਨਾਲ ਚੰਗੇ ਨਿਸ਼ਾਨ ਛੱਡੋ। •

## ਰੌਚਕ ਜਾਣਕਾਰੀ

1. ਭਾਰਤ ਪਹਿਲਾ ਦੇਸ਼ ਹੈ, ਜੋ ਆਪਣੀਆਂ ਕੋਸ਼ਿਸ਼ਾਂ ਨਾਲ ਆਪਣੇ ਮਾਰਸ ਮਿਸ਼ਨ ਨੂੰ ਮੰਗਲ 'ਚ ਸਥਾਪਤ ਕਰਨ 'ਚ ਸਫਲ ਰਿਹਾ।
2. ਭਾਰਤ ਦਾ ਮਾਰਸ ਮਿਸ਼ਨ ਹੁਣ ਤੱਕ ਦਾ ਸਭ ਤੋਂ ਸਸਤਾ ਮਿਸ਼ਨ ਰਿਹਾ ਹੈ, ਇਸ ਦੇ ਮੁਕਾਬਲੇ ਨਾਸਾ ਦਾ ਮਾਵੇਨ ਮਾਰਸ ਆਰਬਿਟਰ 10 ਗੁਣਾ ਮਹਿੰਗਾ ਹੈ।
3. ਨਾਸਾ ਨੂੰ ਆਪਣੇ ਮਾਵੇਨ ਮਾਰਸ ਆਰਬਿਟਰ ਨੂੰ ਤਿਆਰ ਕਰਨ 'ਚ 5 ਸਾਲ ਲੱਗੇ, ਜਦਕਿ ਇਸਰੋ ਨੇ 15 ਮਹੀਨੇ 'ਚ ਹੀ ਮੰਗਲਯਾਨ ਨੂੰ ਤਿਆਰ ਕਰ ਲਿਆ।
4. ਹੁਣ ਤੱਕ ਪੂਰੀ ਦੁਨੀਆਂ 'ਚ ਮੰਗਲ ਮਿਸ਼ਨ ਦੀ 51 ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਸਿਰਫ 21 ਹੀ ਸਫਲ ਰਹੇ, ਉਨ੍ਹਾਂ ਸਫਲ ਮਿਸ਼ਨਾਂ 'ਚੋਂ ਸਾਡਾ ਮਿਸ਼ਨ ਇਕ ਹੈ।





5. 1894 'ਚ ਜੋ ਸਭ ਤੋਂ ਪਹਿਲਾ ਕੈਮਰਾ ਬਣਿਆ ਸੀ ਉਸ ਤੋਂ ਫੋਟੋ ਖਿਚਣ ਲਈ ਉਸ ਸਾਹਮਣੇ 8 ਘੰਟੇ ਤੱਕ ਬੈਠਣਾ ਪੈਂਦਾ ਸੀ।
6. ਜੇ ਸੂਰਜ ਦਾ ਆਕਾਰ ਇਕ ਫੁਟਬਾਲ ਅਤੇ ਬ੍ਰਿਸਪਤੀ ਨੂੰ ਗੋਲਫ ਬਾਲ ਜਿੰਨਾ ਕਰ ਦਿੱਤਾ ਜਾਵੇ ਤਾਂ ਧਰਤੀ ਦਾ ਆਕਾਰ ਮਟਰ ਦੇ ਦਾਣੇ ਤੋਂ ਵੀ ਘੱਟ ਹੋਵੇਗਾ। •

# ਕਰਮਚਾਰੀਆਂ ਦੀ ਕਾਰਜਪ੍ਰਣਾਲੀ ਅਤੇ ਕੁਸ਼ਲਤਾ ਵਿਚ ਕੀਤਾ ਜਾਵੇਗਾ ਸੁਧਾਰ : ਮੁੱਖ ਸਕੱਤਰ

➢ ਦਫਤਰਾਂ ਵਿਚ ਪੂਰੀ ਤਰ੍ਹਾਂ ਸਵੱਛਤਾ ਬਣਾਏ ਰੱਖਣ ਦੇ ਦਿੱਤੇ ਨਿਰਦੇਸ਼ ➢ ਕਰਮਚਾਰੀਆਂ ਤੋਂ ਕਾਰਜਪ੍ਰਣਾਲੀ ਵਿਚ ਸੁਧਾਰ ਕਰਨ ਦੇ ਲਈ ਮੰਗੇ ਸੁਝਾਅ

**ਚੰਡੀਗੜ੍ਹ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਸਕੱਤਰ ਸ੍ਰੀ ਟੀਵੀਐਸਐਨ ਪ੍ਰਸਾਦ ਨੇ ਕਿਹਾ ਕਿ ਕਰਮਚਾਰੀਆਂ ਦੀ ਕਾਰਜਪ੍ਰਣਾਲੀ ਅਤੇ ਕੁਸ਼ਲਤਾ ਵਿਚ ਸੁਧਾਰ ਕੀਤਾ ਜਾਵੇਗਾ ਤਾਂ ਜੋ ਸਰਕਾਰੀ ਕੰਮ ਜਲਦੀ ਤੋਂ ਜਲਦੀ ਪੂਰੇ ਕੀਤੇ ਜਾ ਸਕਣ। ਉਨ੍ਹਾਂ ਨੇ ਦਫਤਰਾਂ ਵਿਚ ਪੂਰੀ ਤਰ੍ਹਾਂ ਸਫਾਈ ਵਿਵਸਥਾ ਬਣਾਏ ਰੱਖਣ ਦੇ ਵੀ ਨਿਰਦੇਸ਼ ਦਿੱਤੇ।

ਮੁੱਖ ਸਕੱਤਰ ਅੱਜ ਹਰਿਆਣਾ ਸਿਵਲ ਸਕੱਤਰੇਤ ਵਿਚ ਅਚਾਨਕ ਨਿਰੀਖਣ ਕਰ ਕਰਮਚਾਰੀਆਂ ਦੀ ਵਰਕਿੰਗ ਬਾਰੇ ਜਾਣਕਾਰੀ ਲੈ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਕਰਮਚਾਰੀ ਆਪਣੇ ਦਫਤਰਾਂ ਵਿਚ ਪੂਰੀ ਤਰ੍ਹਾਂ ਸਵੱਛਤਾ ਬਣਾਏ ਰੱਖਣ। ਜੇਕਰ ਉਨ੍ਹਾਂ ਨੂੰ ਕਿਸੇ ਤਰ੍ਹਾ ਦੇ ਇੰਫ੍ਰਾਸਟਕਚਰ ਦੀ ਜਰੂਰਤ ਹੈ ਤਾਂ ਉਸ ਬਾਰੇ ਤੁਰੰਤ ਆਪਣੇ ਉੱਚ ਅਧਿਕਾਰੀਆਂ ਦੇ ਜਾਣਕਾਰੀ ਵਿਚ ਲਿਆਉਣ ਤਾਂ ਜੋ ਉਸ ਦੀ ਉਪਲਬਧਤਾ ਯਕੀਨੀ ਕੀਤੀ ਜਾ ਸਕੇ।

ਮੁੱਖ ਸਕੱਤਰ ਨੇ ਸਕੱਤਰੇਤ ਵਿਚ ਕਰਮਚਾਰੀਆਂ ਦੀ ਕਾਰਜ ਪ੍ਰਣਾਲੀ ਬਾਰੇ ਗੰਭੀਰਤਾ ਨਾਲ ਜਾਣਿਆ ਅਤੇ ਇਸ ਵਿਚ ਸੁਧਾਰ ਕਰਨ ਲਈ ਆਪਣੇ ਸੁਝਾਅ ਦਿੱਤੇ। ਉਨ੍ਹਾਂ ਨੇ ਕਿਹਾ ਕਿ ਕਰਮਚਾਰੀ ਦਫਤਰ ਵਿਚ ਸਿਰਫ ਸਮੇਂ 'ਤੇ ਆਉਣ ਅਤੇ ਕੰਮ ਵਿਚ ਕਿਸੇ ਤਰ੍ਹਾਂ ਦੀ ਲਾਪ੍ਰਵਾਹੀ ਨਾ ਵਰਤਣ ਅਤੇ ਆਪਣੇ ਕੰਮ ਨੂੰ ਪੂਰੀ ਜਿੰਮੇਵਾਰੀ ਨਾਲ ਨਿਭਾਉਣ। ਜੇਕਰ ਕਰਮਚਾਰੀ ਆਪਣੇ ਕੰਮ ਵਿਚ ਕਿਸੇ ਤਰ੍ਹਾਂ ਦੀ ਲਾਪ੍ਰਵਾਹੀ ਵਰਤਣਗੇ ਤਾਂ ਉਨ੍ਹਾਂ ਦੇ ਵਿਰੁੱਧ ਜਰੂਰੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਕਰਮਚਾਰੀਆਂ ਤੋਂ ਕਾਰਜਪ੍ਰਣਾਲੀ ਵਿਚ ਸੁਧਾਰ ਕਰਨ ਲਈ ਸੁਝਾਅ ਵੀ ਮੰਗੇ।

ਮੁੱਖ ਸਕੱਤਰ ਨੇ ਕਿਹਾ ਕਿ ਸੂਬੇ ਵਿਚ ਕਰਮਚਾਰੀਆਂ ਨੂੰ ਨੈਤਿਕਤਾ ਅਤੇ ਸਿਦਾਂਤ ਦੇ ਨਾਲ ਕੰਮ ਕਰਨ ਲਈ ਪ੍ਰੇਰਿਤ ਅਤੇ ਜਾਗਰੂਕ ਕਰਨ ਤਹਿਤ ਕਰਮਯੋਗੀ ਪ੍ਰੋਗ੍ਰਾਮ ਚਲਾਇਆ ਜਾ ਰਿਹਾ ਹੈ ਜਿਸ ਵਿਚ ਲਗਭਗ 3 ਲੱਖ ਤੋਂ ਵੱਧ ਕਰਮਚਾਰੀਆਂ ਨੂੰ ਸਿਖਲਾਈ ਦਿੱਤੀ ਜਾਣੀ ਹੈ ਤਾਂ ਜੋ ਕਰਮਚਾਰੀ ਨਿਰਪੱਖਤਾ ਅਤੇ ਪਾਰਦਰਸ਼ਿਤਾ ਦੇ ਨਾਲ ਕੰਮ ਕਰਨ। ਇਸ ਸਿਖਲਾਈ ਨਾਲ ਕਰਮਚਾਰੀਆਂ ਦੀ ਕਾਰਜਪ੍ਰਣਾਲੀ ਵਿਚ ਜਰੂਰ ਹੀ ਸੁਧਾਰ ਆਵੇਗਾ।

ਮੁੱਖ ਸਕੱਤਰ ਨੇ ਰਾਜਨੀਤਿਕ ਅਤੇ ਸੰਸਦੀ ਕੰਮ ਸ਼ਾਖਾ, ਕੈਬਨਿਟ ਬ੍ਰਾਂਚ, ਮਨੁੱਖ ਸੰਸਾਧਨ ਬ੍ਰਾਂਚ, ਸੇਵਾਵਾਂ ਬ੍ਰਾਂਚ, ਸਿਖਲਾਈ ਬ੍ਰਾਂਚ, ਮੁੱਖ ਮੰਤਰੀ ਸਕੱਤਰੇਤ ਬ੍ਰਾਂਚ ਸਮੇਤ ਹੋਰ ਬ੍ਰਾਂਚਾਂ ਦਾ ਵੀ ਨਿਰੀਖਣ ਕੀਤਾ। ਇਸ ਦੌਰਾਨ ਵਿਸ਼ੇਸ਼ ਸਕੱਤਰ ਪਰਸਨਲ ਪ੍ਰਭਜੋਤ ਸਿੰਘ, ਵਿਸ਼ੇਸ਼ ਸਕੱਤਰ ਮਾਨਵ ਸੰਸਾਧਨ ਆਦਿਤਯ ਦਹਿਆ, ਸੰਯੁਕਤ ਸਕੱਤਰ ਗ੍ਰਹਿ ਰਾਧਿਕਾ ਸਿੰਘ, ਡੀਐਸਪੀ ਅਨਿਲ ਭਾਰਦਵਾਜ ਸਮੇਤ ਕਈ ਅਧਿਕਾਰੀ ਨਾਲ ਰਹੇ।

## ਏਸੀਬੀ ਦੀ ਟੀਮ ਨੇ ਦੋ ਵੱਖ-ਵੱਖ ਮਾਮਲਿਆਂ ਵਿਚ ਪਿਛਲੇ ਦਿਨ ਦੋ ਦੋਸ਼ੀਆਂ ਨੂੰ ਕੀਤਾ ਗਿਰਫਤਾਰ

**ਚੰਡੀਗੜ੍ਹ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਐਂਟੀ ਕਰਪਸ਼ਨ ਬਿਊਰੋ ਗੁਰੂਗ੍ਰਾਮ ਡਿਵੀਜਨ ਦੀ ਟੀਮ ਨੇ ਭ੍ਰਿਸ਼ਟਾਚਾਰ ਵਿਚ ਸ਼ਾਮਿਲ ਦੋਸ਼ੀ ਰਾਜੇਂਦਰ ਸਿੰਘ ਨੂੰ ਗਿਰਫਤਾਰ ਕੀਤਾ ਹੈ। ਦੋਸ਼ੀ ਵੱਲੋਂ 9 ਦਸੰਬਰ, 2023 ਨੂੰ ਭ੍ਰਿਸ਼ਟਾਚਾਰ ਸਬੰਧੀ ਮਾਮਲੇ ਵਿਚ ਵੱਖ-ਵੱਖ ਧਾਰਾਵਾਂ ਤਹਿਤ ਮੁਕਦਮਾ ਦਰਜ ਕੀਤਾ ਗਿਆ ਸੀ। ਇਸ ਦੇ ਬਾਅਦ ਏਂਟੀ ਕਰਪਸ਼ਨ ਬਿਊਰੋ ਦੀ ਟੀਮ ਨੇ ਮਾਮਲੇ ਦੀ ਪੁਸ਼ਟੀ ਕੀਤੀ ਅਤੇ ਦੋਸ਼ੀ ਨੂੰ 1 ਅਪ੍ਰੈਲ, 2024 ਨੂੰ ਗਿਰਫਤਾਰ ਕੀਤਾ। ਪ੍ਰਾਪਤ ਜਾਣਕਾਰੀ ਅਨੁਸਾਰ ਦੋਸ਼ੀ ਗੁਰੂਗ੍ਰਾਮ ਵਿਚ ਆਪਣੇ ਸਹਿ ਦੋਸ਼ੀ ਦੇ ਨਾਲ ਮਿਲ ਕੇ ਟਰੱਕਾਂ ਤੋਂ ਮਹੀਨਾ ਤੌਰ 'ਤੇ ਪੈਸਾ ਲੈਂਦਾ ਸੀ। ਜਿਸ ਨੂੰ ਉਹ ਉਸ ਸਮੇਂ ਦੇ ਮੋਟਰ ਵਹੀਕਲ ਅਫਸਰ ਨੂੰ ਦਿੰਦਾ ਸੀ।

ਇਸ ਤਰ੍ਹਾ ਇਕ ਹੋਰ ਮਾਮਲੇ ਵਿਚ ਗੁਰੂਗ੍ਰਾਮ ਡਿਵੀਜਨ ਦੀ ਏਸੀਬੀ ਟੀਮ ਨੇ ਜੇਐਸਟੀ ਇੰਸਪੈਕਟਰ ਜਿਤੇਂਦਰ ਬਰਵਡ਼ ਨੂੰ ਵੀ ਰਿਸ਼ਵਤ ਦੇ ਦੋਸ਼ ਵਿਚ ਗਿਰਫਤਾਰ ਕੀਤਾ ਹੈ। ਦੋਸ਼ੀ ਮੌਜੂਦਾ ਵਿਚ ਸੀਜੀਐਸਟੀ ਦਫਤਰ ਗੁਰੂਗ੍ਰਾਮ ਵਿਚ ਤੈਨਾਤ ਸੀ। ਦੋਸ਼ੀ ਵੱਲੋਂ ਸ਼ਿਕਾਇਤਕਰਤਾ ਤੋਂ ਪ੍ਰਾਈਵੇਟ ਸਰਕਾਰੀ ਕੰਮ ਕਰਾਉਣ ਦੇ ਬਦਲੇ ਵਿਚ ਰਿਸ਼ਵਤ ਦੀ ਮੰਗ ਕਰ ਰਿਹਾ ਸੀ। ਇਸ ਮਾਮਲੇ ਵਿਚ ਇਕ ਦੋਸ਼ੀ ਨੂੰ ਪਹਿਲਾਂ ਹੀ ਗਿਰਫਤਾਰ ਕੀਤਾ ਜਾ ਚੁੱਕਾ ਹੈ।

## ਹਰਿਆਣਾ: ਕਾਂਗਰਸ ਵੱਲੋਂ ਨੌਂ ਸੰਸਦੀ ਸੀਟਾਂ 'ਤੇ ਉਮੀਦਵਾਰਾਂ ਦੇ ਨਾਵਾਂ ਦੇ ਪੈਨਲ ਤੈਅ




**ਚੰਡੀਗੜ੍ਹ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਨੇ ਹਰਿਆਣਾ 'ਚ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦੇ ਨਾਵਾਂ ਨੂੰ ਅੰਤਿਮ ਰੂਪ ਦੇ ਦਿੱਤਾ ਹੈ। ਕਾਂਗਰਸ ਸੂਬੇ 'ਚ 9 ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰੇਗੀ। ਦਸਵੀਂ ਸੀਟ ਕਾਂਗਰਸ-'ਆਪ' ਸਮਝੌਤੇ ਤਹਿਤ ਆਮ ਆਦਮੀ ਪਾਰਟੀ ਕੋਲ ਹੈ ਤੇ 'ਆਪ' ਕੁਰੂਕੇਸ਼ਤਰ ਹਲਕੇ ਤੋਂ ਡਾ. ਸੁਸ਼ੀਲ ਗੁਪਤਾ ਨੂੰ ਉਮੀਦਵਾਰ ਐਲਾਨ ਚੁੱਕੀ ਹੈ।

ਦਿੱਲੀ 'ਚ ਭਗਤ ਚਰਨ ਦੀ ਅਗਵਾਈ ਹੇਠ ਕਾਂਗਰਸ ਦੀ ਸਕਰੀਨਿੰਗ ਕਮੇਟੀ ਦੀ ਮੀਟਿੰਗ ਹੋਈ। ਸੂਤਰਾਂ ਮੁਤਾਬਕ ਅੱਜ ਮੀਟਿੰਗ ਵਿੱਚ 9 ਸੰਸਦੀ ਸੀਟਾਂ ਲਈ ਸੰਭਾਵਿਤ ਉਮੀਦਵਾਰਾਂ ਦੇ ਨਾਮ ਲਿਫ਼ਾਫੇ 'ਚ ਬੰਦ ਕੀਤੇ ਗਏ ਹਨ। ਹੁਣ ਇਹ ਪੈਨਲ ਕੇਂਦਰੀ ਚੋਣ ਕਮੇਟੀ ਨੂੰ ਭੇਜੇ ਜਾਣਗੇ। ਕਮੇਟੀ ਨੇ ਰੋਹਤਕ, ਕਰਨਾਲ, ਸਿਰਸਾ, ਹਿਸਾਰ, ਸੋਨੀਪਤ, ਭਿਵਾਨੀ-ਮਹੇਂਦਰਗੜ੍ਹ, ਗੁਰੂਗ੍ਰਾਮ, ਫਰੀਦਾਬਾਦ ਤੇ ਅੰਬਾਲਾ ਸੰਸਦੀ ਸੀਟ ਲਈ ਉਮੀਦਵਾਰਾਂ ਦੇ ਪੈਨਲ ਬਣਾਏ ਹਨ। ਕਾਂਗਰਸ ਦੀ ਚੋਣ ਕਮੇਟੀ ਦੀ ਮੀਟਿੰਗ 5 ਅਪਰੈਲ ਨੂੰ ਹੋਣੀ ਹੈ ਜਿਸ ਵਿੱਚ ਹਰਿਆਣਾ ਦੇ ਉਮੀਦਵਾਰ ਬਾਰੇ ਚਰਚਾ ਹੋਣ ਦੀ ਉਮੀਦ ਹੈ। ਸਕਰੀਨਿੰਗ ਕਮੇਟੀ 'ਚ ਸ਼ਾਮਲ ਇੱਕ ਸੀਨੀਅਰ ਨੇਤਾ ਨੇ ਕਿਹਾ ਕਿ ਕਈ ਸੀਟਾਂ 'ਤੇ ਇੱਕ ਨਾਮ ਨੂੰ ਅੰਤਿਮ ਰੂਪ ਦਿੱਤਾ ਜਦਕਿ ਕੁਝ ਲਈ ਬਣਾਏ ਪੈਨਲ 'ਚ ਦੋ ਨਾਮ ਵੀ ਸ਼ਾਮਲ ਹਨ। ਦਿੱਲੀ ਨਾਲ ਸਬੰਧਤ ਸੂਤਰਾਂ ਮੁਤਾਬਕ ਰਾਜ ਸਭਾ ਮੈਂਬਰ ਦੀਪੇਂਦਰ ਹੁੱਡਾ ਨੂੰ ਰੋਹਤਕ ਤੋਂ ਚੋਣ ਲੜਾਈ ਜਾ ਸਕਦੀ ਹੈ। ਜਦਕਿ ਹੁੱਡਾ ਵਿਰੋਧੀ ਖੇਮੇ ਵੱਲੋਂ ਕੇਂਦਰੀ ਲੀਡਰਸ਼ਿਪ ਅੱਗੇ ਇਸ ਸੀਟ ਤੋਂ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਉਮੀਦਵਾਰ ਬਣਾਉਣ ਦੀ ਤਜਵੀਜ਼ ਰੱਖੀ ਗਈ ਹੈ।

## ਭਾਵੀ ਪੀੜੀਆਂ ਨੂੰ ਰਸਾਇਨ ਮੁਕਤ ਭੋਜਨ ਉਪਲਬਧ ਕਰਵਾਉਣਾ ਪ੍ਰਾਥਮਿਕਤਾ - ਪ੍ਰੋਫੈਸਰ ਬੀਆਰ ਕੰਬੋਜ

**ਚੰਡੀਗੜ੍ਹ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਚੌਧਰੀ ਚਰਣ ਸਿੰਘ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ ਹਿਸਾਰ ਦੇ ਵਾਇਸ ਚਾਂਸਲਰ ਪ੍ਰੋਫੈਸਰ ਬੀਆਰ ਕੰਬੋਜ ਨੇ ਕਿਹਾ ਕਿ ਭਾਵੀ ਪੀੜੀਆਂ ਨੂੰ ਰਸਾਇਨ ਮੁਕਤ ਤੇ ਪੋਸ਼ਕ ਤੱਤਾਂ ਨਾਲ ਭਰਪੂਰ ਖੁਰਾਕ ਪਦਾਰਥ ਉਪਲਬਧ ਕਰਵਾਉਣਾ ਵਿਗਿਆਨਕਾਂ ਤੇ ਕਿਸਾਨਾਂ ਦੀ ਮੁੱਖ ਪ੍ਰਾਥਮਿਕਤਾ ਹੈ।

ਇਸ ਦੇ ਲਈ ਉਨ੍ਹਾਂ ਨੇ ਕਿਹਾ ਕਿ ਕਿਸਾਨ ਸ਼ੁਰੂਆਤ ਵਿਚ ਘੱਟ ਥਾਂ 'ਤੇ ਕੁਦਰਤੀ ਖੇਤੀ ਨੂੰ ਅਪਨਾਉਣ ਅਤੇ ਹੌਲੀ-ਹੌਲੀ ਉਸ ਦਾ ਖੇਤਰਫੱਲ ਵਧਾਉਂਦੇ ਜਾਣ।

ਉਨ੍ਹਾਂ ਨੇ ਵਿਗਿਆਨਕਾਂ ਨੂੰ ਅਪੀਲ ਕੀਤੀ ਉਹ ਆਧੁਨਿਕ ਯੁੱਗ ਵਿਚ ਆਉਣ ਵਾਲੀ ਸਮਸਿਆਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਜਦੋਂ ਵੀ ਖੋਜ ਕਰਨ ਤਾਂ ਵੱਖ-ਵੱਖ ਕੁਦਰਤੀ ਸਰੋਤਾਂ, ਪਾਣੀ ਦੀ ਉਪਲਬਧਤਾ ਅਤੇ ਗੁਣਵੱਤਾ ਕਾਮਿਆਂ ਦੀ ਉਪਲਬਧਤਾ, ਬਰਸਾਤ, ਜਮੀਨ ਦਾ ਅਆਰਗੇਨਿਕ ਕਾਰਬਨ, ਖਰਪਤਵਾਰ, ਪੂਰੇ ਸਾਲ ਦਾ ਫਸਲ ਚੱਕਰ, ਕੀਟ ਅਤੇ ਬੀਮਾਰੀਆਂ ਦੇ ਪ੍ਰਬੰਧਨ ਸਬੰਧਿਤ ਗੱਲਾਂ 'ਤੇ ਮੰਥਨ ਜਰੂਰ ਕਰਨ।

ਯੂਨੀਵਰਸਿਟੀ ਦੇ ਵਾਇਸ ਚਾਂਸਲਰ ਪ੍ਰੋਫੈਸਰ ਬੀ ਆਰ ਕੰਬੋਜ ਨੇ ਇਸ ਮੀਟਿੰਗ ਦੀ ਅਗਵਾਈ ਕੀਤੀ।

ਇਸ ਮੀਟਿੰਗ ਵਿਚ ਪ੍ਰਬੰਧਨ ਡਿਵੀਜਨ ਦੇ ਸਾਬਕਾ ਮੈਂਬਰ ਸੀਪੀ ਆਹੂਜਾ, ਸ਼ਰਦ ਬਤਰਾ ਤੇ ਸ਼ਿਵਾਂਗ ਬਤਰਾ ਵੀ ਮੌਜੂਦ ਰਹੇ। ਪ੍ਰੋਗ੍ਰਾਮ ਵਿਚ ਕੁਦਰਤੀ ਖੇਤੀ ਕਰ ਰਹੇ ਵੱਖ-ਵੱਖ ਜਿਲ੍ਹਿਆਂ ਦੇ ਪ੍ਰਗਤੀਸ਼ੀਲ ਕਿਸਾਨਾਂ ਨੇ ਹਿੱਸਾ ਲਿਆ।

ਵਾਇਸ ਚਾਂਸਲਰ ਪ੍ਰੋਫੈਸਰ ਬੀਆਰ ਕੰਬੋਜ ਨੇ ਆਧੁਨਿਕ ਯੁੱਗ ਵਿਚ ਕੁਦਰਤੀ ਖੇਤੀ ਦੇ ਵਿਸਤਾਰ ਤੋਂ ਲੈ ਕੇ ਉਸ ਦੀ ਮਹਤੱਵਤਾ 'ਤੇ ਚਾਨਣ ਪਾਇਆ। ਉਨ੍ਹਾਂ ਨੇ ਕਿਹਾ ਕਿ ਵਿਗਿਆਨਕ ਕਿਸਾਨ ਵਿਚਾਰ ਵਟਾਂਦਰਾਂ ਸੈਮੀਨਾਰ ਦਾ ਮੁੱਖ ਉਦੇਸ਼ ਕੁਦਰਤੀ ਖੇਤੀ ਕਰ ਹੇ ਕਿਸਾਨਾਂ ਦੀਆਂ ਸਮਸਿਆਵਾਂ ਨੂੰ ਜਾਣ ਕੇ ਉਨ੍ਹਾਂ ਦਾ ਹੱਲ ਕਰਨਾ ਤੇ ਖੋਜ ਕੰਮਾਂ ਨੂੰ ਉਨ੍ਹਾਂ ਦੇ ਅਨੁਰੂਪ ਬਨਾਉਣਾ ਹੈ।

ਵਾਇਸ ਚਾਂਸਲਰ ਨੇ ਕੁਦਰਤੀ ਖੇਤੀ ਕਰਨ ਵਾਲੇ ਕਿਸਾਨਾਂ ਦੇ ਉਤਪਾਦਾਂ ਨੂੰ ਬਿਹਤਰ ਮੁੱਲ ਦਿਵਾਉਣ ਲਈ ਖਪਤਕਾਰਾਂ ਨਾਲ ਤਾਲਮੇਲ ਅਤੇ ਸਿੱਧੇ ਤੌਰ 'ਤੇ ਜੁੜ ਕੇ ਆਪਸ ਵਿਚ ਭਰੋਸਾ ਪੈਦਾ ਕਰਨਾ ਜਰੂਰੀ ਹੈ।

ਉਨ੍ਹਾਂ ਨੇ ਕੁਦਰਤੀ ਖੇਤੀ ਨੂੰ ਪ੍ਰੋਤਸਾਹਨ ਦੇਣ ਲਈ ਵਿਸ਼ੇਸ਼ ਰੂਪ ਨਾਲ ਕੋਰਸ ਬਨਾਉਣਾ, ਵੱਧ ਤੋਂ ਵੱਧ ਸਿਖਲਾਈਆਂ ਦਾ ਪ੍ਰਬੰਧ ਤੇ ਕਿਸਾਨਾਂ ਕੰਮਿਉਨਿਟੀ ਵੱਲੋਂ ਤਿਆਰ ਕੀਤੇ ਗਏ ਖੇਤੀਬਾੜੀ ਮਾਡਲ ਦੀ ਪ੍ਰਦਰਸ਼ਨੀ ਵੀ ਲਗਾਉਣ 'ਤੇ ਜੋਰ ਦਿੱਤਾ।

ਕੁਦਰਤੀ ਖੇਤੀ ਕਰ ਰਹੇ ਕਿਸਾਨ ਵਾਟਸਐਪ ਗਰੁੱਪ ਬਣਾਏ ਜਿਸ ਵਿਚ ਉਹ ਆਪਣੀ ਸਮਸਿਆਵਾਂ ਤੇ ਸਰੋਤ ਸ਼ੇਅਰ ਕਰਨ ਤਾਂ ਜੋ ਉਨ੍ਹਾਂ ਦਾ ਤੁਰੰਤ ਇਕ ਦੂਜੇ ਨੂੰ ਲਾਭ ਪਹੁੰਚ ਸਕੇ, ਨਾਲ ਹੀ ਆਪਸ ਵਿਚ ਤਕਨੀਕਾਂ ਦਾ ਵੀ ਅਦਾਨ-ਪ੍ਰਦਾਨ ਹੋਵੇ।

## ਪਿੰਡਾਂ ਵਿੱਚ ਭਾਜਪਾ ਦੀ 'ਐਂਟਰੀ ਨਹੀਂ' ਦੇ ਪੋਸਟਰ ਲੱਗੇ: ਡਾ. ਸੁਸ਼ੀਲ ਗੁਪਤਾ



**ਸ਼ਾਹਬਾਦ ਮਾਰਕੰਡਾ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਤੇ ਕੁਰੂਕਸ਼ੇਤਰ ਲੋਕ ਸਭਾ ਹਲਕੇ ਤੋਂ ਇੰਡੀਆ ਗੱਠਜੋੜ ਦੇ ਉਮੀਦਵਾਰ ਡਾ. ਸੁਸ਼ੀਲ ਗੁਪਤਾ ਨੇ ਆਪਣੀ ਚੋਣ ਮੁਹਿਮ ਦੌਰਾਨ ਹਲਕੇ ਦੇ ਪਿੰਡਾਂ ਵਿਚ ਕਈ ਮੀਟਿੰਗਾਂ ਕੀਤੀਆਂ। ਇਸ ਦੌਰਾਨ ਉਨ੍ਹਾਂ ਕਈ ਬਜ਼ੁਰਗਾਂ ਤੋਂ ਅਸ਼ੀਰਵਾਦ ਲਿਆ ਤੇ ਇੰਡੀਆ ਗੱਠਜੋੜ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ। ਗੁਪਤਾ ਨੇ ਕਿਹਾ ਕਿ ਚੋਣ ਪ੍ਰਚਾਰ ਦੌਰਾਨ ਉਹ ਕਈ ਪਿੰਡਾਂ ਵਿੱਚ ਗਏ, ਜਿੱਥੇ ਲੋਕਾਂ ਵਿੱਚ ਭਾਜਪਾ ਖ਼ਿਲਾਫ਼ ਰੋਸ ਦੇਖਣ ਨੂੰ ਮਿਲ ਰਿਹਾ ਹੈ। ਉਨਾਂ ਕਿਹਾ ਕਿ ਕੁਝ ਲੋਕਾਂ ਨੇ ਤਾਂ ਪੋਸਟਰ ਲਾਏ ਹੋਏ ਹਨ ਕਿ ਇਸ ਪਿੰਡ ਵਿੱਚ ਭਾਜਪਾ ਵਾਲਿਆਂ ਦੀ ਐਂਟਰੀ ਨਹੀਂ। ਇਸ ਮਾਹੌਲ ਨੂੰ ਦੇਖਦੇ ਹੋਏ ਭਾਜਪਾ ਨੇਤਾ ਟਿਕਟ ਲੈਣ ਨੂੰ ਤਿਆਰ ਨਹੀਂ ਕਿਉਂਕਿ ਉਹ ਜਾਣਦੇ ਹਨ ਕਿ ਜੇ ਭਾਜਪਾ ਦੀ ਟਿਕਟ ਲਈ ਤਾਂ ਉਨ੍ਹਾਂ ਪਿੰਡਾਂ ਵਿਚ ਵੜਨਾ ਮੁਸ਼ਕਲ ਹੋ ਜਾਵੇਗਾ। ਇਸੇ ਕਾਰਨ ਭਾਜਪਾ ਪੈਰਾਸ਼ੂਟ ਵਾਲੇ ਉਮੀਦਵਾਰ ਉਤਾਰ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਸਾਹਮਣੇ ਭਾਜਪਾ ਦਾ ਦੋਗਲਾ ਚਿਹਰਾ ਬੇਨਕਾਬ ਹੋ ਚੁੱਕਿਆ ਹੈ। ਉਨ੍ਹ ਕਿਹਾ ਕਿ ਜੇ ਅੱਜ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਵਪਾਰੀਆਂ ਦੀ ਸੁਰੱਖਿਆ ਕੀਤੀ ਹੁੰਦੀ ਤਾਂ ਉਸ ਨੂੰ ਵੋਟਾਂ ਲਈ ਕਰਨਾਲ ਵਿੱਚ ਝੋਲੀ ਨਾ ਅੱਡਣੀ ਪੈਂਦੀ। ਉਨ੍ਹਾਂ ਕਿਹਾ ਕਿ ਦੇਸ਼ ਤੇ ਸੂਬੇ ਦੇ ਲੋਕ ਭਾਜਪਾ ਤੋਂ ਪੂਰਾ ਹਿਸਾਬ ਲੈਣਗੇ।

## ਮਾਰਕੀਟ ਕਮੇਟੀ ਦਫ਼ਤਰ ਅੱਗੇ ਆੜ੍ਹਤੀਆਂ ਦੇ ਨਾਅਰੇ ਗੂੰਜੇ




**ਨਰਾਇਣਗੜ੍ਹ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੀ ਨਵੀਂ ਅਨਾਜ ਮੰਡੀ ਵਿੱਚ ਕੱਚਾ ਆੜ੍ਹਤੀ ਐਸੋਸੀਏਸ਼ਨ ਨੇ ਮਾਰਕੀਟ ਕਮੇਟੀ ਦਫ਼ਤਰ ਅੱਗੇ ਦੋ ਘੰਟੇ ਦਾ ਧਰਨਾ ਸ਼ੁਰੂ ਕਰਕੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

ਆੜ੍ਹਤੀਆਂ ਨੇ ਮੰਗ ਕੀਤੀ ਕਿ ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦੀਆਂ ਜਾਣ ਵਾਲੀਆਂ ਸਾਰੀਆਂ ਫਸਲਾਂ ਉਨ੍ਹਾਂ ਰਾਹੀਂ ਖਰੀਦੀਆਂ ਜਾਣ ਅਤੇ ਕਮਿਸ਼ਨ ਏਜੰਟਾਂ ਨੂੰ 2.5 ਫੀਸਦੀ ਕਮਿਸ਼ਨ ਦਿੱਤਾ ਜਾਵੇ। ਆੜ੍ਹਤੀ ਸੰਦੀਪ ਚੌਧਰੀ ਨੇ ਦੱਸਿਆ ਕਿ ਇਹ ਹੜਤਾਲ ਹਰਿਆਣਾ ਰਾਜ ਆੜ੍ਹਤੀ ਐਸੋਸੀਏਸ਼ਨ ਦੀ ਅਗਵਾਈ ਹੇਠ ਚੱਲ ਰਹੀ ਹੈ ਅਤੇ ਸਰਕਾਰ ਦੀਆਂ ਆੜ੍ਹਤੀ ਵਿਰੋਧੀ ਨੀਤੀਆਂ ਨੂੰ ਲੈ ਕੇ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਏਜੰਟਾਂ ਨੂੰ ਢਾਈ ਫ਼ੀਸਦੀ ਕਮਿਸ਼ਨ ਮਿਲਣਾ ਚਾਹੀਦਾ ਹੈ ਅਤੇ ਸਾਰੀਆਂ ਫ਼ਸਲਾਂ ਆੜ੍ਹਤੀਆਂ ਰਾਹੀਂ ਹੀ ਵਿਕਣੀਆਂ ਚਾਹੀਦੀਆਂ ਹਨ। ਉਨ੍ਹਾਂ ਦੱਸਿਆ ਕਿ ਆੜ੍ਹਤੀਆਂ ਦੀ ਇਹ ਹੜਤਾਲ 5 ਅਪਰੈਲ ਤੱਕ ਜਾਰੀ ਰਹੇਗੀ।

ਆੜ੍ਹਤੀ ਸੁਰਜੀਤ ਕਪੂਰ ਨੇ ਕਿਹਾ ਕਿ ਉਨ੍ਹਾਂ ਦਾ ਬਣਦਾ ਕਮਿਸ਼ਨ ਉਨ੍ਹਾਂ ਨੂੰ ਜਾਰੀ ਕੀਤਾ ਜਾਵੇ ਅਤੇ ਸਰ੍ਹੋਂ, ਸੂਰਜਮੁਖੀ, ਮੱਕੀ ਆਦਿ ਦੀਆਂ ਹੋਰ ਫ਼ਸਲਾਂ ਵੀ ਉਨ੍ਹਾਂ ਰਾਹੀਂ ਹੀ ਖ਼ਰੀਦੀਆਂ ਜਾਣ। ਹੋਰ ਆੜ੍ਹਤੀਆਂ ਨੇ ਦੱਸਿਆ ਕਿ ਪਿਛਲੇ ਪੱਚੀ ਸਾਲਾਂ ਤੋਂ ਉਨ੍ਹਾਂ ਨੂੰ ਸਰਕਾਰ ਵੱਲੋਂ ਖਰੀਦੀ ਗਈ ਫਸਲ 'ਤੇ ਢਾਈ ਫ਼ੀਸਦੀ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਕਮਿਸ਼ਨ ਮਿਲ ਰਿਹਾ ਸੀ ਜਿਸ ਨੂੰ ਕਰੀਬ ਦੋ ਸਾਲ ਪਹਿਲਾਂ ਭਾਜਪਾ ਸਰਕਾਰ ਨੇ ਕਾਫੀ ਘਟਾ ਦਿੱਤਾ ਸੀ।

ਹੁਣ ਕਮਿਸ਼ਨ ਏਜੰਟਾਂ ਨੇ ਝੋਨੇ 'ਤੇ 45.88 ਪੈਸੇ ਪ੍ਰਤੀ ਕੁਇੰਟਲ ਅਤੇ ਕਣਕ 'ਤੇ 46 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਇਕਮੁਸ਼ਤ ਰਕਮ ਅਦਾ ਕਰਨੀ ਸ਼ੁਰੂ ਕਰ ਦਿੱਤੀ ਹੈ। ਇਸ ਕਾਰਨ ਆੜ੍ਹਤੀਆਂ ਵਿੱਚ ਸਰਕਾਰ ਪ੍ਰਤੀ ਰੋਸ ਹੈ।

## ਲੋਕ ਸਭਾ ਚੋਣਾਂ: ਘੱਗਰ ਵਿੱਚ ਲੱਗੀ ਸਿਆਸੀ ਲਾਰਿਆਂ ਦੀ ਡਾਫ



**ਏਲਨਾਬਾਦ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਚੋਣਾਂ ਆਉਂਦੀਆਂ ਹਨ ਅਤੇ ਚਲੀਆਂ ਜਾਂਦੀਆਂ ਹਨ ਪਰ ਸਿਆਸੀ ਆਗੂਆਂ ਦੇ ਵਾਅਦੇ ਵਫ਼ਾ ਨਹੀਂ ਹੁੰਦੇ ਜਿਸ ਕਾਰਨ ਹੁਣ ਲੋਕਾਂ 'ਚ ਸਿਆਸੀ ਆਗੂਆਂ ਪ੍ਰਤੀ ਭਰੋਸਾ ਘਟਦਾ ਜਾ ਰਿਹਾ ਹੈ।

ਏਲਨਾਬਾਦ-ਰਾਣੀਆਂ ਖੇਤਰ ਵਿੱਚੋਂ ਲੰਘਦੇ ਘੱਗਰ ਦੀ ਸਹੀ ਸੰਭਾਲ ਨਾ ਹੋਣ ਕਾਰਨ ਹਰ ਸਾਲ ਬਰਸਾਤ ਦੇ ਮੌਸਮ ਦੌਰਾਨ ਇੱਥੇ ਕਰੀਬ 60 ਪਿੰਡਾਂ ਦੇ ਲੋਕਾਂ ਦੀ ਜਾਨ ਖ਼ਤਰੇ ਵਿੱਚ ਹੁੰਦੀ ਹੈ। ਉਹ ਹਰ ਸਾਲ ਜਾਨੀ-ਮਾਲੀ ਨੁਕਸਾਨ ਝੱਲਦੇ ਹਨ।

ਸਾਲ 2023 ਦੌਰਾਨ ਇੱਥੇ ਘੱਗਰ ਵਿੱਚ ਰਿਕਾਰਡ ਕਰੀਬ 60 ਹਜ਼ਾਰ ਕਿਊਸਿਕ ਪਾਣੀ ਆਇਆ ਜਦੋਂਕਿ ਵਣੀ ਪਿੰਡ ਕੋਲ ਰਾਜਸਥਾਨ ਕੈਨਾਲ 'ਤੇ ਘੱਗਰ ਦੇ ਪਾਣੀ ਦੀ ਨਿਕਾਸੀ ਲਈ ਬਣੇ ਸਾਈਫ਼ਨ ਦੀ ਸਮਰੱਥਾ ਕੇਵਲ 18 ਹਜ਼ਾਰ ਕਿਊਸਿਕ ਪਾਣੀ ਨੂੰ ਅੱਗੇ ਕੱਢਣ ਦੀ ਹੈ ਜਿਸ ਕਾਰਨ ਓਟੂ ਹੈੱਡ ਤੋਂ ਲੈ ਕੇ ਵਣੀ ਪਿੰਡ ਤੱਕ ਘੱਗਰ ਦੇ ਦੋਵੇਂ ਪਾਸੇ ਵੱਸੇ ਕਰੀਬ 60 ਪਿੰਡਾਂ ਦੇ ਲੋਕਾਂ ਲਈ ਜੋਖਮ ਬਣਿਆ ਰਿਹਾ।

ਸਮਾਜ ਸੇਵੀ ਰਾਜਿੰਦਰ ਸਿੰਘ ਸੰਧੂ ਨੇ ਆਖਿਆ ਕਿ ਪਿਛਲੇ ਸਾਲ ਪਿੰਡਾਂ ਦੇ ਲੋਕਾਂ ਨੇ ਆਪਸੀ ਭਾਈਚਾਰੇ ਦੀ ਮਿਸਾਲ ਕਾਇਮ ਕਰਦਿਆਂ ਦਿਨ-ਰਾਤ ਪਹਿਰਾ ਦਿੱਤਾ ਅਤੇ ਪੁਖ਼ਤਾ ਪ੍ਰਬੰਧ ਕਰਕੇ ਘੱਗਰ ਨੂੰ ਟੁੱਟਣ ਤੋਂ ਬਚਾਇਆ। ਅਜਿਹੇ ਹਾਲਾਤ ਹਰ ਸਾਲ ਬਣਦੇ ਹਨ ਅਤੇ ਹਰ ਸਾਲ ਹੀ ਸਿਆਸੀ ਆਗੂ ਇਸ ਮਸਲੇ ਦੇ ਸਥਾਈ ਹੱਲ ਕਰਨ ਦੇ ਵਾਅਦੇ ਕਰਦੇ ਹਨ ਪਰ ਅਜੇ ਤੱਕ ਲੋਕਾਂ ਦੇ ਪੱਲੇ ਲਾਰਿਆਂ ਤੋਂ ਸਿਵਾਏ ਕੁਝ ਨਹੀਂ ਪਿਆ।

ਕਿਸਾਨ ਆਗੂ ਅਮਰਪਾਲ ਸਿੰਘ ਖੋਸਾ ਨੇ ਆਖਿਆ ਕਿ ਪਿਛਲੇ ਸਾਲ ਜਦੋਂ ਘੱਗਰ ਵਿੱਚ ਪਾਣੀ ਆਇਆ ਸੀ ਤਾਂ ਤੱਤਕਾਲੀ ਉਪ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ, ਕੈਬਨਿਟ ਮੰਤਰੀ ਰਣਜੀਤ ਸਿੰਘ, ਸੰਸਦ ਮੈਂਬਰ ਸੁਨੀਤਾ ਦੁੱਗਲ ਸਣੇ ਹਰ ਵੱਡੇ-ਛੋਟੇ ਆਗੂਆਂ ਨੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਇਸ ਦਾ ਸਥਾਈ ਹੱਲ ਬਹੁਤ ਜਲਦੀ ਕਰ ਦਿੱਤਾ ਜਾਵੇਗਾ ਪਰ ਕੁਝ ਨਹੀਂ ਹੋਇਆ। ਕਿਸਾਨ ਆਗੂ ਹਰਜਿੰਦਰ ਸਿੰਘ ਭੰਗੂ ਨੇ ਆਖਿਆ ਕਿ ਖੇਤਰ ਦੇ ਲੋਕ ਇਸ ਮਸਲੇ ਨੂੰ ਹੱਲ ਕਰਵਾਉਣ ਲਈ ਰਾਜਨੀਤੀ ਤੋਂ ਉੱਪਰ ਉੱਠ ਕੇ ਅੱਗੇ ਆਏ ਸਨ। ਸੰਸਦ ਮੈਂਬਰ ਸੁਨੀਤਾ ਦੁੱਗਲ ਸਣੇ ਸਾਰੇ ਆਗੂਆਂ ਦੀਆਂ ਉਸ ਸਮੇਂ ਦੀਆਂ ਲੋਕਾਂ ਨਾਲ ਕੀਤੇ ਵਾਅਦੇ ਦੀਆਂ ਵੀਡੀਓਜ਼ ਅੱਜ ਵੀ ਸੋਸ਼ਲ ਮੀਡੀਆ 'ਤੇ ਉਪਲਬਧ ਹਨ।

ਉਨ੍ਹਾਂ ਕਿਹਾ ਕਿ ਘੱਗਰ ਦੀ ਖੁਦਾਈ ਕਰਕੇ ਇਸ ਨੂੰ ਚੌੜਾ ਕਰਨ, ਬੰਨ੍ਹਾਂ 'ਤੇ ਮਿੱਟੀ ਪਾਉਣ, ਡੂੰਘਾਈ 30 ਫੁੱਟ ਕਰਕੇ ਬੰਨ੍ਹਾਂ 'ਤੇ ਲਾਈਟਾਂ ਲਾਉਣ ਸਮੇਤ ਘੱਗਰ ਵਿੱਚੋਂ ਮੋਘੇ ਮਨਜ਼ੂਰ ਕਰਨ ਦੇ ਵਾਅਦੇ ਹਾਲੇ ਤੱਕ ਪੂਰੇ ਨਹੀਂ ਹੋਏ।

ਸਰਪੰਚ ਐਸੋਸੀਏਸ਼ਨ ਦੇ ਪ੍ਰਧਾਨ ਜਸਕਰਨ ਸਿੰਘ ਕੰਗ ਨੇ ਆਖਿਆ ਕਿ ਸਾਲ 2023 ਵਿੱਚ ਜਦੋਂ ਘੱਗਰ ਵਿੱਚ ਪਾਣੀ ਆਇਆ ਤਾਂ ਵਾਹ-ਵਾਹ ਖੱਟਣ ਲਈ ਸਿਆਸੀ ਆਗੂ ਰੋਜ਼ਾਨਾ ਇਥੇ ਗੇੜੇ ਮਾਰਦੇ ਸਨ। ਇਸ ਮਸਲੇ ਦੇ ਹੱਲ ਲਈ ਬਣੀ ਘੱਗਰ ਕਮੇਟੀ ਦੇ ਆਗੂ ਸੰਸਦ ਮੈਂਬਰ ਸੁਨੀਤਾ ਦੁੱਗਲ, ਦੁਸ਼ਿਅੰਤ ਚੌਟਾਲਾ, ਕੈਬਨਿਟ ਮੰਤਰੀ ਰਣਜੀਤ ਸਿੰਘ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਮਿਲੇ ਸਨ।

ਉਨ੍ਹਾਂ ਦਿੱਲੀ ਤੋਂ ਲੈ ਕੇ ਸਿਰਸਾ ਤੱਕ ਦੇ ਆਗੂਆਂ ਨੂੰ ਇਸ ਮਸਲੇ ਨੂੰ ਹੱਲ ਕਰਨ ਲਈ ਅਪੀਲ ਕੀਤੀ ਕੀਤੀ ਸੀ ਪਰ ਝੂਠੇ ਵਾਅਦਿਆਂ ਤੋਂ ਇਲਾਵਾ ਕੁਝ ਨਹੀਂ ਹੋਇਆ। ਭਾਜਪਾ ਕੋਲ ਪੂਰੀ ਸਿਆਸੀ ਪਾਵਰ ਹੋਣ ਦੇ ਬਾਵਜੂਦ ਇਸ ਮਾਮਲੇ ਨੂੰ ਸੰਜੀਦਗੀ ਨਾਲ ਨਹੀਂ ਲਿਆ ਗਿਆ।

## ਕਣਕ ਦੀ ਖਰੀਦ ਸਬੰਧੀ ਅਧਿਕਾਰੀਆਂ ਤੇ ਵਪਾਰੀਆਂ ਦੀ ਮੀਟਿੰਗ



**ਰਤੀਆ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਦਾਣਾ ਮੰਡੀ ਵਿੱਚ ਕਣਕ ਦੇ ਸੀਜ਼ਨ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਅੱਜ ਵਪਾਰ ਮੰਡਲ ਦੇ ਅਧਿਕਾਰੀਆਂ ਦੀ ਖਰੀਦ ਏਜੰਸੀ ਦੇ ਮੁਲਾਜ਼ਮਾਂ ਅਤੇ ਮਾਰਕੀਟ ਕਮੇਟੀ ਦੇ ਅਧਿਕਾਰੀਆਂ ਨਾਲ ਮੀਟਿੰਗ ਹੋਈ। ਇਸ ਮੀਟਿੰਗ ਪ੍ਰਧਾਨ ਰੂਪ ਦੀ ਅਗਵਾਈ ਹੇਠ ਮਾਰਕੀਟ ਕਮੇਟੀ ਦੇ ਦਫ਼ਤਰ ਵਿੱਚ ਕੀਤੀ ਗਈ। ਮੀਟਿੰਗ ਵਿੱਚ ਮਾਰਕੀਟ ਕਮੇਟੀ ਦੇ ਸਕੱਤਰ ਨਰਿੰਦਰ ਕੁੰਡੂ, ਹੈਫੇਡ ਮੈਨੇਜਰ ਅਨੀਤਾ ਰਾਣੀ, ਵੇਅਰਹਾਊਸ ਮੈਨੇਜਰ ਸੋਮਵਰ ਸਿੰਘ, ਵਪਾਰ ਮੰਡਲ ਪ੍ਰਧਾਨ ਰੂਪ ਗਰਗ, ਉਪ ਪ੍ਰਧਾਨ ਮਨਦੀਪ ਸਿੰਘ, ਸਕੱਤਰ ਖੇਮਚੰਦ ਮੰਗਾ, ਖਜ਼ਾਨਚੀ ਗਗਨ ਜਿੰਦਲ, ਸਾਬਕਾ ਪ੍ਰਧਾਨ ਰਾਜੂ ਲਾਲੀ, ਸੋਨੂੰ ਜਿੰਦਲ, ਵਿਪਨ ਗੋਇਲ, ਸੰਜੇ ਮੋਦੀ, ਅਮਨ ਜੈਨ, ਸੁਖਦੀਪ ਗਰੇਵਾਲ, ਦਰਸ਼ਨ ਗਰਗ, ਕਾਕਾ ਰਾਜ, ਹੰਸ ਕੰਬੋਜ, ਹਰੀਸ਼ ਕੁਮਾਰ, ਡੀਪੀ ਗਰਗ, ਪ੍ਰਵੀਨ ਮਿੱਤਲ, ਸੁੰਦਰ ਪੂਨੀਆ, ਰਾਏ ਸਿੰਘ, ਸੂਰਾ ਅਤੇ ਹੋਰ ਵਪਾਰੀ ਹਾਜ਼ਰ ਸਨ। ਮੀਟਿੰਗ ਦੌਰਾਨ ਵਪਾਰ ਮੰਡਲ ਦੇ ਪ੍ਰਧਾਨ ਰੂਪ ਗਰਗ ਨੇ ਵਪਾਰੀਆਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਅਧਿਕਾਰੀਆਂ ਨੂੰ ਜਾਣੂ ਕਰਵਾਇਆ।

ਇਸ ਦੌਰਾਨ ਉਨ੍ਹਾਂ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਵਪਾਰੀਆਂ ਦੀਆਂ ਸਮੱਸਿਆਵਾਂ ਦਾ ਹੱਲ ਛੇਤੀ ਕੀਤਾ ਜਾਵੇ। ਇਸ ਮੌਕੇ ਮਾਰਕੀਟ ਕਮੇਟੀ ਦੇ ਸਕੱਤਰ ਨਰਿੰਦਰ ਕੁੰਡੂ ਅਤੇ ਖਰੀਦ ਏਜੰਸੀ ਦੇ ਅਧਿਕਾਰੀਆਂ ਨੇ ਵਪਾਰੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਸਾਰੀਆਂ ਮੁਸ਼ਕਲਾਂ ਦਾ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਸਾਨਾਂ ਨੂੰ ਸੀਜ਼ਨ ਦੌਰਾਨ ਆਪਣੀ ਫਸਲ ਨੂੰ ਸੁਕਾ ਕੇ ਲਿਆਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਸਾਨਾਂ ਅਤੇ ਅਧਿਕਾਰੀਆਂ ਨੂੰ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਦਾ ਸੱਦਾ ਦਿੱਤਾ।

## ਕੈਂਪ ਦੌਰਾਨ ਸਵਾ ਸੌ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ

**ਰਤੀਆ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਲਾਇਨਜ਼ ਕਲੱਬ ਰਤੀਆ ਟਾਊਨ ਵੱਲੋਂ ਅੱਜ ਅੱਖਾਂ ਦਾ ਅਪਰੇਸ਼ਨ ਕੈਂਪ ਲਗਾਇਆ ਗਿਆ।

ਕੈਂਪ ਦੌਰਾਨ ਮੁੱਖ ਮਹਿਮਾਨ ਵਜੋਂ ਵਪਾਰ ਮੰਡਲ ਦੇ ਪ੍ਰਧਾਨ ਰੂਪ ਗਰਗ ਹਾਜ਼ਰ ਹੋਏ। ਵਿਸ਼ੇਸ਼ ਮਹਿਮਾਨ ਵਜੋਂ ਰੀਜ਼ਨ ਚੇਅਰਮੈਨ ਲਾਇਨ ਈਸ਼ ਮਹਿਤਾ ਅਤੇ ਜ਼ੋਨ ਚੇਅਰਮੈਨ ਲਾਇਨ ਵਿਜੇ ਮਹਿਤਾ ਨੇ ਹਾਜ਼ਰੀ ਭਰੀ। ਅੱਜ ਜੈਨ ਸਮਾਧੀ ਹਸਪਤਾਲ ਦੇ ਡਾਇਰੈਕਟਰ ਦੀ ਅਗਵਾਈ ਹੇਠ ਅੱਖਾਂ ਦੇ ਮਾਹਿਰ ਡਾਕਟਰ ਰਾਹੁਲ ਸਿੰਗਲਾ ਅਤੇ ਉਨ੍ਹਾਂ ਦੀ ਟੀਮ ਨੇ 250 ਅੱਖਾਂ ਦੇ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ। ਇਸ ਦੌਰਾਨ 123 ਮਰੀਜ਼ਾਂ ਦੀ ਅਪਰੇਸ਼ਨ ਲਈ ਚੋਣ ਹੋਈ।

ਪ੍ਰੋਗਰਾਮ ਦੀ ਪ੍ਰਧਾਨਗੀ ਕਰਦਿਆਂ ਪ੍ਰਧਾਨ ਵਿਜੇ ਜਿੰਦਲ ਨੇ ਕਲੱਬ ਦੀਆਂ ਗਤੀਵਿਧੀਆਂ ਬਾਰੇ ਦੱਸਿਆ।

## ਮਹਿੰਗਾਈ ਅਤੇ ਬੇਰੁਜ਼ਗਾਰੀ ਕਾਰਨ ਨੌਜਵਾਨ ਵਿਦੇਸ਼ਾਂ 'ਚ ਜਾਣ ਲਈ ਮਜਬੂਰ: ਭਾਂਵਰਾ

**ਸ਼ਾਹਬਾਦ ਮਾਰਕੰਡਾ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਬਲਾਕ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਮੌਜੂਦਾ ਕੌਂਸਲਰ ਮੋਹਨ ਲਾਲ ਭਾਂਵਰਾ ਨੇ ਲੋਕ ਸਭਾ ਚੋਣਾਂ ਲਈ ਇੰਡੀਆ ਗੱਠਜੋੜ ਦੇ ਉਮੀਦਵਾਰ ਡਾ. ਸ਼ੁਸ਼ੀਲ ਕੁਮਾਰ ਦੇ ਹੱਕ ਵਿਚ ਚੋਣ ਪ੍ਰਚਾਰ ਕਰਦਿਆਂ ਅੱਜ ਪਿੰਡ ਕਲਸਾਣੀ ਵਿਚ ਲੋਕਾਂ ਨੂੰ ਗੱਠਜੋੜ ਦੇ ਉਮੀਦਵਾਰ ਨੂੰ ਜਿਤਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਭਾਜਪਾ ਦੇ ਰਾਜ ਵਿੱਚ ਰਿਕਾਰਡ ਤੋੜ ਮਹਿੰਗਾਈ ,ਬੇਰੁਜ਼ਗਾਰੀ ਅਤੇ ਅਗਨੀਵੀਰ ਵਰਗੀਆਂ ਯੋਜਨਾਵਾਂ ਨੇ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਜਾਣ ਲਈ ਮਜਬੂਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਤੇ ਲੋਕ ਸਭਾ ਮੈਂਬਰ ਦੀਪੇਂਦਰ ਹੁੱਡਾ ਲਗਾਤਾਰ ਸੰਸਦ ਤੇ ਵਿਧਾਨ ਸਭਾ ਵਿੱਚ ਨੌਜਵਾਨਾਂ ਦੀ ਆਵਾਜ਼ ਬੁਲੰਦ ਕਰਕੇ ਸਰਕਾਰ ਨੂੰ ਕੁੰਭਕਰਨੀ ਨੀਂਦ ਤੋਂ ਜਗਾਉਣ ਦਾ ਕੰਮ ਕਰ ਰਹੇ ਹਨ,ਪਰ ਸਰਕਾਰ ਦੇ ਕੰਨਾਂ 'ਤੇ ਜੂੰ ਨਹੀਂ ਸਰਕ ਰਹੀ।

## ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਦੀ ਚੋਣ ਸੀਟ ਦਾ ਇਤਿਹਾਸ, ਇੱਥੇ ਕਿਹੜੇ ਦਿੱਗਜਾਂ ਨੇ ਆਪਣੀ ਕਿਸਮਤ ਅਜ਼ਮਾਈ ਸੀ

**ਅੰਮ੍ਰਿਤਸਰ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ ਦਾ ਮਤਲਬ ਸੈਲਾਨੀਆਂ ਲਈ ਗੋਲਡਨ ਟੈਂਪਲ ਹੈ। ਇਹ ਸ਼ਹਿਰ ਸੱਚਖੰਡ ਹਰਿਮੰਦਰ ਸਾਹਿਬ ਕਰਕੇ ਪੂਰੀ ਦੁਨੀਆ ਵਿਚ ਮਸ਼ਹੂਰ ਹੈ। ਇਸ ਨੂੰ ਸਿੱਖਾਂ ਦੇ ਚੌਥੇ ਪਾਤਸ਼ਾਹ ਸ਼੍ਰੀ ਗੁਰੂ ਰਾਮਦਾਸ ਜੀ ਨੇ ਵਸਾਇਆ ਸੀ। ਇੱਥੇ ਨਾ ਸਿਰਫ਼ ਦੁਨੀਆਂ ਭਰ ਤੋਂ ਸ਼ਰਧਾਲੂ ਆਉਂਦੇ ਹਨ, ਬਲਕਿ ਇਹ ਸੈਲਾਨੀ ਅਤੇ ਸ਼ਰਧਾਲੂ ਇਸ ਪੂਰੇ ਖੇਤਰ ਦੀ ਆਰਥਿਕਤਾ ਦਾ ਇੱਕ ਮਹੱਤਵਪੂਰਨ ਸਰੋਤ ਵੀ ਹਨ। ਇਹ ਸ਼ਹਿਰ ਲੰਬੇ ਸਮੇਂ ਤੋਂ ਵਪਾਰ ਦਾ ਕੇਂਦਰ ਵੀ ਰਿਹਾ ਹੈ।

ਜੇਕਰ ਮਸ਼ਹੂਰ ਸਥਾਨਾਂ ਦੀ ਗੱਲ ਕਰੀਏ ਤਾਂ ਇਹ ਸ਼ਹਿਰ ਅਟਾਰੀ ਬਾਘਾ ਬਾਰਡਰ ਲਈ ਵੀ ਮਸ਼ਹੂਰ ਹੈ ਅਤੇ ਇੱਥੇ ਹਰ ਸ਼ਾਮ ਹੋਣ ਵਾਲੀ ਪਰੇਡ ਭਾਰਤ ਅਤੇ ਪਾਕਿਸਤਾਨ ਦੋਵਾਂ ਦੇਸ਼ਾਂ ਵਿੱਚ ਖਿੱਚ ਦਾ ਕੇਂਦਰ ਹੈ। ਇਸ ਸਰਹੱਦ ਰਾਹੀਂ ਪਾਕਿਸਤਾਨ ਅਤੇ ਅਫਗਾਨਿਸਤਾਨ ਨਾਲ ਵਪਾਰ ਹੁੰਦਾ ਸੀ ਪਰ ਪਿਛਲੇ ਕੁਝ ਸਮੇਂ ਤੋਂ ਸਰਹੱਦ ਬੰਦ ਹੋਣ ਕਾਰਨ ਵਪਾਰ ਠੱਪ ਹੋ ਗਿਆ ਹੈ। ਇਹ ਸ਼ਹਿਰ ਆਪਣੀ ਵਿਰਾਸਤ ਲਈ ਹੀ ਨਹੀਂ ਸਗੋਂ ਖਾਣ-ਪੀਣ ਲਈ ਵੀ ਜਾਣਿਆ ਜਾਂਦਾ ਹੈ। ਇਤਿਹਾਸਕ ਜਲ੍ਹਿਆਂਵਾਲਾ ਬਾਗ ਦੀ ਦੁਖਦਾਈ ਘਟਨਾ ਇੱਥੇ ਵਾਪਰੀ।

ਅੰਮ੍ਰਿਤਸਰ ਇਕ ਆਮ ਲੋਕ ਸਭਾ ਸੀਟ ਹੈ ਅਤੇ ਇਸ ਸੀਟ ਤੋਂ ਸਿਆਸੀ ਜਗਤ ਦੇ ਮਸ਼ਹੂਰ ਚਿਹਰੇ ਚੋਣ ਲੜਦੇ ਰਹੇ ਹਨ। ਅੰਮ੍ਰਿਤਸਰ ਸੰਸਦੀ ਹਲਕੇ ਅਧੀਨ ਕੁੱਲ 9 ਵਿਧਾਨ ਸਭਾ ਸੀਟਾਂ ਆਉਂਦੀਆਂ ਹਨ। ਇਹ 9 ਸੀਟਾਂ ਇਸ ਪ੍ਰਕਾਰ ਹਨ- ਅਜਨਾਲਾ, ਰਾਜਾ ਸਾਂਸੀ, ਮਜੀਠਾ, ਅੰਮ੍ਰਿਤਸਰ ਉੱਤਰੀ, ਅੰਮ੍ਰਿਤਸਰ ਪੱਛਮੀ, ਅੰਮ੍ਰਿਤਸਰ ਕੇਂਦਰੀ, ਅੰਮ੍ਰਿਤਸਰ ਪੂਰਬੀ, ਅੰਮ੍ਰਿਤਸਰ ਦੱਖਣੀ ਅਤੇ ਅਟਾਰੀ।

ਜੇਕਰ 2022 ਦੀਆਂ ਵਿਧਾਨ ਸਭਾ ਚੋਣਾਂ ਦੀ ਗੱਲ ਕਰੀਏ ਤਾਂ ਇਸ ਚੋਣ ਵਿੱਚ ਆਮ ਆਦਮੀ ਪਾਰਟੀ ਨੇ 7, ਕਾਂਗਰਸ ਨੇ 1 ਅਤੇ ਸ਼੍ਰੋਮਣੀ ਅਕਾਲੀ ਦਲ ਨੇ 1 ਸੀਟ ਜਿੱਤੀ ਸੀ। ਆਮ ਆਦਮੀ ਪਾਰਟੀ ਦਾ 7 ਸੀਟਾਂ ਜਿੱਤਣਾ ਕਈਆਂ ਲਈ ਹੈਰਾਨ ਕਰਨ ਵਾਲਾ ਸੀ।

ਜਿੱਥੋਂ ਤੱਕ ਅੰਮ੍ਰਿਤਸਰ ਲੋਕ ਸਭਾ ਸੀਟ ਦੇ ਚੋਣ ਇਤਿਹਾਸ ਦਾ ਸਬੰਧ ਹੈ, 1952 ਵਿੱਚ ਹੋਈਆਂ ਪਹਿਲੀਆਂ ਲੋਕ ਸਭਾ ਚੋਣਾਂ ਵਿੱਚ ਇੱਥੋਂ ਕਾਂਗਰਸੀ ਉਮੀਦਵਾਰ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਚੁਣੇ ਗਏ ਸਨ। ਜਿੱਤਿਆ। ਮੁਸਾਫਿਰ ਨੇ 1952 ਤੋਂ 1967 ਤੱਕ ਕਾਂਗਰਸ ਪਾਰਟੀ ਦੀ ਟਿਕਟ 'ਤੇ ਇਸ ਸੀਟ ਦੀ ਨੁਮਾਇੰਦਗੀ ਕੀਤੀ।

ਉਹ 1952, 1957 ਅਤੇ 1962 ਦੀਆਂ ਲੋਕ ਸਭਾ ਚੋਣਾਂ ਜਿੱਤ ਕੇ ਅੰਮ੍ਰਿਤਸਰ ਸੰਸਦੀ ਹਲਕੇ ਤੋਂ ਹੈਟ੍ਰਿਕ ਬਣਾਉਣ ਵਾਲੇ ਪਹਿਲੇ ਸੰਸਦ ਮੈਂਬਰ ਬਣੇ। ਮੁਸਾਫਿਰ ਥੋੜ੍ਹੇ ਜਿਹੇ ਕਾਰਜਕਾਲ ਲਈ ਸੂਬੇ ਦੇ ਮੁੱਖ ਮੰਤਰੀ ਵੀ ਬਣੇ। ਪੰਜਾਬ ਦੇ ਪੰਜਵੇਂ ਮੁੱਖ ਮੰਤਰੀ ਵਜੋਂ, ਉਹ 1 ਨਵੰਬਰ 1966 ਤੋਂ 8 ਮਾਰਚ 1967 ਤੱਕ ਰਾਜ ਦੇ ਮੁੱਖ ਮੰਤਰੀ ਰਹੇ। ਕਾਂਗਰਸ ਦੇ ਸੀਨੀਅਰ ਆਗੂ ਰਘੁਨੰਦਨ ਲਾਲ ਭਾਟੀਆ ਨੇ ਕੁੱਲ ਛੇ ਵਾਰ ਅੰਮ੍ਰਿਤਸਰ ਸੀਟ ਜਿੱਤ ਕੇ ਰਿਕਾਰਡ ਬਣਾਇਆ ਹੈ। ਰਘੁਨੰਦਨ ਲਾਲ ਭਾਟੀਆ ਨੂੰ 2004 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੇ ਤਤਕਾਲੀ ਜਾਟ ਸਿੱਖ ਆਗੂ ਨਵਜੋਤ ਸਿੰਘ ਸਿੱਧੂ ਨੇ ਹਰਾਇਆ ਸੀ। ਉਸ ਤੋਂ ਬਾਅਦ 2009 ਵਿੱਚ ਵੀ ਸਿੱਧੂ ਇਸ ਸੀਟ ਤੋਂ ਚੁਣੇ ਗਏ ਸਨ। ਇਸ ਸੀਟ ਤੋਂ ਇੱਕ ਵਾਰ ਆਜ਼ਾਦ ਉਮੀਦਵਾਰ ਵੀ ਜਿੱਤ ਚੁੱਕਾ ਹੈ। 1989 ਦੀਆਂ ਲੋਕ ਸਭਾ ਚੋਣਾਂ ਵਿੱਚ ਇਸ ਸੀਟ ਤੋਂ ਆਜ਼ਾਦ ਉਮੀਦਵਾਰ ਕਿਰਪਾਲ ਸਿੰਘ ਚੁਣੇ ਗਏ ਸਨ।

ਜਦੋਂ ਕਿ ਜੇਕਰ ਜਨਤਾ ਪਾਰਟੀ ਦੀ ਗੱਲ ਕਰੀਏ ਤਾਂ 1977 ਦੀਆਂ ਆਮ ਚੋਣਾਂ ਵਿੱਚ ਬਲਦੇਵ ਪ੍ਰਕਾਸ਼ ਇਸ ਸੀਟ ਤੋਂ ਚੁਣੇ ਗਏ ਸਨ। ਉਸ ਨੇ ਰਘੂਨੰਦਨ ਲਾਲ ਭਾਟੀਆ ਨੂੰ ਹਰਾਇਆ ਸੀ। 1988 ਵਿੱਚ ਪਹਿਲੀ ਵਾਰ ਭਾਰਤੀ ਜਨਤਾ ਪਾਰਟੀ ਜਿੱਤਣ ਤੋਂ ਪਹਿਲਾਂ ਭਾਰਤੀ ਜਨ ਸੰਘ ਨੇ ਵੀ ਇਹ ਸੀਟ ਜਿੱਤੀ ਸੀ। ਜਨ ਸੰਘ ਦੇ ਯੋਗ ਦੱਤ ਸ਼ਰਮਾ ਨੇ 1967 ਵਿੱਚ ਇਸ ਸੀਟ ਤੋਂ ਜਿੱਤ ਹਾਸਲ ਕੀਤੀ ਸੀ।

2014 ਵਿੱਚ, ਭਾਰਤੀ ਜਨਤਾ ਪਾਰਟੀ ਨੇ ਇਸ ਸੰਸਦੀ ਸੀਟ ਤੋਂ ਆਮ ਚੋਣਾਂ ਲੜਨ ਲਈ ਉੱਘੇ ਸਿਆਸਤਦਾਨ ਮਰਹੂਮ ਅਰੁਣ ਜੇਤਲੀ ਨੂੰ ਆਪਣਾ ਉਮੀਦਵਾਰ ਬਣਾਇਆ ਸੀ, ਪਰ ਉਹ ਸੀਨੀਅਰ ਕਾਂਗਰਸੀ ਆਗੂ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਹਰਾ ਨਹੀਂ ਸਕੇ ਸਨ।

2014 ਦੀਆਂ ਚੋਣਾਂ ਵਿੱਚ ਜੇਤਲੀ ਨੂੰ ਕੈਪਟਨ ਅਮਰਿੰਦਰ ਸਿੰਘ ਨੇ ਹਰਾਇਆ ਸੀ ਅਤੇ ਫਿਰ ਅਮਰਿੰਦਰ ਸਿੰਘ ਅਗਲੇ ਤਿੰਨ ਸਾਲਾਂ ਤੱਕ ਇਸ ਸੀਟ ਤੋਂ ਸੰਸਦ ਮੈਂਬਰ ਰਹੇ।

2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਜਿੱਤ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਬਣੇ ਸਨ। ਇਸ ਲਈ ਕਾਂਗਰਸ ਪਾਰਟੀ ਨੇ ਜ਼ਿਮਨੀ ਚੋਣ ਅਤੇ ਫਿਰ 2019 ਦੀਆਂ ਆਮ ਚੋਣਾਂ ਵਿੱਚ ਗੁਰਜੀਤ ਸਿੰਘ ਔਜਲਾ ਨੂੰ ਆਪਣਾ ਉਮੀਦਵਾਰ ਬਣਾਇਆ। ਔਜਲਾ 2017 ਤੋਂ ਲਗਾਤਾਰ ਇਸ ਸੀਟ ਦੀ ਨੁਮਾਇੰਦਗੀ ਕਰਦੇ ਆ ਰਹੇ ਹਨ।

ਅੰਮ੍ਰਿਤਸਰ ਵਿਖੇ ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦੇ ਹੋਏ ਸ਼ਹਿਰ ਵਿੱਚ ਅਮਨ ਸ਼ਾਂਤੀ ਤੇ ਸੁਰੱਖਿਆ ਨੂੰ ਯਕੀਨੀ ਬਣਾਉਂਣ ਲਈ ਕਮਿਸ਼ਨਰ ਪੁਲਿਸ, ਅੰਮ੍ਰਿਤਸਰ, ਸ੍ਰੀ ਗੁਰਪ੍ਰੀਤ ਸਿੰਘ ਭੁੱਲਰ, ਜੀ ਦੀਆਂ ਹਦਾਇਤਾਂ ਤੇ ਕਮਿਸ਼ਨਰੇਟ ਪੁਲਿਸ,ਅੰਮ੍ਰਿਤਸਰ ਵੱਲੋਂ ਸ਼ਹਿਰ ਦੇ ਵੱਖ-ਵੱਖ ਏਰੀਆਂ ਵਿੱਚ ਸਪੈਸ਼ਲ ਨਾਕਾਬੰਦੀ, ਗਸ਼ਤਾਂ ਅਤੇ ਫਲੈਗ ਮਾਰਚ ਕੱਢੇ ਜਾ ਰਹੇ ਹਨ।

ਜੋ ਅੱਜ ਮਿਤੀ 02-04-2024 ਨੂੰ ਸ੍ਰੀ ਵਰਿੰਦਰ ਸਿੰਘ ਖੋਸਾ, ਏ.ਸੀ.ਪੀ ਨੋਰਥ ਦੀ ਅਗਵਾਈ ਹੇਠ ਮੁੱਖ ਅਫ਼ਸਰ ਥਾਣਾ ਸਿਵਲ ਲਾਈਨ, ਅੰਮ੍ਰਿਤਸਰ ਇੰਸਪੈਕਟਰ ਜਸਵੀਰ ਸਿੰਘ ਅਤੇ ਸੀ.ਆਰ.ਪੀ.ਐਫ, ਆਰ.ਪੀ.ਐਫ ਸਮੇਤ ਲੋਕਲ ਪੁਲਿਸ ਵੱਲੋਂ ਰੇਲਵੇ ਸਟੇਸ਼ਨ ਵਿੱਖੇ ਘੇਰਾਬੰਦੀ ਅਤੇ ਖੋਜ ਕਾਰਜ (31) ਚਲਾ ਕੇ ਸਟੇਸ਼ਨ ਦੇ ਚੱਪੇ ਚੱਪੇ ਦੀ ਚੈਕਿੰਗ ਕੀਤੀ ਗਈ ਅਤੇ ਸਨੀਫਰ ਡੋਗ ਦੀ ਮੱਦਦ ਨਾਲ ਯਾਤਰੀਆਂ ਦੇ ਸਮਾਨ ਅਤੇ ਪਾਰਕਿੰਗ ਵਿੱਚ ਖੜੇ ਵਹੀਕਲਾਂ ਦੀ ਬਾਰੀਕੀ ਨਾਲ ਜਾਂਚ ਤੇ ਸ਼ੱਕੀ ਵਿਅਕਤੀਆਂ ਪਾਸੋਂ ਪੁੱਛਗਿੱਛ ਵੀ ਕੀਤੀ ਗਈ।

## ਲੋਕ ਸੰਗਰਾਮ ਦਾ ਚਿੰਨ੍ਹ ਹੋ ਨਿੱਬੜਿਆ ਬਾਬਾ ਬਿਲਗਾ ਯਾਦਗਾਰੀ ਸਮਾਗਮ

**ਜਲੰਧਰ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਗ਼ਦਰੀ ਬਾਬਾ ਭਗਤ ਸਿੰਘ ਬਿਲਗਾ ਦਾ ਜਨਮ ਦਿਵਸ ਸਮਾਗਮ ਭੱਖਦੇ ਸਰੋਕਾਰਾਂ ਨੂੰ ਮੁਖ਼ਾਤਬ ਹੋ ਨਿਬੜਿਆ। ਜ਼ਿਕਰਯੋਗ ਹੈ ਕਿ ਗ਼ਦਰੀ ਦੇਸ਼ ਭਗਤਾਂ ਦੇ ਨਗਰ ਬਿਲਗਾ ਵਿੱਚ ਹੋਏ

ਇਸ ਸਮਾਗਮ 'ਚ ਮੁਲਕ ਦੇ ਅੰਬਰ 'ਤੇ ਛਾਏ ਸਾਮਰਾਜੀ ਕਾਰਪੋਰੇਟ ਘਰਾਣਿਆਂ ਅਤੇ ਉਨ੍ਹਾਂ ਦੇ ਭਾਰਤੀ ਜੋਟੀਦਾਰਾਂ ਵੱਲੋਂ ਬੋਲੇ ਚੌਤਰਫ਼ੇ ਹੱਲੇ ਅਤੇ ਫ਼ਿਰਕੂ ਫ਼ਾਸ਼ੀ ਹੱਲੇ ਦੇ ਬੱਦਲਾਂ ਬਾਰੇ ਚਰਚਾ ਛਾਈ ਰਹੀ।

ਸਮਾਗਮ 'ਚ ਇਹ ਵਿਚਾਰ ਉਭਰ ਕੇ ਸਾਹਮਣੇ ਆਏ ਕਿ ਅਨੇਕਾਂ ਦੁਸ਼ਵਾਰੀਆਂ ਦੇ ਬਾਵਜੂਦ ਲੋਕ-ਸਰੋਕਾਰਾਂ ਦੀ ਬਾਤ ਜਾਰੀ ਰਹੇਗੀ ਅਤੇ ਕਿੰਨੀਆਂ ਵੀ ਚੁਣੌਤੀਆਂ ਭਰਪੂਰ ਹਾਲਤਾਂ ਦਰਪੇਸ਼ ਹੋਣ ਭਵਿੱਖ ਵਿੱਚ ਇਤਿਹਾਸਕ ਵਿਰਾਸਤ ਦੇ ਥੰਮ੍ਹ ਬਾਬਾ ਭਗਤ ਸਿੰਘ ਬਿਲਗਾ ਵਰਗੇ ਸਿਦਕਵਾਨ ਲੋਕਾਂ ਦੇ ਸੁਫ਼ਨਿਆਂ ਦੀ ਪੂਰਤੀ ਲਈ ਸੰਗਰਾਮ ਜਾਰੀ ਰਹੇਗਾ। ਸਮਾਗਮ ਦੇ ਆਰੰਭ ਵਿੱਚ ਪ੍ਰੋ. ਗੋਪਾਲ ਸਿੰਘ ਬੁੱਟਰ ਨੇ ਬਾਬਾ ਬਿਲਗਾ ਜੀ ਦੇ ਜੀਵਨ ਤੇ ਯੋਗਦਾਨ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਾਬਾ ਜੀ ਦੀ ਯਾਦ ਵਿੱਚ ਬਣੇ ਗ਼ਦਰੀ ਬਾਬਾ ਕਾਮਰੇਡ ਭਗਤ ਸਿੰਘ ਬਿਲਗਾ ਯਾਦਗਾਰ ਹਾਲ ਬਿਲਗਾ ਜਲੰਧਰ ਦੇ ਪ੍ਰਬੰਧ ਵਿੱਚ ਸਥਾਨਕ ਅਗਾਂਹਵਧੂ ਸਾਥੀਆਂ ਦਾ ਸੰਪੂਰਨ ਸਹਿਯੋਗ ਮਿਲਦਾ ਹੈ।

ਉਨ੍ਹਾਂ ਨੇ ਇਸ ਮੌਕੇ ਵਿਛੜੇ ਸਹਿਯੋਗੀਆਂ ਜਿਨ੍ਹਾਂ ਵਿੱਚ ਕਾਮਰੇਡ ਗੁਰਪ੍ਰੇਮ ਸਿੰਘ ਸੰਘੇੜਾ, ਕਾਮਰੇਡ ਅਜਮੇਲ ਸਿੰਘ ਸੰਘੇੜਾ ਅਤੇ ਧੰਨਾ ਸਿੰਘ ਸੰਘੇੜਾ ਨੂੰ ਯਾਦ ਕਰਦਿਆਂ ਆਪਣੇ ਸਹਿਯੋਗੀ ਕਾ. ਸੰਤੋਖ ਸਿੰਘ ਸੰਧੂ ਦੀ ਹਾਲ ਹੀ ਵਿੱਚ ਵਿਛੜੀ ਭੈਣ ਬਿੰਦਾ ਨੂੰ ਯਾਦ ਕੀਤਾ।

ਸਮਾਗਮ ਦੇ ਆਰੰਭ ਵਿੱਚ ਕਾ. ਮਾਝੀਮੇਘਾ ਨੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰਾਂ ਨਾਲ ਗ਼ਦਰੀ ਪਾਰਟੀ ਦਾ ਝੰਡਾ ਲਹਿਰਾਇਆ। ਬਾਬਾ ਬਿਲਗਾ ਜੀ ਦੇ ਵੱਡੇ ਪੋਤਰੇ ਅਮਨਬੀਰ ਸਿੰਘ ਸੰਘੇੜਾ ਨੇ ਬਾਬਾ ਬਿਲਗਾ ਨੂੰ ਆਪਣਾ ਮਾਰਗ ਦਰਸ਼ਕ ਦੱਸਿਆ।

## ਪੰਜਾਬੀ ਗਾਇਕ ਦੇ ਘਰ 'ਤੇ ਚੱਲੀਆਂ ਗੋਲੀਆਂ

**ਜਲੰਧਰ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੋਂ ਦੇ ਬੂਟਾ ਮੰਡੀ ਇਲਾਕੇ ਵਿਚ ਗਾਇਕ ਸਾਹਿਲ ਸ਼ਾਹ ਦੇ ਘਰ 'ਤੇ ਕੁਝ ਲੋਕਾਂ ਨੇ ਗੋਲੀਆਂ ਚਲਾ ਦਿੱਤੀਆਂ। ਗਾਇਕ ਨੂੰ ਕੁਝ ਦਿਨਾਂ ਤੋਂ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਸਨ। ਗਾਇਕ ਦਾ ਦਾਅਵਾ ਹੈ ਕਿ ਗੈਂਗਸਟਰ ਉਸ 'ਤੇ ਵਿਦੇਸ਼ੀ ਨੰਬਰ ਤੋਂ ਫੋਨ ਕਰਕੇ ਉਨ੍ਹਾਂ ਨਾਲ ਮਿਲ ਕੇ ਕੰਮ ਕਰਨ ਲਈ ਦਬਾਅ ਪਾ ਰਹੇ ਹਨ। ਜਦੋਂ ਉਨ੍ਹਾਂ ਦੇ ਘਰ 'ਤੇ ਗੋਲੀਬਾਰੀ ਹੋਈ ਤਾਂ ਉਹ ਚੰਡੀਗੜ੍ਹ ਇਕ ਪ੍ਰੋਗਰਾਮ 'ਚ ਸ਼ਾਮਲ ਹੋਣ ਲਈ ਗਿਆ ਹੋਇਆ ਸੀ। ਸ਼ਾਹ ਨੇ ਦੱਸਿਆ ਕਿ ਜਦੋਂ ਉਹ ਵਾਪਸ ਆਇਆ ਤਾਂ ਉਸ ਨੇ ਘਰ ਦੇ ਦਰਵਾਜ਼ੇ 'ਤੇ ਗੋਲੀਆਂ ਦੇ ਨਿਸ਼ਾਨ ਦੇਖੇ। ਮੌਕੇ 'ਤੇ ਕੁਝ ਖੋਲ ਵੀ ਬਰਾਮਦ ਹੋਏ ਹਨ, ਜਿਸ ਦੀ ਪੁਲੀਸ ਨੂੰ ਸੂਚਨਾ ਦਿੱਤੀ ਗਈ ਹੈ। ਪੁਲੀਸ ਅਧਿਕਾਰੀਆਂ ਅਨੁਸਾਰ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਮੁਲਜ਼ਮਾਂ ਨੂੰ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ।

## ਜ਼ਿਲ੍ਹਾ ਚੋਣ ਅਫ਼ਸਰ ਵੱਲੋਂ ਗਿਣਤੀ ਕੇਂਦਰਾਂ ਦਾ ਦੌਰਾ

**ਜਲੰਧਰ, 6 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਅੱਜ ਲੋਕ ਸਭਾ ਚੋਣਾਂ-2024 ਲਈ ਗਿਣਤੀ ਕੇਂਦਰਾਂ ਦਾ ਦੌਰਾ ਕਰ ਕੇ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਸੰਯੁਕਤ ਪੁਲੀਸ ਕਮਿਸ਼ਨਰ ਸੰਦੀਪ ਸ਼ਰਮਾ ਤੇ ਐੱਸਐੱਸਪੀ. ਜਲੰਧਰ ਦਿਹਾਤੀ ਅੰਕੁਰ ਗੁਪਤਾ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ। ਜ਼ਿਕਰਯੋਗ ਹੈ ਕਿ ਜਲੰਧਰ ਲੋਕ ਸਭਾ ਹਲਕੇ ਲਈ ਵੋਟਾਂ ਦੀ ਗਿਣਤੀ 4 ਜੂਨ ਨੂੰ ਹੋਵੇਗੀ। ਜ਼ਿਲ੍ਹਾ ਚੋਣ ਅਫ਼ਸਰ ਵੱਲੋਂ ਸਰਕਾਰੀ ਆਰਟਸ ਤੇ ਸਪੋਰਟਸ ਕਾਲਜ, ਸਟੇਟ ਪਟਵਾਰ ਸਕੂਲ, ਦਫ਼ਤਰ ਡਾਇਰੈਕਟਰ ਲੈਂਡ ਰਿਕਾਰਡ, ਸਰਕਾਰੀ ਸਪੋਰਟਸ ਸਕੂਲ ਹੋਸਟਲ ਵਿੱਚ ਬਣਾਏ ਜਾ ਰਹੇ ਸਟਰਾਂਗ ਰੂਮਾਂ ਅਤੇ ਗਿਣਤੀ ਕੇਂਦਰਾਂ ਦੇ ਦੌਰੇ ਦੌਰਾਨ ਅਧਿਕਾਰੀਆਂ ਤੇ ਵਿਸ਼ੇਸ਼ ਕਰ ਕੇ ਸਹਾਇਕ ਰਿਟਰਨਿੰਗ ਅਫ਼ਸਰਾਂ ਨੂੰ ਹਦਾਇਤ ਕੀਤੀ ਗਈ

# ਸਰਕਾਰੀ ਆਈ ਟੀ ਆਈ ਲੜਕਿਆਂ ਦੇ ਐਨ ਐਸ ਐਸ ਵਲੰਟੀਅਰਜ਼ ਵਲੋਂ ਅੰਤਰਰਾਜੀ ਯੂਥ ਐਕਸੇਜ ਪ੍ਰੋਗਰਾਮ ਵਿੱਚ ਸ਼ਮੂਲੀਅਤ ਕਰਨਾ ਸ਼ਲਾਘਾਯੋਗ : ਹਰਚਰਨ ਸਿੰਘ ਭੁੱਲਰ


ਅੰਤਰਰਾਜੀ ਯੂਥ ਐਕਸੇਜ ਪ੍ਰੋਗਰਾਮ ਤਹਿਤ ਨੌਜਵਾਨਾਂ ਨੂੰ ਸਰਟੀਫਿਕੇਟ ਦਿੰਦੇ ਹੋਏ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਨਾਲ ਪ੍ਰੋਗਰਾਮ ਅਫਸਰ ਜਗਦੀਪ ਜੋਸ਼ੀ, ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ, ਸਟੇਟ ਐਵਾਰਡੀ ਰੁਪਿੰਦਰ ਕੌਰ ਅਤੇ ਹੋਰ।

ਪਟਿਆਲਾ, 6 ਅਪ੍ਰੈਲ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰੀ ਆਈ ਟੀ ਆਈ ਲੜਕਿਆਂ ਨਾਭਾ ਰੋਡ ਪਟਿਆਲਾ ਅਤੇ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਦੇ ਸਹਿਯੋਗ ਅਤੇ ਡਿਪਟੀ ਡਾਇਰੈਕਟਰ ਕਮ ਪ੍ਰਿੰਸੀਪਲ ਇੰਜੀਨੀਅਰ ਹਰਦੀਪ ਕੁਮਾਰ ਟੋਹੜਾ ਅਤੇ ਵਾਇਸ ਪ੍ਰਿੰਸੀਪਲ ਦਵਿੰਦਰਪਾਲ ਸਿੰਘ ਦੀ ਸਰਪ੍ਰਸਤੀ ਅਤੇ ਐਨ ਐਸ ਐਸ ਦੇ ਪ੍ਰੋਗਰਾਮ ਅਫਸਰ ਜਗਦੀਪ ਸਿੰਘ ਜੋਸ਼ੀ ਟ੍ਰੇਨਿੰਗ ਅਫ਼ਸਰ ਦੀ ਅਗਵਾਈ ਹੇਠ ਅੰਤਰਰਾਜੀ ਯੂਥ ਐਕਸੇਜ ਪ੍ਰੋਗਰਾਮ ਤਹਿਤ ਪਟਿਆਲਾ ਤੋਂ ਕਸੌਲੀ ਹਿਮਾਚਲ ਪ੍ਰਦੇਸ਼ ਦਾ ਟੂਰ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਸਬੰਧੀ ਐਨ ਐਸ ਐਸ ਦੇ ਵਲੰਟੀਅਰਜ਼ ਨੂੰ ਸਰਟੀਫਿਕੇਟ ਦੇਣ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਮੁੱਖ ਮਹਿਮਾਨ ਡੀ ਆਈ ਜੀ ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਡੀ ਐਸ ਪੀ ਸਿਟੀ 1 ਸੰਜੀਵ ਸਿੰਗਲਾ ਅਤੇ ਡੀ ਐਸ ਪੀ ਟ੍ਰੈਫਿਕ ਕਰਨੈਲ ਸਿੰਘ ਨੇ ਕੀਤੀ। ਪ੍ਰੋਗਰਾਮ ਦਾ ਉਦਘਾਟਨ ਸਟੇਟ ਕਾਲਜ ਆਫ ਐਜੂਕੇਸ਼ਨ ਪਟਿਆਲਾ ਦੇ ਪ੍ਰਿੰਸੀਪਲ ਡਾ ਜਸਪ੍ਰੀਤ ਕੌਰ ਢਿੱਲੋਂ ਨੇ ਕੀਤਾ। ਵਿਸ਼ੇਸ਼ ਤੌਰ 'ਤੇ ਇੰਸਪੈਕਟਰ ਝਰਮਲ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਸਟੇਟ ਐਵਾਰਡੀ ਰੁਪਿੰਦਰ ਕੌਰ ਮੈਂਬਰ ਸਾਂਝ ਕੇਂਦਰ ਪਟਿਆਲਾ , ਹਰਪਿੰਦਰ ਕੌਰ ਲੁਧਿਆਣਾ, ਰੁਦਰਪ੍ਰਤਾਪ ਸਿੰਘ, ਲੱਕੀ ਹਰਦਾਸਪੁਰ ਨੇ ਸ਼ਿਰਕਤ ਕੀਤੀ। ਇਸ ਮੌਕੇ ਐਨ ਐਸ ਐਸ ਦੇ ਵਲੰਟੀਅਰਜ਼ ਨੂੰ ਸੰਬੋਧਨ ਕਰਦਿਆਂ ਡੀ ਆਈ ਜੀ ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਸਰਕਾਰੀ ਆਈ ਟੀ ਆਈ ਲੜਕਿਆਂ ਦੇ ਐਨ ਐਸ ਐਸ ਵਿੰਗ ਵਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਦੇ ਸਹਿਯੋਗ ਨਾਲ ਵਿਦਿਆਰਥੀਆਂ ਦਾ ਅੰਤਰਰਾਜੀ ਯੂਥ ਐਕਸੇਜ ਪ੍ਰੋਗਰਾਮ ਦਾ ਆਯੋਜਨ ਕਸੌਲੀ ਹਿਮਾਚਲ ਪ੍ਰਦੇਸ਼ ਵਿਖੇ ਕਰਵਾਇਆ ਗਿਆ ਸੀ ਜੋ ਕਿ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ।

ਉਹਨਾਂ ਕਿਹਾ ਕਿ ਇਸ ਨਾਲ ਨੌਜਵਾਨਾਂ ਨੂੰ ਦੂਜੇ ਰਾਜਾਂ ਦੇ ਕਲੱਚਰ ਅਤੇ ਉਥੋਂ ਦੇ ਰਹਿਣ ਸਹਿਣ ਬਾਰੇ ਪਤਾ ਲੱਗਦਾ ਹੈ ਉਹਨਾਂ ਕਿਹਾ ਕਿ ਉਹੋ ਸਮਾਜ ਸੇਵੀ ਕਾਰਜਾਂ ਲਈ ਹਰ ਸੰਭਵ ਮਦਦ ਕਰਨ ਲਈ ਤਿਆਰ ਹਨ। ਇਸ ਮੌਕੇ ਐਨ ਐਸ ਐਸ ਦੇ ਵਲੰਟੀਅਰਜ਼ ਨੂੰ ਅੰਤਰਰਾਜੀ ਯੂਥ ਐਕਸੇਜ ਪ੍ਰੋਗਰਾਮ ਦੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਐਨ ਐਸ ਐਸ ਦੇ ਪ੍ਰੋਗਰਾਮ ਅਫਸਰ ਜਗਦੀਪ ਸਿੰਘ ਜੋਸ਼ੀ ਨੇ ਸਾਰੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਸਕੂਜ਼ੋ ਆਈਸ 'ਓ' ਮੈਜਿਕ ਨੇ ਜਲੰਧਰ 'ਚ ਪਹਿਲਾ ਲਾਈਵ ਪੌਪਸੀਕਲ ਆਊਟਲੈਟ ਲਾਂਚ ਕੀਤਾ ਅਤੇ ਦੇਸ਼ 'ਚ 28ਵਾਂ



ਜਲੰਧਰ, 6 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸਕੋਜ਼ੋ ਆਈਸ 'ਓ' ਮੈਜਿਕ, ਲਾਈਵ ਪੌਪਸੀਕਲ ਸੰਕਲਪ ਅਤੇ ਮਿਠਆਈ ਕੈਫੇ ਲਿਆਉਣ ਵਾਲੇ ਦੇਸ਼ ਦੇ ਮਸ਼ਹੂਰ ਬ੍ਰਾਂਡ ਨੇ ਜਲੰਧਰ ਵਿੱਚ ਆਪਣਾ ਨਵਾਂ ਆਊਟਲੈਟ ਲਾਂਚ ਕੀਤਾ ਹੈ। ਇੱਥੇ ਉਪਲਬਧ ਲਾਈਵ ਪੌਪਸਿਕਲਸ ਅਤੇ ਹੋਰ ਮਿਠਾਈਆਂ ਦਾ ਸੁਆਦੀ ਸਵਾਦ ਤੁਹਾਨੂੰ ਆਪਣੇ ਬਚਪਨ ਦੀਆਂ ਯਾਦਾਂ ਵਿੱਚ ਗੁਆਚਣ ਲਈ ਮਜਬੂਰ ਕਰ ਸਕਦਾ ਹੈ। ਇਸ ਆਊਟਲੈਂਟ ਦੀ ਖਾਸ ਗੱਲ ਇਹ ਹੈ ਕਿ ਇੱਥੇ ਸਿਹਤ ਦਾ ਵੀ ਪੂਰਾ ਖਿਆਲ ਰੱਖਿਆ ਜਾਂਦਾ ਹੈ ਅਤੇ ਇਹੀ ਕਾਰਨ ਹੈ ਕਿ ਇਨ੍ਹਾਂ ਦੇ ਮਿਠਾਈਆਂ ਵਿੱਚ ਬਹੁਤ ਘੱਟ ਚੀਨੀ ਦੀ ਵਰਤੋਂ ਕੀਤੀ ਜਾਂਦੀ ਹੈ।

ਜਲੰਧਰ ਵਿੱਚ ਪਹਿਲੇ ਸਟੋਰ ਦੇ ਉਦਘਾਟਨ ਮੌਕੇ ਬੋਲਦਿਆਂ, ਸਕੂਜ਼ੋ ਆਈਸ 'ਓ' ਮੈਜਿਕ ਦੇ ਸੰਸਥਾਪਕ ਗਗਨ ਆਨੰਦ ਨੇ ਕਿਹਾ, ÷ਕੁਦਰਤੀ ਉਤਪਾਦਾਂ ਤੋਂ ਬਣੇ ਸ਼ਾਨਦਾਰ ਫਰੋਜ਼ਨ ਮਿਠਾਈਆਂ ਬਣਾਉਣ ਦਾ ਸਾਡਾ ਜਨੂੰਨ ਸਾਨੂੰ ਹਰ ਰੋਜ਼ ਪ੍ਰੇਰਿਤ ਕਰਦਾ ਹੈ। ਸਾਡੇ ਪਿਛਲੇ ਚੰਗੇ ਕੰਮ ਦੀ ਸਫਲਤਾ ਤੋਂ ਬਾਅਦ ਇਹ ਇੱਕ ਮਹੱਤਵਪੂਰਣ ਮੌਕਾ ਹੈ। ਉਸਨੇ ਅੱਗੇ ਕਿਹਾ ਕਿ ਇਸ ਨਵੇਂ ਉੱਦਮ ਨਾਲ, ਅਸੀਂ ਗਾਹਕਾਂ ਨੂੰ ਇੱਕ ਵਿਲੱਖਣ ਅਨੁਭਵ ਪ੍ਰਦਾਨ ਕਰਨ ਦਾ ਟੀਚਾ ਰੱਖਦੇ ਹਾਂ, ਜਿਸ ਵਿੱਚ ਸਾਡੇ ਲਾਈਵ ਪੌਪਸੀਕਲ ਸੰਕਲਪ ਅਤੇ ਕਈ ਤਰ੍ਹਾਂ ਦੀਆਂ ਸਵਾਦਿਸ਼ਟ ਮਿਠਾਈਆਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ 100 ਪ੍ਰਤੀਸ਼ਤ ਕੁਦਰਤੀ ਤੱਤਾਂ ਦੀ ਵਰਤੋਂ ਕਰਨ ਅਤੇ ਵਾਤਾਵਰਣ ਪੱਖੀ ਅਭਿਆਸਾਂ ਨੂੰ ਅਪਣਾਉਣ ਦੇ ਸਾਡੇ ਯਤਨ ਇਹ ਯਕੀਨੀ ਬਣਾਉਂਦੇ ਹਨ ਕਿ ਸਾਡੇ ਉਤਪਾਦ ਨਾ ਸਿਰਫ਼ ਸਵਾਦ ਹਨ, ਸਗੋਂ ਵਾਤਾਵਰਣ ਲਈ ਵੀ ਬਿਹਤਰ ਹਨ। ਇਸ ਸਹਿਯੋਗ 'ਤੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ, ਗੁਰਦਰਸ਼ਨ ਸਿੰਘ ਅਤੇ ਨਵਦੀਪ ਕੁਮਾਰ ਭੁੱਟਾ, ਮਾਸਟਰ ਫਰੈਂਚਾਈਜ਼ ਪਾਰਟਨਰਜ਼, ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਟ੍ਰਾਈਸਿਟੀ, ਨਿਊ ਵਿਜ਼ਨ ਬਿਜ਼ਨਸ ਟੀਮ ਪ੍ਰਾਈਵੇਟ ਲਿਮਟਿਡ ਨੇ ਕਿਹਾ, 'ਅਸੀਂ ਸਕੂਜ਼ੋ ਆਈਸ' ਓ ਦੇ ਨਾਲ ਇਸ ਰੋਮਾਂਚਕ ਯਾਤਰਾ ਦੀ ਸ਼ੁਰੂਆਤ ਕਰਕੇ ਬਹੁਤ ਖੁਸ਼ ਹਾਂ। ' ਮੈਜਿਕ। ਬਹੁਤ ਖੁਸ਼। ਇਹ ਸਹਾਇਤਾ ਸਾਡੇ ਮਜ਼ੇਦਾਰ ਪੌਪਸੀਕਲ ਸੰਕਲਪ ਅਤੇ ਸਵਾਦਿਸ਼ਟ ਮਿਠਆਈ ਕੈਫੇ ਦੀ ਖੁਸ਼ੀ ਨੂੰ ਜਲੰਧਰ ਦੇ ਸ਼ਾਨਦਾਰ ਭਾਈਚਾਰੇ ਨਾਲ ਸਾਂਝਾ ਕਰਨ ਦਾ ਵਧੀਆ ਮੌਕਾ ਹੈ। ਸਾਡਾ ਉਦੇਸ਼ ਨਾ ਸਿਰਫ਼ ਸੁਆਦੀ ਅਨੁਭਵ ਪ੍ਰਦਾਨ ਕਰਨਾ ਹੈ, ਸਗੋਂ ਤੰਦਰੁਸਤੀ ਅਤੇ ਸੰਪੂਰਨ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ, ਖਾਸ ਕਰਕੇ ਨੌਜਵਾਨ ਪੀੜ੍ਹੀ ਲਈ। ਅਸੀਂ ਆਪਣੇ ਸ਼ਾਨਦਾਰ ਉਤਪਾਦਾਂ ਨਾਲ ਜਲੰਧਰ ਦੇ ਲੋਕਾਂ ਨੂੰ ਖੁਸ਼ ਕਰਨ ਲਈ ਉਤਸੁਕ ਹਾਂ ਅਤੇ ਸਾਨੂੰ ਭਰੋਸਾ ਹੈ ਕਿ ਸਾਡਾ Scozo Ice ÓÓÓMagic ਆਊਟਲੈਟ ਜਲਦੀ ਹੀ ਪਰਿਵਾਰਾਂ, ਦੋਸਤਾਂ ਅਤੇ ਮਿੱਠੇ ਦੰਦਾਂ ਵਾਲੇ ਲੋਕਾਂ ਲਈ ਇੱਕ ਪਸੰਦੀਦਾ ਸਥਾਨ ਬਣ ਜਾਵੇਗਾ। ਅਸੀਂ ਸਿਰਫ ਸਭ ਤੋਂ ਵਧੀਆ, ਸਭ ਤੋਂ ਤਾਜ਼ਾ ਅਤੇ ਸਿਹਤਮੰਦ ਸਮੱਗਰੀ ਦੀ ਵਰਤੋਂ ਕਰਨ ਦੀ ਪੂਰੀ ਕੋਸ਼ਿਸ਼ ਕਰਦੇ ਹਾਂ।

ਇਸ ਲਈ ਅਸੀਂ ਇੱਕ ਅਜਿਹੀ ਥਾਂ ਬਣਾਉਣਾ ਚਾਹੁੰਦੇ ਹਾਂ ਜਿੱਥੇ ਲੋਕ ਆਰਾਮਦਾਇਕ ਅਤੇ ਖੁੱਲ੍ਹੇ ਮਾਹੌਲ ਵਿੱਚ ਆਪਣੇ ਮਨਪਸੰਦ ਸਵਾਦ ਦਾ ਆਨੰਦ ਲੈ ਸਕਣ।

# ਸੱਤਿਆ ਭਾਰਤੀ ਸਕੂਲ ਸਿਰਥਲਾ ਦਾ ਪੰਜਵੀਂ ਜਮਾਤ ਦਾ ਬੋਰਡ ਦਾ ਨਤੀਜਾ 100% ਰਿਹਾ



ਮਾਛੀਵਾੜਾ ਸਾਹਿਬ, 6 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਏਅਰਟੌਲ ਫਾਊਂਡੇਸ਼ਨ ਵੱਲੋਂ ਚਲਾਏ ਰਹੇ ਸਕੂਲ ਸੱਤਿਆ ਭਾਰਤੀ ਸਕੂਲ ਸਿਰਥਲਾ ਦਾ ਪੰਜਵੀਂ ਜਮਾਤ ਦਾ ਨਤੀਜਾ 100 ਫੀਸਦੀ ਰਿਹਾ।

ਸਕੂਲ ਦੇ ਮੁੱਖ ਅਧਿਆਪਕ ਮੈਡਮ ਪਰਮਜੀਤ ਕੌਰ ਨੇ ਖੁਸ਼ੀ ਸਾਂਝੀ ਕਰਦਿਆਂ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੰਜਵੀਂ ਜਮਾਤ ਦੇ ਐਲਾਨੇ ਗਏ ਨਤੀਜੇ ਵਿੱਚ ਰੁਪਿੰਦਰ ਕੌਰ(456/500) ਨੇ ਪਹਿਲਾ, ਵਰਿੰਦਰ ਸਿੰਘ(436/500) ਨੇ ਦੂਜਾ ਅਤੇ ਮਾਨਵੀਸ਼ਰਮਾ(434/500) ਨੇ ਤੀਜਾ ਸਥਾਨ ਹਾਸਲ ਕੀਤਾ। ਉਹਨਾਂ ਨੇ ਦੱਸਿਆ ਕਿ ਸਮੂਹ ਸਟਾਫ ਦੀ ਮਿਹਨਤ ਅਤੇ ਬੱਚਿਆਂ ਦੀ ਲਗਨ ਸਦਕਾ ਹੀ ਇਹ ਸਭ ਸੰਭਵ ਹੋਇਆ ਹੈ।

ਉਹਨਾਂ ਨੇ ਇਸ ਮੌਕੇ ਬੱਚਿਆਂ ਦੇ ਮਾਪਿਆਂ ਨੂੰ ਵੀ ਵਧਾਈ ਦਿੱਤੀ। ਇਸ ਲਈ ਸਕੂਲ ਵੱਲੋਂ ਅੱਗੇ ਵੀ ਚੰਗੇ ਭਵਿੱਖ ਦੀ ਕਾਮਨਾ ਕੀਤੀ ਗਈ।

# ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮਾਛੀਵਾੜਾ ਦਾ ਪੰਜਵੀਂ ਦਾ ਨਤੀਜਾ ਰਿਹਾ ਸ਼ਾਨਦਾਰ



ਮਾਛੀਵਾੜਾ ਸਾਹਿਬ, 6 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਵੱਲੋਂ ਐਲਾਨੇ ਗਏ ਪੰਜਵੀਂ ਜਮਾਤ ਦੇ ਨਤੀਜੇ ਵਿੱਚ ਖਾਲਸਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਨੂਰਪੁਰ ਰੋਡ, ਮਾਛੀਵਾੜਾ ਸਾਹਿਬ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਸਕੂਲ ਪ੍ਰਿੰਸੀਪਲ ਮੈਡਮ ਹਰਿੰਦਰ ਪਾਲ ਕੌਰ ਤੂਰ ਵੱਲੋਂ ਮਿਲੀ ਜਾਣਕਾਰੀ ਮੁਤਾਬਕ ਸਕੂਲ ਦੇ 33 ਵਿਦਿਆਰਥੀਆਂ ਨੇ ਪੰਜਵੀਂ ਦੀ ਪ੍ਰੀਖਿਆ ਦਿੱਤੀ ਸੀ ਅਤੇ ਸਾਰੇ ਵਿਦਿਆਰਥੀ ਫਸਟ ਡਿਵੀਜ਼ਨ ਵਿੱਚ ਪਾਸ ਹੋਏ ਹਨ । ਸਕੂਲ ਦੀ ਵਿਦਿਆਰਥਣ ਰਜ਼ੀਆ ਨੇ 99.4% ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ ਜਦੋਂ ਕਿ ਹਰਪ੍ਰੀਤ ਕੌਰ ਨੇ 98.6% ਅੰਕਾਂ ਨਾਲ ਦੂਸਰਾ ਅਤੇ ਸਿਮਰਨਜੀਤ ਕੌਰ ਨੇ 98.2% ਅੰਕਾਂ ਨਾਲ ਤੀਸਰਾ ਸਥਾਨ ਹਾਸਿਲ ਕੀਤਾ।

ਇਸ ਮੌਕੇ ਸਕੂਲ ਦੇ ਡਾਇਰੈਕਟਰ ਬਲਜਿੰਦਰ ਸਿੰਘ ਤੂਰ ਨੇ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸਕੂਲ ਅਧਿਆਪਕਾਂ ਦੀ ਅਣਥੱਕ ਮਿਹਨਤ ਅਤੇ ਸੂਝਵਾਨ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਵਿਦਿਆਰਥੀ ਪੱਖੀ ਲਏ ਜਾਂਦੇ ਫੈਸਲਿਆਂ ਕਰਕੇ ਸਕੂਲ ਦਿਨ ਦੁਗਣੀ ਅਤੇ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ । ਸਕੂਲ ਦਾ ਮੁੱਖ ਉਦੇਸ਼ ਬੱਚਿਆਂ ਦੇ ਮਾਨਸਿਕ ਵਿਕਾਸ ਦੇ ਨਾਲ-ਨਾਲ ਸਰੀਰਕ ਅਤੇ ਅਧਿਆਤਮਿਕ ਵਿਕਾਸ ਕਰਨਾ ਵੀ ਹੈ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਇਹ ਵਿਦਿਆਰਥੀ ਵਧੀਆ ਸਮਾਜ ਦੀ ਸਿਰਜਣਾ ਕਰ ਸਕਣ । ਇਸ ਮੌਕੇ ਹੋਰਨਾਂ ਤੋਂ ਇਲਾਵਾ ਸਕੂਲ ਮੈਨੇਜਰ ਸੁਖਦੇਵ ਸਿੰਘ, ਵਾਈਸ ਪ੍ਰਿੰਸੀਪਲ ਮੈਡਮ ਰੀਨਾ ਮਲਹੋਤਰਾ, ਕੋਆਰਡੀਨੇਟਰ ਸ. ਅਮਰਿੰਦਰ ਸਿੰਘ, ਮੈਡਮ ਹਰਜੋਤ ਕੌਰ, ਮੈਡਮ ਜਗਦੀਪ ਕੌਰ ਅਤੇ ਮੈਡਮ ਗੁਰਪ੍ਰੀਤ ਕੌਰ ਹਾਜ਼ਰ ਸਨ।

# 8 ਅਪ੍ਰੈਲ ਨੂੰ 'ਪੰਜਾਬ ਬਚਾਓ ਯਾਤਰਾ' ਦੀਆਂ ਤਿਆਰੀਆਂ ਦੇ ਸਬੰਧ ਵਿੱਚ ਢਿੱਲੋਂ ਤੇ ਬੌਂਦਲੀ ਨੇ ਵਰਕਰਾਂ ਨਾਲ ਕੀਤੀਆਂ ਮੀਟਿੰਗਾਂ



ਸਮਰਾਲਾ, 6 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਕੱਢੀ ਜਾ ਰਹੀ 'ਪੰਜਾਬ ਬਚਾਓ ਯਾਤਰਾ' ਜੋ ਕਿ 8 ਅਪ੍ਰੈਲ ਨੂੰ ਵਿਧਾਨ ਸਭਾ ਹਲਕਾ ਸਮਰਾਲਾ ਵਿਖੇ ਪਹੁੰਚ ਰਹੀ ਹੈ, ਦੇ ਸਬੰਧ ਵਿੱਚ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਤੇ ਹਲਕਾ ਇੰਚਾਰਜ ਪਰਮਜੀਤ ਸਿੰਘ ਢਿੱਲੋਂ ਅਤੇ ਜ਼ਿਲ੍ਹਾ ਜਥੇਦਾਰ ਜਸਮੇਲ ਸਿੰਘ ਬੌਂਦਲੀ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਦੇ ਅਹੁਦੇਦਾਰਾਂ ਅਤੇ ਵਰਕਰਾਂ ਦੀ ਭਰਵੀਂ ਮੀਟਿੰਗ ਹੋਈ। ਜਿਸ ਵਿੱਚ 'ਪੰਜਾਬ ਬਚਾਓ ਯਾਤਰਾ' ਦੇ ਸਵਾਗਤ ਅਤੇ ਇਸ ਵਿੱਚ ਸ਼ਮੂਲੀਅਤ ਕਰਨ ਸਬੰਧੀ ਵਿਚਾਰ ਚਰਚਾ ਕੀਤੀ ਗਈ।

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪਰਮਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ 'ਪੰਜਾਬ ਬਚਾਓ ਯਾਤਰਾ' ਨੂੰ ਪੂਰੇ ਪੰਜਾਬ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ, ਪੰਜਾਬ ਦੇ ਲੋਕ ਪੱਬਾਂ ਭਾਰ ਹੋ ਕੇ ਯਾਤਰਾ ਦਾ ਸਵਾਗਤ ਕਰ ਰਹੇ ਹਨ, ਹੁਣ ਇਹ ਯਾਤਰਾ 8 ਅਪ੍ਰੈਲ ਦਿਨ ਸੋਮਵਾਰ ਨੂੰ ਵਿਧਾਨ ਸਭਾ ਹਲਕਾ ਸਮਰਾਲਾ ਵਿੱਚ ਪੁੱਜ ਰਹੀ ਹੈ, ਜਿਸ ਲਈ ਸ਼੍ਰੋਮਣੀ ਅਕਾਲੀ ਦਲ ਦੇ ਸਮੁੱਚੇ ਅਹੁਦੇਦਾਰ ਅਤੇ ਵਰਕਰ ਪੂਰੇ ਜੋਸ਼ ਵਿੱਚ। ਇਹ ਯਾਤਰਾ ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਹੇਡੋਂ ਢਾਹਾ ਤੋਂ ਦੁਪਹਿਰ 2:30 ਵਜੇ ਸ਼ੁਰੂ ਹੋ ਕੇ ਕੋਟਲਾ ਸਮਸ਼ਪੁਰ, ਦਿਆਲਪੁਰਾ ਹੁੰਦੀ ਹੋਈ ਸਮਰਾਲਾ ਦੇ ਮੇਨ ਚੌਕ ਵਿੱਚ ਪੁੱਜੇਗੀ ਅਤੇ ਇੱਥੋਂ ਬਾਲਿਓਂ, ਗੜ੍ਹੀ ਤਰਖਾਣਾ ਹੋ ਕੇ ਮਾਛੀਵਾੜਾ ਸਾਹਿਬ ਦੇ ਗੁਰਦੁਆਰਾ ਚਰਨ ਕੰਵਲ ਸਾਹਿਬ ਵਿਖੇ ਸਮਾਪਤ ਹੋਵੇਗੀ। ਇਸ ਮੌਕੇ ਉਨਾਂ ਨੇ ਕਿਹਾ ਕਿ ਪੰਜਾਬ ਨੂੰ ਮੁੜ ਤੋਂ ਰੰਗਲਾ ਅਤੇ ਖੁਸ਼ਹਾਲ ਬਣਾਉਣ ਲਈ ਸ਼੍ਰੋਮਣੀ ਅਕਾਲੀ ਦਲ ਦਾ ਵੱਧ ਚੜ੍ਹ ਕੇ ਸਾਥ ਦੇਵੋ। ਇਸ ਮੌਕੇ ਜ਼ਿਲ੍ਹਾ ਜਥੇਦਾਰ ਜਸਮੇਲ ਸਿੰਘ ਬੌਂਦਲੀ ਨੇ ਦੱਸਿਆ ਕਿ 'ਪੰਜਾਬ ਬਚਾਓ ਯਾਤਰਾ' ਨੂੰ ਸਫਲ ਬਣਾਉਣ ਲਈ ਸਮਰਾਲਾ ਹਲਕੇ ਦੇ ਸਾਰੇ ਵੱਖ ਵੱਖ ਅਹੁਦੇਦਾਰਾਂ ਦੀਆਂ ਪਿੰਡਾਂ ਵਿੱਚ ਜਾ ਕੇ ਆਮ ਲੋਕਾਂ ਨੂੰ ਲਾਮਬੰਦ ਕਰਨ ਸਬੰਧੀ ਡਿਊਟੀਆਂ ਲਗਾ ਦਿੱਤੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਹੁਣ ਸਮਰਾਲਾ ਹਲਕੇ ਦੇ ਲੋਕ ਵੀ ਆਮ ਆਦਮੀ ਪਾਰਟੀ ਦੇ ਲਾਰਿਆਂ ਤੋਂ ਤੰਗ ਆ ਚੁੱਕੇ ਹਨ, ਹੁਣ ਲੋਕਾਂ ਦਾ ਰੁਝਾਨ ਸ਼੍ਰੋਮਣੀ ਅਕਾਲੀ ਦਲ ਵੱਲ ਹੋ ਰਿਹਾ ਹੈ। ਉਨ੍ਹਾਂ ਮੀਟਿੰਗ ਵਿੱਚ ਸ਼ਾਮਲ ਸਾਰੇ ਅਹੁਦੇਦਾਰਾਂ ਤੇ ਵਰਕਰਾਂ ਨੂੰ 'ਪੰਜਾਬ ਬਚਾਓ ਯਾਤਰਾ' ਸਫਲ ਬਣਾਉਣ ਦੀ ਅਪੀਲ ਕੀਤੀ, ਜਿਸ ਨੂੰ ਮੀਟਿੰਗ ਵਿੱਚ ਸ਼ਾਮਲ ਸਾਰੇ ਅਹੁਦੇਦਾਰਾਂ ਤੇ ਵਰਕਰਾਂ ਨੇ ਦੋਵੇਂ ਹੱਥ ਖੜ੍ਹੇ ਕਰਕੇ ਯਾਤਰਾ ਨੂੰ ਸਫਲ ਬਣਾਉਣ ਦਾ ਵਾਅਦਾ ਕੀਤਾ। ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਭੁਪਿੰਦਰ ਸਿੰਘ ਢਿੱਲੋਂ, ਡਾ. ਪਰਵਿੰਦਰ ਸਿੰਘ ਬੱਲੀ, ਅੰਮ੍ਰਿਤਪਾਲ ਸਿੰਘ ਗੁਰੋਂ ਨੂੰ ਯੂਥ ਅਕਾਲੀ ਦਲ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ, ਅਵਤਾਰ ਸਿੰਘ ਐਮ. ਸੀ., ਸੁਰਿੰਦਰ ਸਿੰਘ ਬੇਦੀ (ਬਿੱਟੂ ਬੇਦੀ) ਸਰਕਲ ਪ੍ਰਧਾਨ, ਸੋਹਣ ਸਿੰਘ ਰਾਏ, ਰਮਨਦੀਪ ਸਿੰਘ ਬਹਿਲੋਲਪੁਰ, ਹਰਨੇਕ ਸਿੰਘ, ਨਰੇਸ਼ ਖੁੱਲਰ, ਹੈਪੀ ਖੁੱਲਰ, ਕਮਲ ਬੰਗੜ, ਹਰਪ੍ਰੀਤ ਸਿੰਘ ਢਿੱਲੋਂ, ਹਰਮਹਿਕ ਸਿੰਘ, ਅਰਸ਼ਦੀਪ ਸਿੰਘ ਰਾਏ, ਜਤਿੰਦਰਪਾਲ ਸਿੰਘ ਜੱਗੀ, ਕਮਲ ਢਿੱਲੋਂ, ਡਾ. ਸਨਦੀਪ ਸਿੰਘ, ਨਰਿੰਦਰ ਸਿੰਘ ਹੈਪੀ, ਸੁਖਦੀਪ ਸਿੰਘ, ਕੁਲਦੀਪ ਮੁਨੀਮ, ਰਾਜਾ ਹੁੰਝਣ ਆਦਿ ਤੋਂ ਇਲਾਵਾ ਹੋਰ ਵੀ ਅਹੁਦੇਦਾਰ ਅਤੇ ਵਰਕਰ ਹਾਜ਼ਰ ਸਨ।

# ਗੋਨਿਆਣਾ 'ਚ ਪ੍ਰਾਚੀਨ ਸ਼ੀਤਲਾ ਮਾਤਾ ਮੰਦਿਰ ਦਾ ਸਾਲਾਨਾ ਸਮਾਗਮ ਹੋਇਆ

ਗੋਨੇਆਣਾ, 6 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਸਥਾਨਕ ਪ੍ਰਾਚੀਨ ਸ਼ੀਤਲਾ ਮਾਤਾ ਮੰਦਿਰ ਦੇ ਸਾਲਾਨਾ ਸਮਾਗਮ ਦੇ ਮੌਕੇ ਤੇ ਮਾਤਾ ਦੀ ਚੌਂਕੀ ਕਰਵਾਈ ਗਈ, ਜਿਸ ਵਿੱਚ ਮੰਡੀ ਨਿਵਾਸੀਆਂ ਦੇ ਨਾਲ ਨਾਲ ਸਾਰੇ ਧਾਰਮਿਕ ਅਦਾਰਿਆਂ ਦੇ ਨੁਮਾਇੰਦਿਆਂ ਨੇ ਆਪਣੀ ਹਾਜ਼ਰੀ ਲਗਵਾਈ। ਮੰਦਿਰ ਦੇ ਪੁਜਾਰੀ ਪੰਡਿਤ ਰਵੀ ਸ਼ਰਮਾ ਨੇ ਵਿਧੀ ਵਿਧਾਨ ਨਾਲ ਪੂਜਾ ਅਰਚਨਾ ਕਰ ਕੇ ਮਾਤਾ ਦੀ ਜੋਤ ਪ੍ਰਜਵਲਿਤ ਕਰਵਾ ਕੇ ਚੌਂਕੀ ਆਰੰਭ ਕਰਵਾਈ।

ਸ਼੍ਰੀ ਦੁਰਗਾ ਮੰਦਰ ਭਜਨ ਮੰਡਲ ਨੇ ਬਹੁਤ ਹੀ ਸੁੰਦਰ ਭਜਨ ਗਾ ਕੇ ਮਾਤਾ ਰਾਣੀ ਦਾ ਗੁਣਗਾਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਮੰਦਿਰ ਦੀਆ ਮਹਿਲਾ ਸੰਕੀਰਤਨ ਮੰਡਲ ਦੀਆਂ ਮੈਂਬਰਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

# ਸ਼ਹਿਰ ਵਿੱਚ ਪਾਰਕਿੰਗ ਦੀ ਵਿਵਸਥਾ ਦੀ ਅਣਹੋਂਦ, ਬੇਢੱਬੀ ਪਾਰਕਿੰਗ ਕਾਰਨ ਸੜਕਾਂ ਹੋਈਆਂ ਤੰਗ

ਜ਼ੀਰਕਪੁਰ, 6 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹਿਰ ਦੀਆਂ ਸੜਕਾਂ 'ਤੇ ਪਾਰਕਿੰਗ ਵਿਵਸਥਾ ਦੀ ਅਣਹੋਂਦ ਕਾਰਨ ਲੋਕਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ਼ਹਿਰ ਵਿੱਚ ਵਾਹਨ ਚਾਲਕ ਆਪਣੇ ਵਾਹਨ ਜਿੱਥੇ ਉਨ੍ਹਾਂ ਨੂੰ ਥਾਂ ਮਿਲਦੀ ਹੈ ਪਾਰਕ ਕਰਕੇ ਚਲੇ ਜਾਂਦੇ ਹਨ, ਜੋ ਕਿ ਹੋਰਨਾਂ ਲਈ ਮੁਸੀਬਤ ਦਾ ਕਾਰਨ ਬਣ ਰਿਹਾ ਹੈ। ਇੱਥੋਂ ਤੱਕ ਕਿ ਇਸ ਬਾਰੇ ਨਗਰ ਕੌਂਸਲ ਵੀ ਬੇਪਰਵਾਹ ਹੈ। ਜਿਸ ਕਾਰਨ ਇਹ ਸਮੱਸਿਆ ਹੋਰ ਗੰਭੀਰ ਹੁੰਦੀ ਜਾ ਰਹੀ ਹੈ । ਜ਼ੀਰਕਪੁਰ ਸ਼ਹਿਰ ਤੇਜ਼ੀ ਨਾਲ ਫੈਲ ਰਿਹਾ ਹੈ। ਪ੍ਰਾਪਰਟੀ ਕਾਰੋਬਾਰ ਦੇ ਚਲਦਿਆਂ ਆਮ ਲੋਕਾਂ ਵਿੱਚ ਖੁਸ਼ਹਾਲੀ ਦੇ ਕਾਰਨ ਸ਼ਹਿਰ ਵਿੱਚ ਵਾਹਨਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਮੁੱਖ ਸੜਕਾਂ ਦੇ ਕਿਨਾਰੇ ਸ਼ਹਿਰ ਦੇ ਬਾਜ਼ਾਰਾਂ ਵਿੱਚ ਸਵੇਰ ਤੋਂ ਲੈ ਕੇ ਰਾਤ ਤੱਕ ਵਾਹਨਾਂ ਦਾ ਘੜਮੱਸ ਮਚਿਆ ਰਹਿੰਦਾ ਹੈ। ਉਥੇ ਹੀ ਦੁਕਾਨਦਾਰ ਵੀ ਆਪਣਾ ਸਾਮਾਨ ਕਬਜੇ ਕਰਕੇ ਸੜਕਾਂ 'ਤੇ ਹੀ ਰੱਖ ਦਿੰਦੇ ਹਨ। ਜਿਸ ਕਾਰਨ ਸ਼ਹਿਰ ਵਿੱਚ ਵਾਹਨਾਂ ਦੀ ਬੇਤਰਤੀਬ ਪਾਰਕਿੰਗ ਕਾਰਨ ਟ੍ਰੈਫਿਕ ਜਾਮ ਲੱਗਿਆ ਰਹਿੰਦਾ ਹੈ। ਵਾਹਨਾਂ ਨੂੰ ਪਾਰਕ ਕਰਨ ਲਈ ਪਾਰਕਿੰਗ ਦੀ ਥਾਂ ਨਾ ਹੋਣ ਕਾਰਨ ਆਮ ਲੋਕਾਂ ਲਈ ਪੈਦਲ ਚੱਲਣਾ ਵੀ ਮੁਸ਼ਕਲ ਹੋ ਜਾਂਦਾ ਹੈ। ਪਾਰਕਿੰਗ ਦੀ ਸਮੱਸਿਆ ਚੰਡੀਗੜ੍ਹ ਅੰਬਾਲਾ ਰੋਡ ਤੇ ਦੋਵੇਂ ਪਾਸੇ ਸਥਿਤ ਬਜਾਰ, ਭਬਾਤ ਰੋਡ, ਪਟਿਆਲਾ ਰੋਡ, ਵੀਆਈਪੀ ਰੋਡ, ਬਲਟਾਣਾ ਰੋਡ ਤੇ ਸਭ ਤੋਂ ਵੱਧ ਹੈ ਜਿੱਥੇ ਲੋਕਾਂ ਲਈ ਸਾਈਕਲ ਦੇ ਨਾਲ ਤੁਰਨਾ ਵੀ ਮੁਸ਼ਕਲ ਹੋ ਜਾਂਦਾ ਹੈ। ਪਰ ਨਗਰ ਕੌਂਸਲ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਹੀ। ਜੋ ਕਿ ਸਾਰਿਆਂ ਲਈ ਮੁਸੀਬਤ ਦਾ ਜੜ ਬਣ ਗਈ ਹੈ।

ਬਜਾਰਾਂ ਵਿੱਚ ਦੁਕਾਨਾਂ ਦੇ ਸਾਹਮਣੇ ਵਾਹਨਾਂ ਦੀ ਪਾਰਕਿੰਗ ਦੇ ਕਾਰਨ, ਚੌੜੀਆਂ ਸੜਕਾਂ ਲਗਾਤਾਰ ਛੋਟੀਆਂ ਪ੍ਰਤੀਤ ਹੋ ਰਹੀਆਂ ਹਨ। ਸਵੇਰ ਤੋਂ ਰਾਤ ਤੱਕ ਇਨ੍ਹਾਂ ਸੜਕਾਂ 'ਤੇ ਨਿਕਲਣਾ ਅਤੇ ਸੜਕ ਪਾਰ ਕਰਨਾ ਮੁਸ਼ਕਲ ਹੁੰਦਾ ਜਾ ਰਿਹਾ ਹੈ। ਜਿਵੇਂ ਹੀ ਬਾਜ਼ਾਰ ਰਾਤ 9 ਵਜੇ ਬੰਦ ਹੋਣਾ ਸ਼ੁਰੂ ਹੁੰਦਾ ਹੈ। ਸੜਕਾਂ ਵੀ ਪਹਿਲਾਂ ਵਾਂਗ ਚੌੜੀਆਂ ਦਿਖਾਈ ਦਿੰਦੀਆਂ ਹਨ। ਸਥਾਨਕ ਨਗਰ ਕੌਂਸਲ ਪ੍ਰਸ਼ਾਸਨ ਅਤੇ ਪੁਲਿਸ ਦੀ ਲਾਪਰਵਾਹੀ ਕਾਰਨ ਲੋਕਾਂ ਨੂੰ ਦਿਨ ਭਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸ਼ਹਿਰ ਵਿਚੋਂ ਨਿਕਲਦੀਆਂ ਦੋਵੇਂ ਪ੍ਰਮੁੱਖ ਸੜਕਾਂ ਤੇ ਨਜਾਇਜ਼ ਬੱਸ ਅੱਡੇ, ਆਟੋ ਸਟੈਂਡ, ਬੀਨਾ ਪਾਰਕਿੰਗ ਤੋਂ ਵਪਾਰਕ ਅਦਾਰੇ, ਹੋਟਲ ਅਤੇ ਬੈਂਕ ਬਣੇ ਹੋਏ ਹਨ। ਜਿੱਥੇ ਪਾਰਕਿੰਗ ਦੀ ਕੋਈ ਸਹੂਲਤ ਨਹੀਂ ਹੈ। ਇਸ ਕਾਰਨ, ਖਪਤਕਾਰ ਆਪਣੇ ਵਾਹਨ ਦੁਕਾਨਾਂ ਅਤੇ ਬੈਂਕਾਂ ਦੇ ਸਾਹਮਣੇ ਪਾਰਕ ਕਰਦੇ ਹਨ।

# ਬਾਲਾਜੀ ਮਹਿਲਾ ਸੰਕੀਰਤਨ ਮੰਡਲੀ ਵੱਲੋਂ ਸ਼੍ਰੀ ਬਾਲਾਜੀ ਦਾ ਗੁਣਗਾਨ ਕੀਤਾ ਗਿਅ



ਸੁਨਾਮ, 6 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੀ ਬਾਲਾਜੀ ਖਾਟੂ ਸ਼ਿਆਮ ਮੰਦਰ ਵਿਖੇ ਸ਼੍ਰੀ ਬਾਲਾਜੀ ਮਹਿਲਾ ਸੰਕੀਰਤਨ ਮੰਡਲੀ ਵੱਲੋਂ ਸ਼੍ਰੀ ਬਾਲਾਜੀ ਦਾ ਗੁਣਗਾਨ ਕੀਤਾ ਗਿਆ। ਇਸ ਤੋਂ ਬਾਅਦ ਹਨੂੰਮਾਨ ਚਾਲੀਸਾ ਜੀ ਦਾ ਪਾਠ, ਸ਼੍ਰੀ ਹਨੂੰਮਾਨ ਜੀ ਆਰਤੀ, ਖਾਟੂ ਸ਼ਿਆਮ ਜੀ ਦੀ ਆਰਤੀ, ਸ਼ਿਵ ਸ਼ੰਕਰ ਜੀ ਦੀ ਆਰਤੀ ਕੀਤੀ ਗਈ ਅਤੇ ਆਰਤੀ ਤੋਂ ਬਾਅਦ ਸਾਰੇ ਭਗਤਾਂ ਨੂੰ ਪਵਿੱਤਰ ਜਲ ਦਾ ਛਿੱਟਾ ਦਿੱਤਾ ਗਿਆ। ਇਸ ਤੋਂ ਬਾਅਦ ਸ਼੍ਰੀ ਬਾਲਾ ਜੀ ਟਰੱਸਟ ਦੇ ਮੈਂਬਰਾਂ ਦੀ ਇੱਕ ਅਹਿਮ ਮੀਟਿੰਗ ਹੋਈ। ਸ਼੍ਰੀ ਬਾਲਾ ਜੀ ਦੇ ਸੇਵਕ ਗੌਰਵ ਬਾਂਸਲ ਜਨਾਲੀਆ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼੍ਰੀ ਬਾਲਾ ਜੀ ਮਹਾਰਾਜ ਦਾ ਜਨਮ ਉਤਸਵ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਸ਼੍ਰੀ ਬਾਲਾਜੀ ਮਹਾਰਾਜ ਦਾ ਜਨਮ ਉਤਸਵ 23 ਅਪ੍ਰੈਲ ਦਿਨ ਮੰਗਲਵਾਰ ਨੂੰ ਹੈ, ਜਿਸ ਦੇ ਸਬੰਧ ਵਿੱਚ 22 ਅਪ੍ਰੈਲ ਦਿਨ ਸੋਮਵਾਰ ਨੂੰ ਸ਼ਹਿਰ ਵਿੱਚ ਝੰਡਾ ਯਾਤਰਾ ਕੱਢੀ ਜਾ ਰਹੀ ਹੈ।ਇਹ ਯਾਤਰਾ ਸ਼੍ਰੀ ਨੈਣਾ ਦੇਵੀ ਮੰਦਰ ਤੋਂ ਸ਼ਾਮ 4:30 ਬਜੇ ਸ਼ੁਰੂ ਹੋ ਕੇ ਸਿਨੇਮਾ ਚੌਕ, ਪੀਰਾਂਵਾਲਾ ਗੇਟ , ਪੁਰਾਣੀ ਅਨਾਜ ਮੰਡੀ, ਸ਼੍ਰੀ ਅਗਰਸੇਨ ਚੌਕ, ਰੇਲਵੇ ਰੋਡ, ਸ਼੍ਰੀ ਰਾਮ ਆਸ਼ਰਮ ਮੰਦਿਰ, ਇੰਦਰਾ ਬਸਤੀ, ਹੰਜਰਾ ਮਾਰਗ ਤੋਂ ਹੁੰਦੇ ਹੋਏ ਖਾਟੂ ਸ਼ਿਆਮ ਮੰਦਿਰ ਪਹੁੰਚੇਗੀ। ਉਨ੍ਹਾਂ ਸਮੂਹ ਸ਼ਹਿਰ ਨਿਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਸ ਵੀ ਭਗਤ ਨੇ ਇਸ ਝੰਡਾ ਯਾਤਰਾ ਵਿੱਚ ਸ਼ਾਮਿਲ ਹੋਕੇ ਬਾਲਾ ਜੀ ਮਹਾਰਾਜ ਦੀ ਕਿਰਪਾ ਦਾ ਪਾਤਰ ਬਨਣਾ ਹੈ ਅਤੇ ਬਾਲਾ ਜੀ ਮਹਾਰਾਜ ਦਾ ਪਵਿੱਤਰ ਝੰਡਾ ਯਾਤਰਾ ਵਿਚ ਸ਼ਾਮਿਲ ਹੋਣਾ ਹੈ ਤਾਂ ਕਿਰਪਾ ਕਰਕੇ ਅੱਜ ਤੋਂ ਹੀ ਸ਼੍ਰੀ ਨੈਣਾ ਦੇਵੀ ਮੰਦਿਰ, ਸ਼੍ਰੀ ਰਾਮੇਸ਼ਵਰ ਸ਼ਿਵ ਮੰਦਿਰ, ਸ਼੍ਰੀ ਸ਼ਿਵ ਮੰਦਿਰ ਜੋੜਾ ਖੂਹ, ਸ਼੍ਰੀ ਰਾਧਾ ਕ੍ਰਿਸ਼ਨ ਬ੍ਰਹਮਾਸੀਰਾ ਮੰਦਿਰ, ਸ਼੍ਰੀ ਰਾਮ ਆਸ਼ਰਮ ਮੰਦਿਰ ਵਿੱਚੋਂ ਕੂਪਨ ਪ੍ਰਾਪਤ ਕਰ ਸਕਦੇ ਹੋ। ਉਨ੍ਹਾਂ ਦੱਸਿਆ ਕਿ ਸਾਰੇ ਮੈਂਬਰ ਸ਼੍ਰੀ ਬਾਲਾਜੀ ਮਹਾਰਾਜ ਦੇ ਜਨਮ ਉਤਸਵ ਦੀਆਂ ਤਿਆਰੀਆਂ ਵਿੱਚ ਲੱਗ ਚੁਕੇ ਹਨ ਅਤੇ ਸ਼ਹਿਰ ਵਾਸੀ ਇਸ ਯਾਤਰਾ ਵਿੱਚ ਤਨ-ਮਨ-ਧਨ ਨਾਲ ਸਹਿਯੋਗ ਕਰ ਰਹੇ ਹਨ। ਇਸ ਮੌਕੇ ਰੇਣੂ ਸਿੰਗਲਾ, ਸੀਮਾ ਬਾਂਸਲ, ਮਨੀਸ਼ਾ ਸਿੰਗਲਾ, ਰਮਨ ਗੋਇਲ, ਪ੍ਰੀਤੀ ਆਹੂਜਾ, ਡਾ: ਨਰਿੰਦਰ ਗਰਗ, ਸ਼ੀਤਲ ਮਿੱਤਲ, ਪ੍ਰਵੇਸ਼ ਅਗਰਵਾਲ, ਦੇਵਰਾਜ ਸਿੰਗਲਾ, ਸੰਜੀਵ ਨਾਗਰਾ, ਸੁਨੀਲ ਖਿਪਲਾ, ਵਰੁਣ ਕਾਂਸਲ , ਹੈਪੀ ਗਰਗ, ਜਤਿਨ ਸਿੰਗਲਾ, ਦੇਵਰਾਜ ਸਿੰਗਲਾ, ਅਜੇ ਗੁਪਤਾ, ਹਰੀਸ਼ ਗਰਗ, ਮਾਧਵ ਜਨਾਲੀਆ, ਚੱਕਸ਼ੂ ਗੋਇਲ, ਗੌਤਮ ਆਹੂਜਾ, ਜੱਗੀ , ਲੱਕੀ, ਹਰਮਨ ਆਦਿ ਹਾਜ਼ਰ ਸਨ।

# ਸਰਸਵਤੀ ਮਾਡਲ ਹਾਈ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ



ਸ਼੍ਰੀ ਅਨੰਦਪੁਰ ਸਾਹਿਬ, 6 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੀ ਅਨੰਦਪੁਰ ਸਾਹਿਬ ਦੇ ਨਾਲ ਲੱਗਦੇ ਪਿੰਡ ਸਹੋਤਾ (ਬਰੋਟੂ)ਵਿਖੇ ਸਥਿਤ ਸਰਸਵਤੀ ਮਾਡਲ ਹਾਈ ਸਕੂਲ ਪੰਜਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ ਜਿਸ ਵਿੱਚ 20 ਵਿਦਿਆਰਥੀ ਹੋਏ ਵਧੀਆ ਨੰਬਰਾਂ ਨਾਲ ਪਾਸ ਜਿਸ ਵਿੱਚ 17 ਬੱਚੇ 90% ਤੋਂ ਵੱਧ ਨੰਬਰ ਲੈ ਕੇ ਪਾਸ ਹੋਏ ਇੱਕ ਬੱਚੀ ਸਾਂਚੀ ਸ਼ਰਮਾ ਦੇ 99% ਨੰਬਰ ਹਾਸਿਲ ਕਰ ਕੇ ਪਹਿਲੇ ਸਥਾਨ ਤੇ ਰਹੀ ਇਸੀ ਤਰ੍ਹਾਂ ਦੋ ਬੱਚਿਆਂ ਦੇ 96% ਨੰਬਰਾਂ ਨਾਲ ਦੂਸਰੇ ਸਥਾਨ ਤੇ ਰਹੇ ਇੱਕ ਬੱਚੇ ਦੇ 94% ਨੰਬਰਾਂ ਨਾਲ ਤੀਸਰੇ ਸਥਾਨ ਹਾਸਿਲ ਕੀਤਾ। ਇਸ ਮੌਕੇ ਸਮੂਹ ਸਕੂਲ ਸਟਾਫ ਵਲੋਂ ਬੱਚਿਆਂ ਅਤੇ ਮਾਂ ਬਾਪ ਦਾ ਮੂੰਹ ਮਿੱਠਾ ਕਰਵਾਇਆ ਗਿਆ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋ ਰਮੇਸ਼ ਚੰਦਰ ਸ਼ਾਸਤਰੀ ਨੇ ਦੱਸਿਆ ਕਿ ਸਾਡੇ ਸਕੂਲ ਦਾ ਨਤੀਜਾ 100% ਆਇਆ ਹੈ ਜਿਸ ਦਾ ਉਹਨਾਂ ਨੂੰ ਮਾਣ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਸਕੂਲ ਦਾ ਨਤੀਜਾ ਇਸੇ ਤਰ੍ਹਾਂ ਆਵੇਗਾ।

# ਸ਼ਿਵ ਸੈਨਾ ਹਿੰਦੁਸਤਾਨ ਨੇ ਗਣੇਸ਼ ਚੌਧਰੀ ਨੂੰ ਜੰਮੂ ਲੋਕ ਸਭਾ ਸੀਟ ਲਈ ਆਪਣਾ ਉਮੀਦਵਾਰ ਐਲਾਨਿਆ



ਪਟਿਆਲਾ, 6 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਿਵ ਸੈਨਾ ਹਿੰਦੁਸਤਾਨ ਦੇ ਸਿਆਸੀ ਵਿੰਗ ਹਿੰਦੁਸਤਾਨ ਸ਼ਕਤੀ ਸੈਨਾ ਨੇ ਪਾਰਟੀ ਦੇ ਯੂਥ ਵਿੰਗ ਜੰਮੂ-ਕਸ਼ਮੀਰ ਦੇ ਸੂਬਾ ਪ੍ਰਧਾਨ ਸ਼੍ਰੀ ਗਣੇਸ਼ ਚੌਧਰੀ ਨੂੰ ਜੰਮੂ ਲੋਕ ਸਭਾ ਸੀਟ ਲਈ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ। ਪਾਰਟੀ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਲਗਭਗ ਕੁਝ ਰਾਜਾਂ ਵਿੱਚ ਆਪਣੇ ਉਮੀਦਵਾਰ ਖੜ੍ਹੇ ਕਰਨ ਦਾ ਇਰਾਦਾ ਰੱਖਦੀ ਹੈ।ਇਸੇ ਲੜੀ ਵਿੱਚ ਅੱਜ ਸ਼ਿਵ ਸੈਨਾ ਹਿੰਦੁਸਤਾਨ ਨੇ ਜੰਮੂ ਲੋਕ ਸਭਾ ਸੀਟ ਲਈ ਹਿੰਦੁਸਤਾਨ ਸ਼ਕਤੀ ਸੈਨਾ ਵੱਲੋਂ ਸ਼੍ਰੀ ਗਣੇਸ਼ ਚੌਧਰੀ ਨੂੰ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ।

# ਸ਼੍ਰੀਮਦ ਭਾਗਵਤ ਮਹਾਪੁਰਾਣ ਕਥਾ ਦਾ ਮਨੁੱਖੀ ਜੀਵਨ ਵਿੱਚ ਬਹੁਤ ਵੱਡਾ ਮਹੱਤਵ : ਸਵਾਮੀ ਰਾਮ ਗਿਰੀ ਜੀ ਮਹਾਰਾਜ

ਸੁਨਾਮ, 6 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਸਥਾਨਕ ਗੁਰੂ ਅਰਜਨ ਦੇਵ ਕਲੋਨੀ ਵਿਖੇ ਸ਼੍ਰੀਮਦ ਭਾਗਵਤ ਸਪਤਾਹ ਗਿਆਨ ਯੱਗ ਕਥਾ ਦਾ ਆਯੋਜਨ ਕੀਤਾ ਗਿਆ। ਕਥਾ ਵਾਚਕ ਸੰਤ ਸ਼ਿਰੋਮਣੀ ਸ਼੍ਰੀ ਮਹੰਤ ਸ਼੍ਰੀ 108 ਸਵਾਮੀ ਰਾਮ ਗਿਰੀ ਜੀ ਮਹਾਰਾਜ ਨੇ ਕਥਾ ਦੇ ਮਹੱਤਵ ਬਾਰੇ ਦੱਸਿਆ। ਇਸ ਯੱਗ ਦੇ ਯਜਮਾਨ ਭਗਵਾਨ ਦਾਸ ਸ਼ਰਮਾ ਨੇ ਸਮਸਤ ਪਰਿਵਾਰ ਨੇ ਆਪਣੇ ਪਰਿਵਾਰ ਤੇ ਰਿਸ਼ਤੇਦਾਰਾਂ ਸਮੇਤ ਕਥਾ ਦਾ ਅਨੰਦ ਮਾਣਿਆ।

ਇਸ ਮੌਕੇ ਕਥਾ ਵਾਚਕ ਸਵਾਮੀ ਰਾਮ ਗਿਰੀ ਜੀ ਮਹਾਰਾਜ ਨੇ ਆਖਿਆ ਕਿ ਸ਼੍ਰੀਮਦ ਭਾਗਵਤ ਮਹਾਪੁਰਾਣ ਕਥਾ ਦਾ ਮਨੁੱਖੀ ਜੀਵਨ ਵਿੱਚ ਬਹੁਤ ਵੱਡਾ ਮਹੱਤਵ ਹੈ ਅਤੇ ਮਨੁੱਖ ਨੂੰ ਆਪਣੇ ਦੁਨਿਆਵੀ ਕੰਮਾਂਕਾਰਾਂ ਦੇ ਨਾਲ-ਨਾਲ ਪ੍ਰਮਾਤਮਾ ਦੀ ਬੰਦਗੀ ਲਈ ਵੀ ਸਮਾਂ ਦੇਣਾ ਚਾਹੀਦਾ ਹੈ ਜਦਕਿ ਮਨੁੱਖ ਨੂੰ ਇਹ ਜਨਮ ਪ੍ਰਮਾਤਮਾ ਦਾ ਭਜਨ-ਕੀਰਤਨ ਲਈ ਹੀ ਮਿਲਿਆ ਹੈ। ਉਹਨਾਂ ਕਿਹਾ ਕਿ ਮਨੁੱਖ ਨੂੰ ਜੀਵਨ ਵਿੱਚ ਬਹੁਤ ਕੁਝ ਮਿਲ ਜਾਂਦਾ ਹੈ ਪਰ ਸ਼੍ਰੀਮਦ ਭਾਗਵਤ ਕਥਾ ਦੀ ਪ੍ਰਾਪਤੀ ਮਨੁੱਖ ਨੂੰ ਪ੍ਰਮਾਤਮਾ ਦੀ ਕ੍ਰਿਪਾ ਦੇ ਨਾਲ ਹੀ ਮਿਲਦੀ ਹੈ। ਕਥਾ ਦੌਰਾਨ ÷ਸੀਤਾ ਰਾਮ ਸੀਤਾ ਰਾਮ ਹਰੇ ਹਰੇ, ਰਾਧੇ ਸ਼ਿਆਮ ਰਾਧੇ ਸ਼ਿਆਮ ਹਰੇ ਹਰੇ÷ ਭਜਨ ਤੇ ਸਰਧਾਲੂ ਖੂਬ ਝੂਮੇ।

ਇਸ ਸਮੇਂ ਵਿੱਕੀ ਪੰਡਿਤ ਨੇ ਦੱਸਿਆ ਕਿ ਗੁਰੂ ਅਰਜਨ ਦੇਵ ਕਲੋਨੀ ਵਿਖੇ ਸ਼੍ਰੀਮਦ ਭਾਗਵਤ ਸਪਤਾਹ ਰੋਜ਼ਾਨਾ ਦੁਪਿਹਰ 4 ਵਜੇ ਤੋਂ 7 ਵਜੇ ਤੱਕ 8 ਅਪ੍ਰੈਲ ਤੱਕ ਚੱਲੇਗੀ। ਇਸ ਮੌਕੇ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਕਥਾ ਦਾ ਅਨੰਦ ਮਾਣਿਆ ਅਤੇ ਭਗਵਾਨ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

# ਫਰੀਦਕੋਟ ਸੀਟ 'ਤੇ ਕਾਂਗਰਸ ਅਤੇ ਅਕਾਲੀ ਦਲ 'ਚ ਹੋ ਸਕਦੈ ਦਿਲਚਸਪ ਮੁਕਾਬਲਾ



ਫਰੀਦਕੋਟ, 6 ਅਪ੍ਰੈਲ/
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਨੇ ਫਰੀਦਕੋਟ ਲੋਕ ਸਭਾ ਹਲਕਾ ਲਈ ਕਲਾਕਾਰ ਕਰਮਜੀਤ ਅਨਮੋਲ ਟਿਕਟ ਦਿਤੀ ਹੈ ਜੋ ਕਿ ਹਲਕੇ ਤੋਂ ਬਾਹਰ ਦੇ ਰਹਿਣ ਵਾਲੇ ਹਨ। ਇਸੇ ਤਰ੍ਹਾ ਬੀਜੇਪੀ ਨੇ ਸੰਸਾਰ ਪ੍ਰਸਿੱਧ ਪੰਜਾਬੀ ਰਾਜ ਗਾਇਕ ਹੰਸ ਰਾਜ ਹੰਸ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ, ਜਦ ਕਿ ਦੋ ਵੱਡੀਆ ਪਾਰਟੀਆਂ ਕਾਂਗਰਸ ਅਤੇ ਅਕਾਲੀ ਦਲ ਵੱਲੋਂ ਹਾਲੇ ਪੱਤੇ ਨਹੀ ਖੋਲੇ ਗਏ। ਸੂਤਰਾ ਦੀ ਮੰਨੀਏ ਤਾਂ ਕਾਂਗਰਸ ਪਾਰਟੀ ਮਸ਼ਹੂਰ ਗਾਇਕ ਲਾਭ ਹੀਰਾ, ਸਾਬਕਾ ਵਿਧਾਇਕ ਕੁਲਦੀਪ ਸਿੰਘ ਵੈਦ ਜਾਂ ਫਿਰ ਮੌਜੂਦਾ ਸਾਂਸਦ ਮੁਹੰਮਦ ਸਦੀਕ ਵਿੱਚੋਂ ਕਿਸੇ ਇਕ ਨੂੰ ਚੋਣ ਮੈਦਾਨ ਵਿੱਚ ਉਤਾਰ ਸਕਦੀ ਹੈ, ਜਦਕਿ ਅਕਾਲੀ ਦਲ ਵੱਲੋਂ ਸਾਬਕਾ ਮੰਤਰੀ ਸਵ: ਗੁਰਦੇਵ ਸਿੰਘ ਬਾਦਲ ਦੇ ਪੁੱਤਰ ਸੂਬਾ ਸਿੰਘ ਬਾਦਲ ਗੁਰਦੇਵ ਸਿੰਘ ਬਾਦਲ ਅਤੇ ਉਨ੍ਹਾਂ ਦੇ ਦੋਹਤੇ ਰਾਜਵਿੰਦਰ ਸਿੰਘ ਤੋਂ ਇਲਾਵਾ ਪ੍ਰਕਾਸ਼ ਸਿੰਘ ਭੱਟੀ ਦੇ ਨਾਮ ਉਪਰ ਵਿਚਾਰ ਕਰ ਰਿਹਾ ਹੈ, ਪਰ ਸਹਿਮਤੀ ਮਾਮਾ ਭਾਣਜਾ ਵਿੱਚੋਂ ਕਿਸੇ ਇਕ ਉਪਰ ਹੋ ਸਕਦੀ ਹੈ। ਦਿਲਚਸਪ ਗੱਲ ਇਹ ਵੀ ਹੈ ਕਿ ਬਹੁਜਨ ਸਮਾਜ ਪਾਰਟੀ ਵੱਲੋਂ ਵੀ ਦੋ ਕਲਾਕਾਰ ਹੀ ਟਿਕਟ ਦੇ ਦਾਅਵੇਦਾਰ ਹਨ। ਜੇਕਰ ਗੱਲ ਕਰਮਜੀਤ ਅਨਮੋਲ ਦੀ ਕਰੀਏ ਤਾਂ ਅਨਮੋਲ ਇਕ ਵਧੀਆ ਕਲਾਕਾਰ ਹਨ ਅਤੇ ਕਲਾਕਾਰ ਦੇ ਤੌਰ ਤੇ ਦਰਸ਼ਕਾਂ ਵਿੱਚ ਪੈਠ ਵੀ ਰਖਦੇ ਹਨ, ਪਰ ਸੱਤਾ ਧਿਰ ਦੀਆਂ ਵਿਰੋਧੀ ਵੋਟਾਂ ਤੋਂ ਇਲਾਵਾ ਚੁਣੇ ਹੋਏ ਨੁਮਾਇੰਦਿਆਂ ਦੀਆਂ ਮਨਮਰਜ਼ੀਆਂ, ਟਕਸਾਲੀ ਆਪ ਵਰਕਰਾਂ ਦੇ ਸਰਕਾਰੇ ਦਰਬਾਰੇ ਪੁਛ ਪੜਤਾਲ ਨਾ ਹੋਣ ਕਾਰਨ ਨਰਾਜਗੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ 2022 ਵਾਲੀ ਹਨੇਰੀ ਵੀ ਆਮ ਆਦਮੀ ਪਾਰਟੀ ਵੱਲ ਚੱਲਦੀ ਦਿਖਾਈ ਨਹੀਂ ਦੇ ਰਹੀ ਹੈ। ਜਿਸ ਕਰਕੇ ਕਰਮਜੀਤ ਅਨਮੋਲ ਲਈ ਲੋਕ ਸਭਾ ਦੀ ਰਾਹ ਸੁਖਾਲੀ ਨਹੀ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਸਮਝੋਤਾ ਤੋੜਨ ਮਗਰੋਂ ਬੀਜੇਪੀ ਲਈ ਪੰਜਾਬ ਇਕ ਚੁਣੋਤੀ ਬਣ ਗਿਆ ਸੀ, ਤਾਂ ਕੁਝ ਸਮਾਂ ਪਹਿਲਾ ਸਰਗਰਮ ਰਾਜਨੀਤੀ ਤੋਂ ਸੰਨਿਆਸ ਲੈਣ ਵਾਲੇ ਪੰਜਾਬੀ ਰਾਜ ਗਾਇਕ ਹੰਸ ਰਾਜ ਹੰਸ ਨੂੰ ਮਨਾ ਕੇ ਵਾਪਸ ਚੋਣ ਮੈਦਾਨ ਵਿਚ ਲਿਆਂਦਾ ਗਿਆ। ਹਾਲਾਂਕਿ ਹੰਸ ਰਾਜ ਹੰਸ ਦੇ ਫੈਨ ਵੀ ਕਾਫੀ ਹਨ ਅਤੇ ਬੀਜੇਪੀ ਨੂੰ ਰਾਮ ਮੰਦਿਰ ਬਣਨ ਕਰਕੇ ਥੋੜਾ ਲਾਭ ਮਿਲ ਸਕਦਾ ਹੈ ਪਰ ਰਾਹ ਬੜੀ ਮੁਸ਼ਕਿਲ ਹੈ ?। ਸ੍ਰੋਮਣੀ ਅਕਾਲੀ ਦਲ ਵੱਲੋਂ ਇਸ ਵਾਰ ਬੀਜੇਪੀ ਨਾਲੋਂ ਵੱਖ ਹੋਣ ਕਰਕੇ ਬਹੁਤ ਹੀ ਫੂਕ ਫੂਕ ਕੇ ਕਦਮ ਰਖੇ ਜਾ ਰਹੇ ਹਨ, ਅਕਾਲੀ ਦਲ ਵੱਲੋਂ ਇਸ ਵਾਰ ਟਿਕਟ ਲਈ ਜਿਲ੍ਹੇ ਦੇ ਕਦਾਵਾਰ ਨੇਤਾ ਮਰਹੂਮ ਸਾਬਕਾ ਮੰਤਰੀ ਗੁਰਦੇਵ ਸਿੰਘ ਬਾਦਲ ਦੇ ਪੁੱਤਰ ਸੂਬਾ ਸਿੰਘ ਬਾਦਲ ਅਤੇ ਉਹਨਾ ਦੇ ਦੋਹਤੇ ਰਾਜਵਿੰਦਰ ਸਿੰਘ ਦੇ ਨਾਮ ਉਪਰ ਵਿਚਾਰ ਕੀਤਾ ਜਾ ਰਿਹਾ ਹੈ, ਕਿਉ ਕਿ ਫਰੀਦਕੋਟ ਜਿਲ੍ਹੇ ਵਿੱਚੋਂ ਗੁਰਦੇਵ ਸਿੰਘ ਬਾਦਲ ਖੁਦ ਜਿੱਤ ਕੇ ਪੰਜਾਬ ਸਰਕਾਰ ਵਿੱਚ ਮੰਤਰੀ ਬਣੇ ਸਨ। ਜਦ ਕਿ ਉਹਨਾ ਦੇ ਜਵਾਈ ਸੀਤਲ ਸਿੰਘ ਵੀ ਧਰਮਕੋਟ ਤੋਂ ਕਈ ਵਾਰ ਵਿਧਾਇਕ ਚੁਣੇ ਗਏ ਹਨ। ਇਸ ਕਰਕੇ ਫਰੀਦਕੋਟ ਵਿੱਚ ਮਜਬੂਤ ਪਕੜ ਵੀ ਰਖਦੇ ਹਨ ਅਤੇ ਵਿਰੋਧੀ ਧਿਰਾ ਨੂੰ ਵੱਡੀ ਟੱਕਰ ਵੀ ਦੇ ਸਕਦੇ ਹਨ।

ਹਾਲਾਕਿ ਦਾਅਵੇਦਾਰਾਂ ਵਿਚ ਪ੍ਰਕਾਸ਼ ਸਿੰਘ ਭੱਟੀ ਵੀ ਹਨ, ਪਰ ਟਿਕਟ ਮਾਮੇ ਭਾਣਜੇ ਵਿੱਚੋਂ ਕਿਸੇ ਇਕ ਨੂੰ ਮਿਲ ਸਕਦੀ ਹੈ।

ਜੇਕਰ ਕਾਂਗਰਸ ਦੀ ਗੱਲ ਕਰੀਏ ਤਾਂ ਪਾਰਟੀ ਦੀ ਟਿਕਟ ਦੇ ਚਾਹਵਾਨਾ ਵਿੱਚ ਮੌਜੂਦਾ ਸਾਂਸਦ ਮੁਹੰਮਦ ਸਦੀਕ, ਉਘੇ ਲੋਕ ਗਾਇਕ ਲਾਭ ਹੀਰਾ ਅਤੇ ਸਾਬਕਾ ਵਿਧਾਇਕ ਕੁਲਦੀਪ ਸਿੰਘ ਵੈਦ ਆਦਿ ਚਾਹਵਾਨ ਹਨ। ਜੇਕਰ ਕਾਂਗਰਸ ਮੌਜੂਦਾ ਸਾਂਸਦ ਨੂੰ ਟਿਕਟ ਦਿੰਦੀ ਹੈ ਤਾਂ ਮੁਹੰਮਦ ਸਦੀਕ ਵਿਰੋਧੀ ਧਿਰਾ ਨੂੰ ਫਸਵੀਂ ਟੱਕਰ ਦੇ ਸਕਦੇ ਹਨ। ਇਸਦੇ ਨਾਲ ਗੱਲ ਕਰੀਏ ਤਾਂ ਬਹੁਜਨ ਸਮਾਜ ਪਾਰਟੀ ਦੀ ਗੱਲ ਕਰੀਏ ਤਾਂ ਦੋ ਕਲਾਕਾਰ ਭੋਲਾ ਯਮਲਾ ਅਤੇ ਮਨਦੀਪ ਮਨੀ ਸਾਹੋ ਕੇ ਮੁੱਖ ਦਾਅਵੇਦਾਰ ਹਨ ?।

ਪਰ ਜੇਕਰ ਕਾਂਗਰਸ ਸਦੀਕ ਅਤੇ ਅਕਾਲੀ ਦਲ ਮਾਮੇ ਭਾਣਜੇ ਵਿੱਚੋਂ ਕਿਸੇ ਇੱਕ ਨੂੰ ਟਿਕਟ ਦਿੰਦਾ ਹੈ ਤਾਂ ਮੁਖ ਮੁਕਾਬਲਾ ਕਾਂਗਰਸ ਅਤੇ ਅਕਾਲੀ ਦਲ ਵਿੱਚ ਹੋ ਸਕਦਾ।

# ਕੈਨੇਡਾ 'ਚ ਲੱਗਣ ਵਾਲੀ ਪ੍ਰਦਰਸ਼ਨੀ 'ਚ ਦਰਸ਼ਕਾਂ ਨੂੰ ਭੇਜਣ ਦੇ ਬਹਾਨੇ 2 ਲੱਖ ਰੁਪਏ ਦੀ ਮਾਰੀ ਠੱਗੀ

ਨਵਾਂਸ਼ਹਿਰ 6 ਅਪ੍ਰੈਲ। ਕੈਨੇਡਾ 'ਚ ਹੋਣ ਵਾਲੀ ਪ੍ਰਦਰਸ਼ਨੀ ਦੌਰਾਨ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਭੇਜਣ ਦਾ ਝਾਂਸਾ ਦੇ ਕੇ 2 ਲੱਖ ਰੁਪਏ ਦੀ ਠੱਗੀ ਮਾਰਨ ਵਾਲੇ ਏਜੰਟ ਖ਼ਿਲਾਫ ਥਾਣਾ ਸਦਰ ਦੀ ਪੁਲਸ ਨੇ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਹੈ। ਐੱਸ. ਐੱਸ. ਪੀ. ਨੂੰ ਦਿੱਤੀ ਸ਼ਿਕਾਇਤ ਵਿੱਚ ਗੁਰਿੰਦਰ ਸਿੰਘ ਪੁੱਤਰ ਭੁਪਿੰਦਰ ਸਿੰਘ ਵਾਸੀ




ਬਲਾਚੌਰ ਨੇ ਦੱਸਿਆ ਕਿ ਉਸ ਦੇ ਇਕ ਦੋਸਤ ਨੇ ਉਸ ਨੂੰ ਲੁਧਿਆਣਾ ਵਿੱਚ ਟ੍ਰੈਵਲ ਏਜੰਸੀ ਦਾ ਕੰਮ ਕਰਨ ਵਾਲੇ ਸੰਜੀਵ ਸ਼ਰਮਾ ਨਾਲ ਮਿਲਵਾਇਆ ਸੀ। ਉਕਤ ਏਜੰਟ ਨੇ ਉਸ ਨੂੰ ਦੱਸਿਆ ਕਿ ਉਸ ਦੇ ਭਾਜਪਾ ਸਰਕਾਰ ਨਾਲ ਚੰਗੇ ਸੰਬੰਧ ਹਨ। ਕੈਨੇਡਾ ਸਰਕਾਰ ਵੱਲੋਂ ਪ੍ਰਦਰਸ਼ਨੀ ਲਗਾਈ ਜਾ ਰਹੀ ਹੈ। ਜਿਸ ਵਿੱਚ ਪੜ੍ਹੇ ਲਿਖੇ ਲੋਕਾਂ ਦੀ ਲੋੜ ਹੈ। ਉਸ ਨੇ ਦੱਸਿਆ ਕਿ ਉਹ ਉਸ ਨੂੰ ਪ੍ਰਦਰਸ਼ਨੀ ਵਿੱਚ ਭਾਗ ਲੈਣ ਲਈ 15 ਦਿਨਾਂ ਲਈ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਭੇਜ ਸਕਦਾ ਹੈ। ਉਸ ਨੇ ਦੱਸਿਆ ਕਿ ਉਕਤ ਏਜੰਟ ਨਾਲ ਉਸ ਦਾ ਸੌਦਾ 4 ਲੱਖ ਰੁਪਏ ਵਿਚ ਤੈਅ ਹੋਇਆ ਸੀ, ਉਸ ਨੇ ਪਾਸਪੋਰਟ ਲਈ 2 ਲੱਖ ਰੁਪਏ ਪਹਿਲਾਂ ਅਤੇ ਬਾਕੀ 2 ਲੱਖ ਰੁਪਏ ਬਾਅਦ ਵਿਚ ਦਿੱਤੇ। ਉਕਤ ਏਜੰਟ ਨੇ ਉਸਨੂੰ ਇਕ ਮਹੀਨੇ ਦੇ ਅੰਦਰ ਕੈਨੇਡਾ ਭੇਜਣ ਦਾ ਵਾਅਦਾ ਕੀਤਾ ਸੀ ਪਰ ਉਸ ਨੇ ਉਸ ਨੂੰ ਵਿਦੇਸ਼ ਨਹੀਂ ਭੇਜਿਆ। ਉਸਨੇ ਦੱਸਿਆ ਕਿ ਵਾਰ-ਵਾਰ ਬੇਨਤੀ ਕਰਨ 'ਤੇ ਉਸਨੇ ਉਸਦੇ ਪੈਸੇ ਵਾਪਸ ਕਰਨ ਦੀ ਗੱਲ ਕਹੀ, ਪਰ ਉਸ ਨੇ ਉਹ ਵੀ ਵਾਪਸ ਨਹੀਂ ਕੀਤਾ। ਐੱਸ. ਐੱਸ. ਪੀ. ਨੂੰ ਦਿੱਤੀ ਸ਼ਿਕਾਇਤ ਵਿੱਚ ਉਨ੍ਹਾਂ ਨੇ ਆਪਣੇ ਪੈਸੇ ਵਾਪਸ ਦਿਵਾਉਣ ਅਤੇ ਦੋਸ਼ੀ ਏਜੰਟ ਖ਼ਿਲਾਫ ਕਾਨੂੰਨ ਅਨੁਸਾਰ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਡੀ. ਐੱਸ. ਪੀ. ਪੱਧਰ ਦੇ ਅਧਿਕਾਰੀ ਵੱਲੋਂ ਉਕਤ ਸ਼ਿਕਾਇਤ ਦੀ ਪੜਤਾਲ ਕਰਨ ਉਪਰੰਤ ਦਿੱਤੀ ਗਈ ਨਤੀਜਾ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਉਕਤ ਏਜੰਟ ਨੇ 2 ਲੱਖ ਰੁਪਏ ਦੀ ਠੱਗੀ ਮਾਰੀ ਹੈ। ਪੁਲਸ ਥਾਣਾ ਬਲਾਚੌਰ ਸਿਟੀ ਨੇ ਦੋਸ਼ੀ ਏਜੰਟ ਖ਼ਿਲਾਫ ਧੋਖਾਦੇਹੀ ਦਾ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# 3 ਮਹੀਨਿਆਂ 'ਚ ਇਕ ਪਰਿਵਾਰ ਦੇ ਦੋ ਜੀਆਂ 'ਤੇ ਹੋਇਆ ਕਾਤਲਾਨਾ ਹਮਲਾ

ਕਿਸ਼ਨ ਪਾਲ

ਨੰਗਲ 6 ਅਪ੍ਰੈਲ। ਮੇਨ ਮਾਰਕੀਟ 'ਚ ਇਕ ਪਰਿਵਾਰ ਦੇ ਦੋ ਜੀਆਂ 'ਤੇ ਕਾਤਲਾਨਾ ਹਮਲਾ ਹੋਣ ਦੀ ਖਬਰ ਹੈ, ਜਿਸ ਨੂੰ ਲੈ ਕੇ ਅੱਜ ਸਵੇਰੇ ਦੁਕਾਨਦਾਰਾਂ ਵੱਲੋਂ ਆਪਣੀਆਂ ਦੁਕਾਨਾਂ ਬੰਦ ਰੱਖੀਆਂ ਗਈਆਂ ਅਤੇ ਸਾਰੇ ਦੁਕਾਨਦਾਰ ਮੇਨ ਬਾਜਾਰ 'ਚ ਦਰੀ ਵਿਛਾ ਕੇ ਬੈਠ ਗਏ। ਦੁਕਾਨਦਾਰਾਂ ਨੇ ਪੁਲਸ ਨੂੰ 6 ਅਪ੍ਰੈਲ ਤੱਕ ਦਾ ਅਲਟੀਮੇਟਮ ਦਿੱਤਾ ਕਿ ਜੇਕਰ ਦੋਸ਼ੀਆਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਨਾ ਕੀਤਾ ਗਿਆ ਤਾਂ ਉਹ ਸਾਰੇ ਬਾਜਾਰਾਂ ਨੂੰ ਬੰਦ ਰੱਖਣ ਦੀ ਕਾਲ ਦੇਣਗੇ। ਪੀੜਤ ਪਰਿਵਾਰਕ ਮੈਂਬਰ ਨਵੀਨ ਛਾਬੜਾ ਪੁੱਤਰ ਕੇਵਲ ਕ੍ਰਿਸ਼ਣ ਨੇ ਕਿਹਾ ਕਿ ਬੀਤੀ ਰਾਤ ਸਾਡੇ 9 ਵਜੇ ਦੇ ਕਰੀਬ ਜਦੋਂ ਮੇਰਾ ਛੋਟਾ ਭਰਾ ਅੰਕੁਰ ਛਾਬੜਾ ਆਪਣੇ ਨੌਕਰ ਨੂੰ ਛੱਡਣ ਜਾ ਰਿਹਾ ਸੀ ਤਾਂ ਮੋਟਰਸਾਈਕਲ 'ਤੇ ਆਏ ਤਿੰਨ ਨੌਜਵਾਨਾਂ ਨੇ ਉਸ ਦੇ 'ਤੇ ਹਥਿਆਰਾਂ ਨਾਲ ਹਮਲਾ ਕਰਕੇ ਉਸ ਨੂੰ ਲਹੂ-ਲੂਹਾਨ ਕਰ ਦਿੱਤਾ। ਜ਼ਖ਼ਮੀ ਅੰਕੁਰ ਨੂੰ ਅਸੀਂ ਨੰਗਲ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਅਤੇ ਘਟਨਾ ਦੀ ਸਾਰੀ ਜਾਣਕਾਰੀ ਸਰਕਾਰੀ ਹੈਲਪ ਲਾਈਨ ਨੰਬਰ 112 'ਤੇ ਫੋਨ ਕਰਕੇ ਦਿੱਤੀ। ਨਵੀਨ ਨੇ ਕਥਿਤ ਤੌਰ 'ਤੇ ਦੋਸ਼ ਲਾਇਆ ਕਿ ਮੇਨ ਮਾਰਕੀਟ ਦੇ ਇਕ ਵਪਾਰੀ ਵੱਲੋਂ ਇਹ ਹਮਲਾ ਕਰਵਾਇਆ ਗਿਆ ਕਿਉਂਕਿ 2 ਮਹੀਨੇ ਪਹਿਲਾਂ ਜਨਵਰੀ 2024 'ਚ ਉਸ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਮੇਰੇ 'ਤੇ ਹਮਲਾ ਕਰ ਕੇ ਮੈਨੂੰ ਵੀ ਲਹੂ ਲੂਹਾਨ ਕੀਤਾ ਸੀ। ਜਿਸ ਤਹਿਤ ਨੰਗਲ ਪੁਲਿਸ ਨੇ ਉਸ 'ਤੇ ਵੱਖ-ਵੱਖ ਸਖ਼ਤ ਧਾਰਾਵਾਂ



ਤਹਿਤ ਪਰਚਾ ਦਰਜ ਕੀਤਾ ਸੀ। ਉਸ ਤੋਂ ਬਾਅਦ ਉਹ ਸਾਡੇ ਨਾਲ ਹੋਰ ਜ਼ਿਆਦਾ ਰੰਜਿਸ਼ ਰੱਖਣ ਲੱਗ ਪਿਆ ਅਤੇ ਬਹੁਤ ਵਾਰ ਉਸ ਨੇ ਸਾਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ ਹਨ। ਸਿਵਲ ਹਸਪਤਾਲ ਨੰਗਲ 'ਚ ਦਾਖ਼ਲ ਜ਼ਖ਼ਮੀ ਅੰਕੁਰ ਛਾਬੜਾ ਨੇ ਕਿਹਾ ਕਿ ਮੇਰੇ 'ਤੇ ਜਿਨ੍ਹਾਂ ਨੌਜਵਾਨਾਂ ਨੇ ਹਮਲਾ ਕੀਤਾ, ਜਦੋਂ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਮੈਨੂੰ ਕਿਉਂ ਮਾਰ ਰਹੇ ਹੋ ਤਾਂ ਉਨ੍ਹਾਂ ਨੇ ਕਿਹਾ ਕਿ ਜੋ ਤੁਸੀਂ ਪਰਚਾ ਦਰਜ ਕਰਵਾਇਆ ਸੀ, ਇਹ ਉਸ ਦਾ ਹੀ ਨਤੀਜਾ ਹੈ। ਪਹਿਲਾਂ ਤੇਰੇ ਭਰਾ ਨੂੰ ਸਬਕ ਸਿਖਾਇਆ ਅਤੇ ਹੁਣ ਤੈਨੂੰ ਸਿਖਾਉਣਾ ਹੈ। ਜ਼ਖ਼ਮੀ ਨੇ ਕਿਹਾ ਕਿ ਹਮਲੇ 'ਚ ਮੇਰੇ ਸਿਰ, ਪਿੱਠ ਤੇ ਲੱਤਾਂ ਤੇ ਸੱਟਾਂ ਲੱਗੀਆਂ ਹਨ। ਮੇਰੇ ਸਿਰ 'ਤੇ 6 ਟਾਂਕੇ ਵੀ ਲੱਗੇ ਹਨ। ਪੀੜਤ ਪਰਿਵਾਰ ਨੇ ਹਲਕਾ ਵਿਧਾਇਕ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਬੈਂਸ ਤੋਂ ਮੰਗ ਕੀਤੀ ਕਿ ਸਾਨੂੰ ਇਸ ਵਪਾਰੀ ਵੱਲੋਂ ਕੀਤੀ ਜਾਂਦੀ ਗੁੰਡਾਗਰਦੀ ਦੇ ਖੌਫ ਤੋਂ ਬਾਹਰ ਕੱਢਿਆ ਜਾਵੇ ਤੇ ਇਸ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ। ਕੌਂਸਲਰ ਸੋਨੀਆ ਸੈਣੀ ਨੇ ਕਿਹਾ ਕਿ ਜਿਸ ਪਰਿਵਾਰ 'ਤੇ 3 ਮਹੀਨਿਆਂ 'ਚ 2 ਹਮਲੇ ਹੋ ਚੁੱਕੇ ਹਨ, ਉਹ ਬਹੁਤ ਹੀ ਕਰਮਯੋਗੀ ਪਰਿਵਾਰ ਹੈ। ਇਹ ਬਹੁਤ ਹੀ ਮੰਦਭਾਗੀ ਗੱਲ ਹੈ। ਅਸੀਂ ਆਪਣੀ ਮਾਰਕੀਟ 'ਚ ਸਭ ਨਾਲ ਮਿਲਕੇ ਰਹਿੰਦੇ ਹਾਂ ਅਤੇ ਅਜਿਹੀ ਗੁੰਡਾਗਰਦੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਮੰਗ ਕੀਤੀ ਕਿ ਕਥਿਤ ਦੋਸ਼ੀਆਂ ਖ਼ਿਲਾਫ ਜ਼ਰੂਰ ਕਾਰਵਾਈ ਹੋਣੀ ਚਾਹੀਦੀ ਹੈ । ਮੇਨ ਮਾਰਕੀਟ ਵਪਾਰ ਮੰਡਲ ਪ੍ਰਧਾਨ ਮਤਰੰਜੇ ਪ੍ਰਸ਼ਾਦ ਨੇ ਕਿਹਾ ਕਿ ਉਕਤ ਵਪਾਰੀ ਵੱਲੋਂ ਦੁਕਾਨਦਾਰਾਂ ਤੇ ਲਗਾਤਾਰ ਖ਼ੌਫ ਮਚਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅਸੀਂ ਪੁਲਸ ਨੂੰ 6 ਅਪ੍ਰੈਲ ਤੱਕ ਦਾ ਅਲਟੀਮੇਟਮ ਦਿੰਦੇ ਹਾਂ, ਜੇਕਰ ਪੁਲਸ ਨੇ ਸਾਡੀ ਸੁਣਵਾਈ ਨਾ ਕੀਤੀ ਤਾਂ ਅਸੀਂ ਸਾਰੇ ਵਪਾਰ ਮੰਡਲਾਂ ਦੇ ਪ੍ਰਧਾਨਾਂ ਨੂੰ ਆਪੋ ਆਪਣੇ ਬਾਜ਼ਾਰ ਬੰਦ ਕਰਕੇ ਪ੍ਰਸ਼ਾਸਨ ਖ਼ਿਲਾਫ ਸੰਘਰਸ਼ ਉਲੀਕਣ ਨੂੰ ਮਜਬੂਰ ਹੋਵਾਂਗੇ ਜਿਸਦੀ ਜ਼ਿੰਮੇਦਾਰੀ ਪ੍ਰਸ਼ਾਸਨ ਦੀ ਹੋਵੇਗੀ। ਜਦੋਂ ਇਸ ਸਾਰੇ ਮਾਮਲੇ ਨੂੰ ਲੈ ਕੇ ਜਿਸ ਵਪਾਰੀ 'ਤੇ ਗੰਭੀਰ ਦੋਸ਼ ਲੱਗੇ ਹਨ, ਉਸ ਨਾਲ ਗੱਲ ਕੀਤੀ ਤਾਂ ਉਨ੍ਹਾਂ ਆਪਣੇ ਤੇ ਲੱਗੇ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ। ਉਨ੍ਹਾਂ ਕਿਹਾ ਕਿ ਮੈਨੂੰ ਤਾਂ ਖ਼ੁਦ ਰਾਤ ਜਦੋਂ ਵਪਾਰ ਮੰਡਲ ਦੇ ਗਰੁੱਪ 'ਚ ਮੀਟਿੰਗ ਦਾ ਮੈਸਜ਼ ਆਇਆ ਤਾਂ ਪਤਾ ਲੱਗਿਆ ਕਿ ਅੰਕੁਰ 'ਤੇ ਹਮਲਾ ਹੋਇਆ ਹੈ। ਉਨ੍ਹਾਂ ਕਿਹਾ ਕਿ ਮੇਰੇ 'ਤੇ ਪਹਿਲਾਂ ਵੀ ਸਰਕਾਰ ਦਾ ਦਬਾਅ ਬਣਾਕੇ ਝੂਠਾ ਪਰਚਾ ਦਰਜ ਕਰਵਾਇਆ ਗਿਆ ਅਤੇ ਹੁਣ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਦੋਂ ਇਸ ਸਬੰਧੀ ਥਾਣਾ ਨੰਗਲ ਦੇ ਮੁਖੀ ਨਾਲ ਰਜਨੀਸ਼ ਕੁਮਾਰ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਡਾਕਟਰੀ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ, ਜਿਸ ਦੇ ਆਉਣ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

## ਸ਼ਰਾਬ ਪੀਣ ਦੇ ਸ਼ੌਕੀਨਾਂ ਨੂੰ ਝਟਕਾ, ਪੰਜਾਬ 'ਚ ਅੱਜ ਤੋਂ ਮਹਿੰਗੀ ਖਰੀਦਣੀ ਪਵੇਗੀ ਸ਼ਰਾਬ

ਲੁਧਿਆਣਾ 6 ਅਪ੍ਰੈਲ। 1 ਅਪ੍ਰੈਲ ਮਤਲਬ ਕਿ ਅੱਜ ਤੋਂ ਸਰਾਬ ਪੀਣ ਦੇ ਸ਼ੌਕੀਨਾਂ ਨੂੰ 15 ਫੀਸਦੀ ਮਹਿੰਗੀ ਸਰਾਬ ਖਰੀਦਣੀ ਪਵੇਗੀ, ਜਿਸ ਕਾਰਨ ਕਈ ਸਰਾਬ ਪੀਣ ਵਾਲਿਆਂ ਨੇ 31 ਮਾਰਚ ਨੂੰ ਹੀ ਆਪਣਾ ਕੋਟਾ ਇਕੱਠਾ ਕਰ ਲਿਆ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਬੀਤੀ 31 ਮਾਰਚ ਨੂੰ ਸਰਾਬ ਦੀਆਂ ਕੀਮਤਾਂ 'ਚ ਕਰੀਬ 30 ਤੋਂ 40 ਫੀਸਦੀ ਤੱਕ ਦੀ ਕਟੌਤੀ ਕੀਤੀ ਗਈ ਸੀ। ਠੇਕਿਆਂ 'ਤੇ ਸਰਾਬ ਦੇ ਸੌਕੀਨਾਂ ਦੀ ਭੀੜ ਸੀ ਪਰ ਓਨੀ ਨਹੀਂ ਜਿੰਨੀ ਠੇਕਿਆਂ ਦੇ ਟੁੱਟਣ ਵੇਲੇ ਹੁੰਦੀ ਸੀ। ਸਰਾਬ ਦੇ ਸੌਕੀਨ ਲੋਕ ਸਸਤੀ ਸਰਾਬ ਦੀ ਭਾਲ 'ਚ ਇਕ ਠੇਕੇ ਤੋਂ ਦੂਜੇ ਠੇਕੇ ਤੱਕ ਘੁੰਮਦੇ ਦੇਖੇ ਗਏ। ਸਰਕਾਰ ਨੇ ਸਾਲ 2024-25 ਵਿਚ ਡਰਾਅ ਪ੍ਰਕਿਰਿਆ ਕਰਵਾਈ, ਜਿਸ 'ਚ ਵਿਭਾਗ ਨੂੰ ਕੁੱਲ 9461 ਅਰਜੀਆਂ ਪ੍ਰਾਪਤ ਹੋਈਆਂ, ਜਿਸ ਵਿਚ ਸਰਕਾਰ ਨੂੰ ਡਰਾਅ ਫੀਸ ਤੋਂ 70 ਕਰੋੜ ਰੁਪਏ ਤੋਂ ਵੱਧ ਦਾ ਮਾਲੀਆ ਪ੍ਰਾਪਤ ਹੋਇਆ। ਇਸ ਵਾਰ ਲੁਧਿਆਣਾ ਕਾਰਪੋਰੇਸਨ ਵਿਚ 39 ਗਰੁੱਪ ਹੋਣਗੇ, ਜਦਕਿ ਪੇਂਡੂ ਖੇਤਰ 'ਚ 14 ਗਰੁੱਪ ਹਨ। ਸਰਾਬ ਨੀਤੀ ਨੂੰ ਲੈ ਕੇ ਠੇਕੇਦਾਰਾਂ ਵਿਚ ਭਾਰੀ ਉਤਸਾਹ ਹੈ, ਇਸ ਸਾਲ ਨਵੀਂ ਨੀਤੀ ਅਨੁਸਾਰ ਦੇਸੀ ਸਰਾਬ ਦਾ ਕੋਟਾ ਤੈਅ ਹੈ, ਜਦੋਂ ਕਿ ਅੰਗਰੇਜੀ ਸਰਾਬ ਦਾ ਕੋਟਾ ਖੁੱਲ੍ਹਾ ਹੈ ਅਤੇ ਬੀਅਰ ਦਾ ਵੀ ਕੋਟਾ ਖੁੱਲ੍ਹਾ ਹੈ। ਸਰਕਾਰ ਨੂੰ ਉਮੀਦ ਹੈ ਕਿ ਇਸ ਵਾਰ ਡਰਾਅ ਪ੍ਰਕਿਰਿਆ ਰਾਹੀਂ 10 ਫੀਸਦੀ ਦਾ ਵਾਧਾ ਹੋ ਸਕਦਾ ਹੈ। ਵਿਭਾਗ ਵੱਲੋਂ ਪਿਛਲੇ ਸਾਲ ਨਾਲੋਂ ਇਸ ਸਾਲ ਸਰਾਬ ਦੇ ਕਾਰੋਬਾਰ ਤੋਂ ਵੱਧ ਮਾਲੀਆ ਕਮਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਠੇਕੇਦਾਰ ਬਦਲੇ ਜਾਣ 'ਤੇ ਪੁਰਾਣੇ ਠੇਕੇਦਾਰਾਂ ਨੇ 31 ਮਾਰਚ ਨੂੰ ਆਪਣਾ ਬਾਕੀ ਬਚਦਾ ਮਾਲ ਘੱਟ ਕੀਮਤ 'ਤੇ ਵੇਚ ਦਿੱਤਾ, ਜਿਸ ਨੂੰ ਸਰਲ ਭਾਸਾ 'ਚ ਸਰਾਬ ਦੇ ਠੇਕੇ ਤੋੜਨਾ ਵੀ ਕਿਹਾ ਜਾਂਦਾ ਹੈ ਪਰ ਇਸ ਸਾਲ ਰਲਵਾਂ-ਮਿਲਵਾਂ ਮਾਹੌਲ ਦੇਖਣ ਨੂੰ ਮਿਲਿਆ, ਜਿੱਥੇ ਕੁੱਝ ਦੁਕਾਨਾਂ 'ਤੇ ਬਹੁਤ ਹੀ ਸਸਤੇ ਭਾਅ ਅਤੇ ਕੁੱਝ ਦੁਕਾਨਾਂ 'ਤੇ ਬਹੁਤ ਘੱਟ ਕੀਮਤ 'ਤੇ ਸਰਾਬ ਵਿਕ ਰਹੀ ਹੈ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਸਾਲ 2024-25 ਵਿਚ ਜਿਨ੍ਹਾਂ ਠੇਕੇਦਾਰਾਂ ਦੇ ਹੱਥਾਂ ਵਿਚ ਸਰਾਬ ਦੇ ਗਰੁੱਪ ਹਨ, ਉਹ ਥੋੜ੍ਹੇ-ਥੋੜ੍ਹੇ ਪੈਸੇ ਦੇ ਕੇ ਅਗਲੇ ਸਾਲ ਤੱਕ ਆਪਣਾ ਸਟਾਕ ਰੀਨਿਊ ਕਰਵਾ ਸਕਦੇ ਹਨ ਪਰ ਜਿਨ੍ਹਾਂ ਠੇਕੇਦਾਰਾਂ ਦੇ ਗਰੁੱਪ ਸਾਹਮਣੇ ਨਹੀਂ ਆਏ ਜਾਂ ਇਸ ਸਾਲ ਕੰਮ ਨਹੀਂ ਕਰ ਰਹੇ, ਉਹ ਆਪਣਾ ਸਟਾਕ ਕਲੀਅਰ ਕਰਨ ਲਈ ਬਹੁਤ ਸਸਤੇ ਭਾਅ 'ਤੇ ਸਰਾਬ ਵੇਚ ਰਹੇ ਸਨ

# ਸੁਸ਼ੀਲ ਰਿੰਕੂ ਤੇ ਸ਼ੀਤਲ ਅੰਗੁਰਾਲ ਨੂੰ ਭਾਜਪਾ 'ਚ ਸ਼ਾਮਲ ਕਰਨ ਦਾ ਮੰਨਿਆ ਜਾ ਰਿਹੈ ਬਨਾਰਸ ਕੁਨੈਕਸ਼ਨ !

ਏਜੰਸੀਆਂ

ਜਲੰਧਰ 6 ਅਪ੍ਰੈਲ। ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਸੁਸ਼ੀਲ ਰਿੰਕੂ ਅਤੇ ਵਿਧਾਇਕ ਸ਼ੀਤਲ ਅੰਗੁਰਾਲ ਨੂੰ ਭਾਜਪਾ ਵਿਚ ਲਿਆਉਣ ਅਤੇ ਉਨ੍ਹਾਂ ਨੂੰ ਕੇਂਦਰੀ ਸੁਰੱਖਿਆ ਅਤੇ ਹੋਰ ਸਹੂਲਤਾਂ ਦੇਣ ਦੇ ਪਿੱਛੇ ਬਨਾਰਸ ਦਾ ਕੁਨੈਕਸ਼ਨ ਮੰਨਿਆ ਜਾ ਰਿਹਾ ਹੈ। ਭਾਜਪਾ ਆਗੂਆਂ ਵਿਚ ਚਰਚਾ ਚੱਲ ਰਹੀ ਹੈ ਕਿ ਇਨ੍ਹਾਂ ਦੋਵਾਂ ਆਗੂਆਂ ਨੂੰ ਜਿਸ ਤੇਜੀ ਨਾਲ ਭਾਜਪਾ ਵਿਚ ਸ਼ਾਮਲ ਕੀਤਾ ਗਿਆ ਅਤੇ ਫਿਰ ਉਨ੍ਹਾਂ ਨੂੰ ਤੁਰੰਤ ਜਿਸ ਤਰ੍ਹਾਂ ਨਾਲ ਕੇਂਦਰੀ ਸੁਰੱਖਿਆ ਮੁਹੱਈਆ ਕਰਵਾ ਦਿੱਤੀ ਗਈ, ਉਸ ਤੋਂ ਇਕ ਗੱਲ ਸਿੱਧ ਹੋ ਗਈ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੰਸਦੀ ਹਲਕੇ ਵਾਰਾਨਸੀ (ਬਨਾਰਸ) ਨਾਲ ਇਸ ਦਾ ਕੁਝ ਨਾ ਕੁਝ ਕੁਨੈਕਸ਼ਨ ਜ਼ਰੂਰ ਜੁੜਿਆ ਹੋਇਆ ਹੈ। ਵਾਰਾਨਸੀ ਵਿਚ ਭਾਰੀ ਗਿਣਤੀ ਵਿਚ ਅਨੁਸੂਚਿਤ ਜਾਤੀ ਵੋਟ ਬੈਂਕ ਵਸਿਆ ਹੋਇਆ ਹੈ। ਪੰਜਾਬ ਦੇ ਵਧੇਰੇ ਅਨੁਸੂਚਿਤ ਭਾਈਚਾਰੇ ਦੇ ਲੋਕ ਹਰ ਸਾਲ ਬਨਾਰਸ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੇ ਮੰਦਿਰ 'ਚ ਸੀਸ ਨਿਵਾਉਣ ਜਾਂਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਵਾਰ ਵੀ ਵਾਰਾਨਸੀ ਸੰਸਦੀ ਹਲਕੇ ਤੋਂ ਚੋਣ ਲੜ ਰਹੇ ਹਨ। ਪ੍ਰਧਾਨ ਮੰਤਰੀ ਨੇ ਜੇ ਭਾਰੀ ਜਿੱਤ ਦਰਜ ਕਰਨੀ ਹੈ ਅਤੇ ਉਸ ਦੇ ਲਈ ਉਨ੍ਹਾਂ ਨੂੰ ਸਾਰੇ ਵਰਗਾਂ ਦੇ ਲੋਕਾਂ ਦਾ ਸਮਰਥਨ ਚਾਹੀਦਾ ਹੈ। ਹਾਲਾਂਕਿ ਪ੍ਰਧਾਨ ਮੰਤਰੀ ਦੀ ਜਿੱਤ ਵਿਚ ਕਿਸੇ ਨੂੰ ਵੀ ਸ਼ੱਕ ਨਹੀਂ



ਹੈ ਪਰ ਫਿਰ ਵੀ ਰਿਕਾਰਡ ਵੋਟਾਂ ਨਾਲ ਜਿੱਤਣ ਲਈ ਉਨ੍ਹਾਂ ਨੂੰ ਅਨੁਸੂਚਿਤ ਭਾਈਚਾਰੇ ਦਾ ਵੀ ਪੂਰਾ ਸਾਥ ਚਾਹੀਦਾ ਹੈ। ਪੰਜਾਬ ਦੇ ਦਲਿਤ ਭਾਈਚਾਰੇ ਦੇ ਲੋਕ ਕਿਉਂਕਿ ਕਾਸ਼ੀ-ਬਨਾਰਸ ਜਾਂਦੇ ਰਹਿੰਦੇ ਹਨ, ਇਸ ਲਈ ਦੋਵਾਂ ਦਲਿਤ ਆਗੂਆਂ ਨੂੰ ਭਾਜਪਾ ਵਿਚ ਲਿਆ ਕੇ ਉਨ੍ਹਾਂ ਅਨੁਸੂਚਿਤ ਭਾਈਚਾਰੇ ਦਾ ਦਿਲ ਜਿੱਤਣ ਦੀ ਕੋਸ਼ਿਸ਼ ਕੀਤੀ ਹੈ। ਇਸ ਨਾਲ ਪ੍ਰਧਾਨ ਮੰਤਰੀ ਨੂੰ ਆਪਣੇ ਸੰਸਦੀ ਹਲਕੇ ਵਿਚ ਵੀ ਲਾਭ ਮਿਲੇਗਾ। ਡੇਰਾ ਸੱਚਖੰਡ ਬੱਲਾਂ ਨਾਲ ਜੁੜੇ ਸ੍ਰੀ ਰਵਿਦਾਸੀਆ ਭਾਈਚਾਰੇ ਦੇ ਲੋਕਾਂ ਦਾ ਝੁਕਾਅ ਬਨਾਰਸ ਵਿਚ ਪ੍ਰਧਾਨ ਮੰਤਰੀ ਅਤੇ ਭਾਜਪਾ ਵੱਲ ਪੂਰੀ ਤਰ੍ਹਾਂ ਨਾਲ ਹੋ ਜਾਵੇਗਾ। ਰਿੰਕੂ ਅਤੇ ਸ਼ੀਤਲ ਅੰਗੁਰਾਲ ਵੀ ਡੇਰਾ ਸੱਚਖੰਡ ਬੱਲਾਂ ਵਿਚ ਅਕਸਰ ਨਤਮਸਤਕ ਹੁੰਦੇ ਰਹਿੰਦੇ ਹਨ। ਚੋਣਾਂ ਵਿਚ ਡੇਰਾ ਬੱਲਾਂ ਨੇ ਕਦੀ ਵੀ ਖੁੱਲ੍ਹ ਕੇ ਕਿਸੇ ਇਕ ਪਾਰਟੀ ਨੂੰ ਸਮਰਥਨ ਨਹੀਂ ਦਿੱਤਾ। ਡੇਰਾ ਆਪਣੇ-ਆਪ ਨੂੰ ਨਿਰਪੱਖ ਰੱਖਦਾ ਹੈ ਕਿਉਂਕਿ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂ ਮੱਥਾ ਟੇਕਣ ਲਈ ਇਥੇ ਆਉਂਦੇ ਹਨ। ਮੁੱਖ ਮੰਤਰੀ, ਮੰਤਰੀ ਅਤੇ ਹੋਰ ਆਗੂ ਵੀ ਵੱਖ-ਵੱਖ ਮਹਾਪੁਰਖਾਂ ਦੇ ਪ੍ਰੋਗਰਾਮਾਂ ਵਿਚ ਸਾਮਲ ਹੁੰਦੇ ਹਨ।

# 30 ਲੱਖ ਲਾ ਕੁੜੀ ਨੂੰ ਭੇਜਿਆ ਕੈਨੇਡਾ, ਪਤੀ ਨੂੰ ਲਿਜਾਣ ਤੋਂ ਕੀਤਾ ਮਨ੍ਹਾ, ਸਦਮੇ 'ਚ ਦਾਦੇ ਨੇ ਚੁੱਕ ਲਿਆ ਦਰਦਨਾਕ ਕਦਮ

ਏਜੰਸੀਆਂ

ਫਤਹਿਗੜ੍ਹ ਸਾਹਿਬ 6 ਅਪ੍ਰੈਲ। ਕੈਨੇਡਾ ਗਈ ਪਤਨੀ ਨੇ ਪਤੀ ਨੂੰ ਵਿਦੇਸ਼ ਬੁਲਾਉਣ ਤੋਂ ਇਨਕਾਰ ਕੀਤਾ ਤਾਂ ਲੜਕੇ ਦੇ ਦਾਦੇ ਵਲੋਂ ਨਹਿਰ 'ਚ ਛਾਲ





ਮਾਰ ਕੇ ਖੁਦਕੁਸ਼ੀ ਕਰ ਲਈ ਗਈ। ਇਸ ਸਬੰਧੀ ਵਿਦੇਸ਼ 'ਚ ਰਹਿੰਦੀ ਨੂੰਹ, ਉਸ ਦੇ ਮਾਤਾ-ਪਿਤਾ ਸਮੇਤ 6 ਵਿਅਕਤੀਆਂ ਖ਼ਿਲਾਫ ਥਾਣਾ ਸਰਹਿੰਦ ਪੁਲਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਥਾਣਾ ਸਰਹਿੰਦ ਦੇ ਸਹਾਇਕ ਥਾਣੇਦਾਰ ਜਸਵੀਰ ਸਿੰਘ ਨੇ ਦੱਸਿਆ ਕਿ ਦਵਿੰਦਰ ਸਿੰਘ ਪੁੱਤਰ ਸਵ. ਸੁੱਚਾ ਸਿੰਘ ਵਾਸੀ ਪਿੰਡ ਮੰਢੌਰ ਨੇ ਪੁਲਸ ਨੂੰ ਜਾਣਕਾਰੀ ਦਿੱਤੀ ਕਿ ਉਸ ਦੇ ਸਾਂਢੂ ਰਾਜਿੰਦਰ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਰਸੀਦਪੁਰ ਤਹਿਸੀਲ ਚਮਕੌਰ ਸਾਹਿਬ ਜ਼ਿਲਾ ਰੂਪਨਗਰ ਨੇ ਉਨ੍ਹਾ ਨੂੰ ਦੱਸਿਆ ਕਿ ਉਸ ਦੇ ਜਾਣਕਾਰ ਪਿਆਰਾ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਭਰਡੇ ਰੋਡ ਚਮਕੌਰ ਸਾਹਿਬ ਦੀ ਦੋਹਤੀ ਹਰਸਿਮਰਨ ਕੌਰ ਪੁੱਤਰੀ ਤਰਲੋਚਨ ਸਿੰਘ ਵਾਸੀ ਪਿੰਡ ਖਿਜਰਾਬਾਦ ਤਹਿਸੀਲ ਖਰੜ ਜ਼ਿਲਾ ਮੋਹਾਲੀ ਨੇ ਆਈਲੇਟਸ ਕਰ ਬੈਂਡ ਹਾਸਲ ਕੀਤੇ ਹਨ, ਜੋ ਕਿ ਕੈਨੇਡਾ ਜਾਣਾ ਚਾਹੁੰਦੀ ਹੈ ਪਰ ਉਨ੍ਹਾਂ ਕੋਲ ਕੈਨੇਡਾ ਜਾਣ ਲਈ ਪੈਸੇ ਨਹੀਂ ਹਨ। ਜੇਕਰ ਉਹ ਕੈਨੇਡਾ ਜਾਣ ਦਾ ਖਰਚਾ ਕਰਨਗੇ ਤਾਂ ਹਰਸਿਮਰਨ ਕੌਰ ਉਨ੍ਹਾਂ ਦੇ ਘਰ ਦੀ ਨੂੰਹ ਬਣ ਸਕਦੀ ਹੈ। ਫਿਰ ਰਾਜਿੰਦਰ ਸਿੰਘ ਨੇ ਹਰਸਿਮਰਨ ਕੌਰ ਦੀ ਮਾਤਾ ਕਰਮਜੀਤ ਕੌਰ, ਪਿਤਾ ਤਰਲੋਚਨ ਸਿੰਘ, ਚਾਚਾ ਗੁਰਪ੍ਰੀਤ ਸਿੰਘ ਪੁੱਤਰ ਕਾਕਾ ਸਿੰਘ, ਪਿਆਰਾ ਸਿੰਘ ਪੁੱਤਰ ਕਰਤਾਰ ਸਿੰਘ, ਕੁਲਵਿੰਦਰ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਪਿੰਡ ਮਾਜਰੀ ਠੇਕੇਦਾਰਾ ਜ਼ਿਲਾ ਰੂਪਨਗਰ ਨਾਲ ਰਿਸ਼ਤਾ ਕਰਨ ਸਬੰਧੀ ਗੱਲਬਾਤ ਕਰਵਾ ਦਿੱਤੀ। ਇਸ ਤੋਂ ਬਾਅਦ ਉਸ ਦੇ ਭਰਾ ਹਰਦੀਪ ਸਿੰਘ ਦੇ ਪੁੱਤਰ ਜਸ਼ਨਪ੍ਰੀਤ ਸਿੰਘ ਦਾ ਵਿਆਹ ਹਰਸਿਮਰਨ ਕੌਰ ਨਾਲ 17 ਜੁਲਾਈ, 2023 ਨੂੰ ਕਰ ਦਿੱਤਾ ਸੀ। ਉਸ ਤੋਂ ਬਾਅਦ ਹਰਸਿਮਰਨ ਕੌਰ ਨੂੰ ਪ੍ਰੇਮਜੀਤ ਕੌਰ ਵਲੋਂ 30 ਲੱਖ ਰੁਪਏ ਖਰਚ ਕੇ ਕੈਨੇਡਾ ਭੇਜ ਦਿੱਤਾ ਗਿਆ ਪਰ ਵਿਦੇਸ਼ ਜਾ ਕੇ ਹਰਸਿਮਰਨ ਕੌਰ ਨੇ ਸਾਡੇ ਪਰਿਵਾਰ ਨਾਲੋਂ ਸੰਪਰਕ ਤੋੜ ਦਿੱਤਾ। ਫਿਰ ਹਰਸਿਮਰਨ ਕੌਰ ਦੇ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਸਾਡੀ ਲੜਕੀ ਤੁਹਾਡੇ ਲੜਕੇ ਨੂੰ ਵਿਦੇਸ਼ ਨਹੀਂ ਲੈ ਕੇ ਜਾਵੇਗੀ, ਜਿਸ ਕਰਕੇ ਸੁੱਚਾ ਸਿੰਘ ਪ੍ਰੇਸ਼ਾਨ ਰਹਿਣ ਲੱਗ ਪਏ ਤੇ ਕਹਿਣ ਲੱਗ ਪਏ ਕਿ ਹਰਸਿਮਰਨ ਕੌਰ ਦੇ ਪਰਿਵਾਰਕ ਮੈਂਬਰਾ ਨੇ ਸਾਡੇ ਨਾਲ ਧੋਖਾ ਕੀਤਾ ਹੈ। ਫਿਰ ਉਸ ਦੇ ਪਿਤਾ ਸੁੱਚਾ ਸਿੰਘ ਨੇ ਬੀਤੇ ਦਿਨੀਂ ਨਹਿਰ 'ਚ ਛਾਲ ਮਾਰ ਦਿੱਤੀ। ਉਸ ਦੇ ਪਿਤਾ ਸੁੱਚਾ ਸਿੰਘ ਦੀ ਲਾਸ਼ ਭਾਖੜਾ ਨਹਿਰ ਨਰਵਾਨਾ ਬ੍ਰਾਂਚ ਨੇੜੇ ਪੁਲ ਨਹਿਰ ਜੈਨਗਰ ਤਹਿਸੀਲ ਰਾਜਪੁਰਾ ਜ਼ਿਲਾ ਪਟਿਆਲਾ ਤੋਂ ਮਿਲ ਗਈ ਹੈ। ਦਵਿੰਦਰ ਸਿੰਘ ਦੇ ਬਿਆਨਾਂ 'ਤੇ ਲੜਕੀ ਹਰਸਿਮਰਨ ਕੌਰ, ਮਾਤਾ ਕਰਮਜੀਤ ਕੌਰ, ਪਿਤਾ ਤਰਲੋਚਨ ਸਿੰਘ, ਚਾਚਾ ਗੁਰਪ੍ਰੀਤ ਸਿੰਘ, ਪਿਆਰਾ ਸਿੰਘ ਤੇ ਕੁਲਵਿੰਦਰ ਸਿੰਘ ਖ਼ਿਲਾਫ ਆਈ. ਪੀ. ਸੀ. ਦੀ ਧਾਰਾ 306 ਤੇ 120 ਬੀ ਤਹਿਤ ਥਾਣਾ ਸਰਹਿੰਦ ਵਿਖੇ ਮਾਮਲਾ ਦਰਜ ਕਰ ਲਿਆ ਹੈ। ਮ੍ਰਿਤਕ ਸੁੱਚਾ ਸਿੰਘ ਦੀ ਲਾਸ਼ ਦਾ ਸਿਵਲ ਹਸਪਤਾਲ ਪੋਸਟਮਾਰਟਮ ਕਰਵਾ ਕੇ ਵਾਰਸਾਂ ਹਵਾਲੇ ਕਰ ਦਿੱਤੀ ਹੈ।

## 72 ਘੰਟੇ ਬੀਤਣ ਮਗਰੋਂ ਵੀ ਪ੍ਰਵਾਸੀ ਨੂੰ ਗੋਲੀ ਮਾਰਨ ਵਾਲੇ ਲੁਟੇਰਿਆਂ ਦਾ ਕੋਈ ਸੁਰਾਗ ਨਹੀਂ, ਜਾਂਚ ਜਾਰੀ

ਜਲੰਧਰ 6 ਅਪ੍ਰੈਲ। ਛੋਟਾ ਸਈਪੁਰ ਵਿਚ 30 ਅਪ੍ਰੈਲ ਦੀ ਅੱਧੀ ਰਾਤ ਨੂੰ ਕੰਮ ਤੋਂ ਘਰ ਪਰਤ ਰਹੇ ਪ੍ਰਵਾਸੀ ਨੂੰ ਗੋਲੀ ਮਾਰਨ ਵਾਲੇ ਲੁਟੇਰਿਆਂ ਦਾ ਕੋਈ ਸੁਰਾਗ ਨਹੀਂ ਮਿਲ ਸਕਿਆ। ਹੁਣ ਤਕ ਪੁਲਸ ਨੇ ਜਿੰਨੇ ਵੀ ਸੀ. ਸੀ. ਟੀ. ਵੀ. ਚੈੱਕ ਕੀਤੇ ਹਨ, ਉਨ੍ਹਾਂ ਵਿਚੋਂ ਵਧੇਰੇ ਸੀ. ਸੀ. ਟੀ. ਵੀ. ਬਿਜਲੀ ਨਾ ਹੋਣ ਕਾਰਨ ਬੰਦ ਸਨ, ਜਦਕਿ ਲੁਟੇਰਿਆਂ ਦੀ ਕੋਈ ਹੋਰ ਸੀ. ਸੀ. ਟੀ. ਵੀ. ਫੁਟੇਜ ਪੁਲਸ ਦੇ ਹੱਥ ਨਹੀਂ ਲੱਗ ਸਕੀ। ਥਾਣਾ ਨੰਬਰ 8 ਦੇ ਏ. ਐੱਸ. ਆਈ. ਸੰਜੇ ਨੇ ਦੱਸਿਆ ਕਿ ਇਸ ਮਾਮਲੇ ਨੂੰ ਟਰੇਸ ਕਰਨ ਵਿਚ ਪੁਲਸ ਲੱਗੀ ਹੋਈ ਹੈ। ਪੀੜਤ ਗੁਲਸ਼ਨ ਦੀ ਹਾਲਤ ਵਿਚ ਪਹਿਲਾਂ ਤੋਂ ਸੁਧਾਰ ਹੈ। ਪੁਲਸ ਦੀ ਮੰਨੀਏ ਤਾਂ ਜਮਾਨਤ 'ਤੇ ਆਏ ਲੁਟੇਰਿਆਂ ਦੀ ਲਿਸਟ ਵੀ ਚੈੱਕ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਜਾਂਚ ਵਿਚ ਸ਼ਾਮਲ ਕਰਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਸੂਤਰਾਂ ਦੀ ਮੰਨੀਏ ਤਾਂ ਪੁਲਸ ਇਨ੍ਹਾਂ ਲੁਟੇਰਿਆਂ ਵੱਲੋਂ ਪਹਿਲਾਂ ਕੀਤੀਆਂ ਵਾਰਦਾਤਾਂ ਦੀਆਂ ਸ਼ਿਕਾਇਤਾਂ ਵੀ ਘੋਖ ਰਹੀ ਹੈ ਤਾਂ ਕਿ ਲੁਟੇਰਿਆਂ ਦਾ ਕੋਈ ਸੁਰਾਗ ਮਿਲ ਸਕੇ। ਜ਼ਿਕਰਯੋਗ ਹੈ ਕਿ 30 ਮਾਰਚ ਨੂੰ ਦੇਰ ਰਾਤ 12.10 ਵਜੇ ਮੂਲ ਰੂਪ ਤੋਂ ਬਿਹਾਰ ਦਾ ਰਹਿਣ ਵਾਲਾ ਗੁਲਸ਼ਨ ਆਪਣੇ ਦੋਸਤ ਸੂਰਜ ਨਾਲ ਫੈਕਟਰੀ ਵਿਚ ਓਵਰਟਾਈਮ ਲਾ ਕੇ ਛੋਟਾ ਸਈਪੁਰ ਸਥਿਤ ਆਪਣੇ ਕਮਰੇ ਵਿਚ ਵਾਪਸ ਮੁੜ ਰਿਹਾ ਸੀ। ਜਿਉਂ ਹੀ ਉਹ ਦੋਵੇਂ ਛੋਟਾ ਸਈਪੁਰ ਵਿਚ ਗੰਨਿਆਂ ਦੇ ਖੇਤਾਂ ਨਜਦੀਕ ਪੁੱਜੇ ਤਾਂ ਬਾਈਕ 'ਤੇ ਆਏ ਲੁਟੇਰਿਆਂ ਨੇ ਉਨ੍ਹਾਂ ਨੂੰ ਰੋਕ ਕੇ ਪਿਸਤੌਲ ਤਾਣ ਦਿੱਤੀ ਅਤੇ ਪੈਸਿਆਂ ਦੀ ਮੰਗ ਕਰਨ ਲੱਗੇ। ਗੁਲਸ਼ਨ ਨੇ ਜਦੋਂ ਲੁਟੇਰਿਆਂ ਦਾ ਵਿਰੋਧ ਕਰਨਾ ਚਾਹਿਆ ਤਾਂ ਪਿੱਛਿਓਂ ਹੋਰ ਪ੍ਰਵਾਸੀਆਂ ਨੂੰ ਆਉਂਦਾ ਵੇਖ ਕੇ ਇਕ ਲੁਟੇਰੇ ਨੇ ਗੁਲਸ਼ਨ ਦੇ ਢਿੱਡ ਵਿਚ ਗੋਲੀ ਮਾਰ ਦਿੱਤੀ ਅਤੇ ਫਰਾਰ ਹੋ ਗਏ। ਥਾਣਾ ਨੰਬਰ 8 ਦੀ ਪੁਲਸ ਨੇ ਸੂਰਜ ਦੇ ਬਿਆਨਾਂ 'ਤੇ ਅਣਪਛਾਤੇ ਲੁਟੇਰਿਆਂ ਖ਼ਿਲਾਫ ਵੱਖ-ਵੱਖ ਧਾਰਾਵਾਂ ਅਧੀਨ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਸੀ।

# ਸਿਆਸੀ ਪਾਰਟੀਆਂ ਆਦਰਸ਼ ਚੋਣ ਜ਼ਾਬਤੇ ਦਾ ਸਖਤੀ ਨਾਲ ਪਾਲਣ ਕਰਨ, ਨਹੀਂ ਤਾਂ ਲਿਆ ਜਾਵੇਗਾ ਵੱਡਾ ਐਕਸ਼ਨ

ਏਜੰਸੀਆਂ

ਜਲੰਧਰ 6 ਅਪ੍ਰੈਲ। ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਹਿਮਾਂਸ਼ੂ ਅਗਰਵਾਲ, ਪੁਲਸ ਕਮਿਸ਼ਨਰ ਸਵਪਨ ਸ਼ਰਮਾ ਅਤੇ ਐੱਸ. ਐੱਸ. ਪੀ. ਦਿਹਾਤੀ ਅੰਕੁਰ ਗੁਪਤਾ ਨੇ ਅੱਜ ਵੱਖ-ਵੱਖ ਸਿਆਸੀ ਪਾਰਟੀਆਂ ਨੂੰ ਭਰੋਸਾ ਦਿੱਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੂਰੀ ਚੋਣ ਪ੍ਰਕਿਰਿਆ ਆਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਆਯੋਜਿਤ ਕੀਤੀ ਜਾਵੇਗੀ ਅਤੇ ਸਾਰੇ ਉਮੀਦਵਾਰਾਂ ਨੂੰ ਇਕ ਸਮਾਨ ਮਾਹੌਲ ਮੁਹੱਈਆ ਕੀਤਾ ਜਾਵੇਗਾ। ਜ਼ਿਲ੍ਹਾ ਚੋਣ ਅਧਿਕਾਰੀ ਨੇ ਜ਼ਿਲ੍ਹਾ ਪ੍ਰਸ਼ਾਸਨਿਕ ਕੰਪਲੈਕਸ ਵਿਚ ਸਿਆਸੀ ਪਾਰਟੀਆਂ ਦੇ ਪ੍ਰਤੀਨਿਧੀਆਂ ਨਾਲ ਮੀਟਿੰਗ ਦੌਰਾਨ ਉਨ੍ਹਾਂ ਨੂੰ ਆਦਰਸ਼ ਚੋਣ ਜ਼ਾਬਤੇ ਦਾ ਸਖਤੀ ਨਾਲ ਪਾਲਣ ਕਰਨ ਅਤੇ ਲੋਕ ਸਭਾ ਚੋਣਾਂ ਦੇ ਸਫਲ ਸੰਚਾਲਨ ਲਈ ਪੂਰਾ ਸਮਰਥਨ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਿਆਸੀ ਪਾਰਟੀਆਂ ਦੀ ਸਹੂਲਤ ਲਈ 19 ਵੱਖ-ਵੱਖ ਤਰ੍ਹਾਂ ਦੀਆਂ ਮਨਜ਼ੂਰੀਆਂ ਦੇਣ ਲਈ ਜ਼ਿਲਾ ਅਤੇ ਵਿਧਾਨ ਸਭਾ ਪੱਧਰ 'ਤੇ ਪਰਮਿਸ਼ਨ ਸੈੱਲ ਸਥਾਪਤ ਕੀਤੇ ਗਏ ਹਨ। ਬਿਨਾਂ ਇਜਾਜਤ ਕਿਸੇ ਵੀ ਸਿਆਸੀ ਇਕੱਠ, ਲਾਊਡ ਸਪੀਕਰ ਆਦਿ ਦੀ ਵਰਤੋਂ 'ਤੇ ਸਖਤ ਕਾਰਵਾਈ ਕੀਤੀ ਜਾਵੇਗੀ। ਲੋਕ ਸਭਾ ਚੋਣਾਂ ਦੌਰਾਨ ਸਿਆਸੀ ਪਾਰਟੀਆਂ ਅਤੇ ਉਮੀਦਵਾਰਾਂ ਨੂੰ ਰੈਲੀਆਂ,




ਪ੍ਰੋਗਰਾਮ ਕਰਵਾਉਣ, ਚੋਣ ਦਫਤਰ ਸਥਾਪਤ ਕਰਨ, ਮੀਟਿੰਗ ਕਰਨ, ਹੈਲੀਕਾਪਟਰ ਆਦਿ ਦੀ ਵਰਤੋਂ ਕਰਨ ਦੀ ਮਨਜ਼ੂਰੀ ਸ਼ਾਮਲ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮਨਜ਼ੂਰੀ ਲਈ ਆਨਲਾਈਨ ਅਤੇ ਆਫਲਾਈਨ ਬਿਨੈ-ਪੱਤਰ ਕ੍ਰਮ ਅਨੁਸਾਰ 48 ਘੰਟੇ ਅਤੇ 24 ਘੰਟੇ ਤੋਂ ਪਹਿਲਾਂ ਜਮ੍ਹਾ ਕਰਵਾਉਣਾ ਜ਼ਰੂਰੀ ਹੈ। ਇਸ ਦੇ ਇਲਾਵਾ ਟੋਲ ਫ੍ਰੀ ਨੰਬਰ 1950 'ਤੇ ਵੀ ਜਾਣਕਾਰੀ ਮੰਗੀ ਜਾ ਸਕਦੀ ਹੈ। ਪੁਲਸ ਕਮਿਸ਼ਨਰ ਅਤੇ ਐੱਸ. ਐੱਸ. ਪੀ. ਜਲੰਧਰ (ਦਿਹਾਤੀ) ਅੰਕੁਰ ਗੁਪਤਾ ਨੇ ਕਿਹਾ ਕਿ ਆਦਰਸ਼ ਚੋਣ ਪ੍ਰਚਾਰ ਦੌਰਾਨ 50,000 ਤੋਂ ਵੱਧ ਨਕਦੀ ਨਾਲ ਲੈ ਕੇ ਨਾ ਚੱਲਣ ਅਤੇ ਜ਼ਿਆਦਾ ਰਕਮ ਪਾਏ ਜਾਣ 'ਤੇ ਜ਼ਿੰਮੇਵਾਰ ਵਿਅਕਤੀ ਖ਼ਿਲਾਫ ਬਣਦੀ ਕਾਰਵਾਈ ਹੋਵੇਗੀ। ਉਨ੍ਹਾਂ ਕਿਹਾ ਕਿ ਭੱਦੀ ਭਾਸ਼ਾ, ਆਦਰਸ਼ ਚੋਣ ਜ਼ਾਬਤੇ ਦੇ ਉਲੰਘਣ, ਭ੍ਰਿਸ਼ਟ ਕੰਮਾਂ ਆਦਿ ਦੇ ਖ਼ਿਲਾਫ ਪੁਲਸ ਵੱਲੋਂ ਤੁਰੰਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਚੋਣ ਪ੍ਰਚਾਰ ਲਈ ਧਾਰਮਿਕ ਸਥਾਨਾਂ ਦੀ ਵਰਤੋਂ ਨਾ ਕਰਨ ਦੀ ਵੀ ਅਪੀਲ ਕੀਤੀ। ਮੀਟਿੰਗ ਵਿਚ ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਭਾਜਪਾ, ਬਸਪਾ, ਆਮ ਆਦਮੀ ਪਾਰਟੀ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਪ੍ਰਤੀਨਿਧੀ ਵੀ ਮੌਜੂਦ ਸਨ। ਇਸ ਮੌਕੇ ਐਡੀਸ਼ਨਲ ਡਿਪਟੀ ਕਮਿਸ਼ਨਰ (ਜਨਰਲ) ਮੇਜਰ ਡਾ. ਅਮਿਤ ਮਹਾਜਨ, ਐਡੀਸ਼ਨਲ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ ਅਤੇ ਲਖਵਿੰਦਰ ਸਿੰਘ ਅਤੇ ਸਾਰੇ 9 ਵਿਧਾਨ ਸਭਾ ਹਲਕਿਆਂ ਦੇ ਸਹਾਇਕ ਰਿਟਰਨਿੰਗ ਅਧਿਕਾਰੀ ਵੀ ਹਾਜਰ ਸਨ।

# ਗਾਇਕ ਨੂੰ 6 ਮਹੀਨਿਆਂ 'ਚ 500 ਤੋਂ ਵੱਧ ਨੰਬਰਾਂ ਤੋਂ ਮਿਲੀ ਜਾਨੋਂ ਮਾਰਨ ਦੀ ਧਮਕੀ

ਸਰਦੂਲ ਸਿੰਘ

ਜਲੰਧਰ 6 ਅਪ੍ਰੈਲ। 6 ਮਹੀਨਿਆਂ ਤੋਂ ਮਿਲ ਰਹੀਆਂ ਜਾਨੋਂ ਮਾਰਨ ਦੀਆਂ ਧਮਕੀਆਂ ਤੋਂ ਖਫਾ ਗਾਇਕ, ਗੀਤਕਾਰ ਤੇ ਸੰਗੀਤਕਾਰ ਵਿਜੇ ਕੁਮਾਰ ਝੱਮਟ ਨੇ ਮੁੱਖ ਮੰਤਰੀ ਭਗਵੰਤ ਮਾਨ ਤੇ ਡੀ. ਜੀ. ਪੀ. ਗੌਰਵ ਯਾਦਵ ਕੋਲੋਂ ਮੰਗ ਕੀਤੀ ਹੈ ਕਿ ਪੁਲਸ ਨੂੰ ਸ਼ਿਕਾਇਤ ਦਿੱਤੀ ਨੂੰ ਇੰਨਾ ਸਮਾਂ ਬੀਤ ਚੁੱਕਾ ਹੈ ਪਰ ਅਜੇ ਤਕ ਮੁਲਜਮ ਦਾ ਕੋਈ ਥਹੁ-ਪਤਾ ਨਹੀਂ ਲੱਗ ਸਕਿਆ ਹੈ, ਲੱਗਦਾ ਹੈ ਕਿ ਜਲੰਧਰ ਪੁਲਸ ਧਮਕੀਆਂ ਦੇਣ ਤੇ ਫਿਰੌਤੀ ਮੰਗਣ ਵਾਲਿਆਂ ਅੱਗੇ ਬੇਵੱਸ ਹੈ, ਇਸ ਲਈ ਤੁਸੀਂ ਮੈਨੂੰ ਬਚਾ ਲਓ। ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦਿਆਂ ਪੀੜਤ ਵਿਜੇ ਕੁਮਾਰ ਝੱਮਟ ਨੇ ਦੱਸਿਆ ਕਿ ਉਸ ਨੂੰ ਪਿਛਲੇ ਲਗਭਗ 6 ਮਹੀਨਿਆਂ ਤੋਂ ਕਿਸੇ ਅਣਪਛਾਤੇ ਵਿਅਕਤੀ ਵਲੋਂ ਫੋਨ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਇਸ ਸਬੰਧੀ ਪੁਲਸ ਨੂੰ ਲਿਖਤੀ ਸ਼ਿਕਾਇਤ ਵੀ ਦਿੱਤੀ ਗਈ ਹੈ ਪਰ ਪੁਲਸ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਉਥੇ ਮੁਲਜਮ ਵਲੋਂ ਲਗਾਤਾਰ ਫੋਨ 'ਤੇ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਜਿਸ ਕਾਰਨ ਉਹ ਤੇ ਉਸ ਦਾ ਪਰਿਵਾਰ ਬਹੁਤ ਬੁਰੇ ਹਾਲਾਤ 'ਚੋਂ ਗੁਜਰ ਰਿਹਾ ਹੈ। ਵਿਜੇ ਕੁਮਾਰ ਝੱਮਟ ਨੇ ਦੱਸਿਆ ਕਿ ਮੁਲਜਮ ਨੇ ਹੱਦ ਤਾਂ ਉਦੋਂ ਕਰ ਦਿੱਤੀ, ਜਦੋਂ ਉਸ ਦੀ ਪਤਨੀ ਦੇ ਮੋਬਾਇਲ ਨੰਬਰ 'ਤੇ ਵੀ ਫੋਨ ਕਰਕੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਲੱਗਾ ਤੇ ਮੁਲਜਮ ਹੁਣ ਉਸ ਦੀ ਪਤਨੀ ਨੂੰ ਵੀ ਫਿਰੌਤੀ ਦੇ ਮਾਮਲੇ 'ਚ ਤੰਗ-ਪ੍ਰੇਸਾਨ ਕਰ ਰਿਹਾ ਹੈ। ਵਿਜੇ ਕੁਮਾਰ ਨੇ ਦੱਸਿਆ ਕਿ ਉਸ ਨੇ ਮੁਲਜਮ ਖ਼ਿਲਾਫ ਪੁਲਸ ਕਮਿਸਨਰ ਜਲੰਧਰ ਨੂੰ 7 ਜੁਲਾਈ, 2023 ਨੂੰ ਲਿਖਤੀ ਸ਼ਿਕਾਇਤ ਵੀ ਦਿੱਤੀ। ਕਮਿਸਨਰ ਨੇ ਥਾਣਾ ਸੂਰਿਆ ਇਨਕਲੇਵ ਨੂੰ ਸ਼ਿਕਾਇਤ ਮਾਰਕ ਕਰ ਦਿੱਤੀ ਤੇ ਪੀੜਤ ਨੂੰ ਇਨਸਾਫ ਦੇਣ ਦਾ ਭਰੋਸਾ ਵੀ ਦਿੱਤਾ। ਹੁਣ ਸ਼ਿਕਾਇਤ ਦਿੱਤੀ ਨੂੰ ਲਗਭਗ 6 ਮਹੀਨੇ ਤੋਂ ਜ਼ਿਆਦਾ ਸਮਾਂ ਹੋ ਚੁੱਕਾ ਹੈ ਤੇ ਪੁਲਸ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਮੁਲਜਮ ਵਲੋਂ ਜਿਹੜੇ ਮੋਬਾਇਲ ਨੰਬਰਾਂ ਤੋਂ ਵਾਰ-ਵਾਰ ਫੋਨ ਆ ਰਹੇ ਹਨ, ਉਸ ਦੀ ਲਿਸਟ ਉਸ ਨੇ ਪੁਲਸ ਨੂੰ ਵੀ ਦਿੱਤੀ ਹੈ। ਪੀੜਤ ਐੱਮ. ਐੱਸ. ਰਿਕਾਰਡ ਦੇ ਮਾਲਕ ਵਿਜੇ ਕੁਮਾਰ ਝੱਮਟ ਨੇ ਦੱਸਿਆ ਕਿ ਪੁਲਸ ਨੂੰ ਲਿਖਤੀ ਸ਼ਿਕਾਇਤ ਦੇਣ ਦੇ ਬਾਵਜੂਦ ਕਾਲ ਕਰਨ ਵਾਲੇ ਮੁਲਜਮ ਹੁਣ ਤੱਕ ਉਸ ਨੂੰ ਤੇ ਉਸ ਦੀ ਪਤਨੀ ਨੂੰ 500 ਤੋਂ ਜ਼ਿਆਦਾ ਵੱਖ-ਵੱਖ ਫੋਨ ਨੰਬਰਾਂ ਤੋਂ ਫੋਨ ਕਰ ਚੁੱਕਾ ਹੈ ਤੇ ਲਗਾਤਾਰ ਜਾਨੋਂ ਮਾਰਨ ਦੀਆਂ




ਧਮਕੀਆਂ ਦੇ ਰਿਹਾ ਹੈ। ਪੀੜਤ ਨੇ ਕਿਹਾ ਕਿ ਜਦੋਂ ਉਹ ਦੁਬਾਰਾ ਮੁੜ ਉਕਤ ਨੰਬਰਾਂ 'ਤੇ ਕਾਲ ਕਰਦਾ ਹੈ ਤਾਂ ਉਹ ਨੰਬਰ ਬਿਜੀ ਆ ਰਹੇ ਹੁੰਦੇ ਹਨ ਜਾਂ ਫਿਰ ਬੰਦ। ਹੁਣ ਇਥੇ ਵੱਡਾ ਸਵਾਲ ਇਹ ਵੀ ਹੈ ਕਿ ਆਖਿਰ ਮੁਲਜਮ ਕਿਹੜੇ ਸਾਫਟਵੇਅਰ ਦੀ ਵਰਤੋਂ ਕਰ ਰਿਹਾ ਹੈ। ਮੁਲਜਮ ਉਕਤ ਸਾਫਟਵੇਅਰ ਰਾਹੀਂ ਹਰ ਵਾਰ ਵੱਖ-ਵੱਖ ਨੰਬਰਾਂ ਤੋਂ ਕਾਲਾਂ ਲਗਾ ਰਿਹਾ ਹੈ ਤੇ ਧਮਕੀਆਂ ਦੇ ਰਿਹਾ ਹੈ। ਮੁਲਜਮ ਵਲੋਂ ਵਰਤੇ ਜਾ ਰਹੇ ਸਾਫਟਵੇਅਰ ਬਾਰੇ ਪਤਾ ਲਗਾਉਣ ਲਈ ਪੁਲਸ ਨਾਕਾਮ ਸਾਬਿਤ ਹੋ ਰਹੀ ਹੈ। ਪੁਲਸ ਨੂੰ ਉਕਤ ਸਾਫਟਵੇਅਰ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੋ ਰਹੀ। ਉਥੇ ਮੁਲਜਮ ਬੇ-ਝਿਜਕ ਤੇ ਬੇਖੌਫ ਪੀੜਤ ਨੂੰ ਕਾਲਾਂ ਕਰਕੇ ਧਮਕੀਆਂ ਦੇ ਰਿਹਾ ਹੈ। ਹੁਣ ਇਥੇ ਹੈਰਾਨੀ ਵਾਲੀ ਗੱਲ ਇਹ ਹੈ ਕਿ ਪੀੜਤ ਵਲੋਂ ਪੁਲਸ ਕਮਿਸਨਰ ਜਲੰਧਰ ਨੂੰ ਲਿਖਤੀ ਸ਼ਿਕਾਇਤ ਦਿੱਤੀ ਗਈ, ਜੋ ਸਬੰਧਤ ਥਾਣਾ ਨੂੰ ਮਾਰਕ ਕੀਤੀ ਗਈ। ਇਸ ਨੂੰ 6 ਮਹੀਨੇ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ ਪਰ ਪੁਲਸ ਵਲੋਂ ਕਮਿਸਨਰ ਪੁਲਸ ਵਲੋਂ ਮਾਰਕ ਕੀਤੀ ਸ਼ਿਕਾਇਤ ਨੂੰ ਹਲਕੇ 'ਚ ਲਿਆ ਜਾ ਰਿਹਾ ਹੈ। ਪੁਲਸ ਵਲੋਂ ਕਾਨੂੰਨ ਦੀਆਂ ਧੱਜੀਆਂ ਉਡਾਉਂਦਿਆਂ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਪੀੜਤ ਨੇ ਕਿਹਾ ਕਿ ਲੋਕਾਂ ਦੀ ਸੁਰੱਖਿਆ ਦੇ ਵੱਡੇ-ਵੱਡੇ ਦਾਅਵੇ ਕਰਨ ਵਾਲੀ ਪੁਲਸ 6 ਮਹੀਨੇ ਬੀਤਣ 'ਤੇ ਮੁਲਜਮ ਦਾ ਪਤਾ ਨਹੀਂ ਲਗਾ ਸਕੀ ਹੈ। ਪੀੜ੍ਹਤ ਪਰਿਵਾਰ ਦੇ ਮੈਂਬਰਾਂ ਨੇ ਕਿਹਾ ਕਿ ਅਣਪਛਾਤੇ ਕਾਲਰ ਵਲੋਂ ਧਮਕੀਆਂ ਦਿੰਦੇ ਨੂੰ ਪੂਰੇ 6 ਮਹੀਨੇ ਤੋਂ ਵੱਧ ਸਮਾਂ ਹੋ ਚੁੱਕਾ ਹੈ ਪਰ ਪੁਲਸ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਉਨ੍ਹਾਂ ਕਿਹਾ ਕਿ ਜੇਕਰ ਅਜਿਹੀਆਂ ਪੈਸੇ ਮੰਗਣ ਤੇ ਧਮਕੀਆਂ ਵਾਲੀਆਂ ਕਾਲਾਂ ਕਿਸੇ ਸਿਆਸੀ ਲੀਡਰ ਜਾਂ ਕਿਸੇ ਸੀਨੀਅਰ ਪੁਲਸ ਅਧਿਕਾਰੀ ਜਾਂ ਉਨ੍ਹਾਂ ਦੇ ਪਰਿਵਾਰ ਨੂੰ ਆਈਆਂ ਹੁੰਦੀਆਂ ਤਾਂ ਪੁਲਸ ਅਜਿਹੀ ਕਾਰਵਾਈ ਕਰਦੀ? ਉਨ੍ਹਾਂ ਕਿਹਾ ਕਿ ਜੇਕਰ ਕਿਸੇ ਸਿਆਸੀ ਲੀਡਰ ਜਾਂ ਪੁਲਸ ਦੇ ਉੱਚ ਅਧਿਕਾਰੀ ਦੇ ਪਰਿਵਾਰ ਨੂੰ ਅਜਿਹੀਆਂ ਕਾਲਾਂ ਆਉਂਦੀਆਂ ਵੀ ਹਨ ਤਾਂ ਉਨ੍ਹਾਂ ਦੀ ਕਾਰਵਾਈ 'ਚ ਸਾਰਾ ਪੁਲਸ ਮਹਿਕਮਾ ਲਗਾ ਦਿੱਤਾ ਜਾਂਦਾ ਹੈ ਤੇ ਉਨ੍ਹਾਂ ਦਾ ਇਲਾਕਾ ਪੁਲਸ ਛਾਉਣੀ 'ਚ ਤਬਦੀਲ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਗਰੀਬਾਂ ਨਾਲ ਹਮੇਸਾ ਧੱਕਾ ਹੀ ਹੁੰਦਾ ਹੈ ਕਿਉਂਕਿ ਉਨ੍ਹਾਂ ਦੀ ਥਾਣਿਆਂ 'ਚ ਕੋਈ ਸੁਣਵਾਈ ਨਹੀਂ ਹੁੰਦੀ। ਉਨ੍ਹਾਂ ਮੰਗ ਕੀਤੀ ਕਿ ਮੁਲਜਮ ਦਾ ਪਤਾ ਲਗਾ ਕੇ ਉਸ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ।